੧੮. {ਤੱਤ ਖਾਲਸੇ ਦੀ ਚਿੱਠੀ ਤਰ ਆਈ, ਬੰਦਈਆਂ ਤੇ ਤੱਤ ਖਾਲਸੇ ਦਾ ਜੰਗ}

੧੯. {ਤੱਤ ਖਾਲਸੇ ਤੇ ਬੰਦਈਆਂ ਦੇ ਜੰਗ, ਤੁਰਕਾਂ ਦਾ ਪੰਥ ਨਾਲ ਦਗਾ ਫ਼ਰੇਬ, ਪੰਥ ਦਾ ਪਛੁਤਾਉਣਾ}

੨੦. {ਪੰਥ ਅਤੇ ਤੁਰਕਾਂ ਦਾ ਵੈਰ ਵਧਣਾ}

੨੧. {ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ}

੨੨. {ਘਣੀਏ ਤੇ ਚਮੁੰਡੇ ਆਦਿ ਪਿੰਡਾਂ ਦੇ ਜੰਗ, ਮੁਲਕ ਦੀ ਤਬਾਹੀ}

੨੩. {ਸਿੰਘਾਂ ਨੇ ਸ਼ਾਹੀ ਖਜ਼ਾਨਾ ਲੁੱਟਣਾ, ਸੂਬੇ ਤੇ ਪੰਥ ਦੀ ਬਹਿਸ}

੨੪. {ਦੀਨੀਆਂ ਦਾ ਸਿੰਘਾਂ ਨਾਲ ਜੰਗ, ਪੰਥ ਦੀ ਫਤਹ}

੨੫. {ਨਵਾਬ ਨੇ ਬਾਦਸ਼ਾਹ ਵਲ ਅਰਜ਼ੀ ਅਤੇ ਪੰਥ ਵਲ ਨਵਾਬੀ ਦੀ ਖ਼ਿੱਲਤ ਭੇਜਣੀ, ਪੰਥ ਨੇ ਕਪੂਰ ਸਿੰਘ ਨੂੰ ਨਵਾਬੀ ਬਖ਼ਸ਼ਣੀ}

੨੬. {ਸੂਬੇ ਲਾਹੌਰ ਦੀ ਅਰਜ਼ੀ ਪੜ੍ਹ ਕੇ ਦਿੱਲੀ ਦੇ ਬਾਦਸ਼ਾਹ ਨੇ ਸਿੰਘਾਂ ਦੀ ਨਕਲ ਦੇਖਣੀ ਤੇ ਸਿੰਘਾਂ ਨਾਲ ਸੁਲ੍ਹਾ ਕਰਨੀ}

੨੭. {ਪੰਥ ਦਾ ਅੰਮ੍ਰਿਤਸਰ ਠਹਿਰਨਾ, ਸਿੰਘਾਂ ਦੇ ਜੱਥੇ ਬਣਾਉਣੇ}

੨੮. {ਤੁਰਕਾਂ ਤੇ ਸਿੰਘਾਂ ਦਾ ਵਿਰੋਧ, ਪੰਥ ਦਾ ਮਾਲਵੇ ਵਿੱਚ ਠਹਿਰਨਾ ਅਤੇ ਸਰਹੰਦ ਲੁੱਟਣੀ}

੨੯. {ਭਾਈ ਮਨੀ ਸਿੰਘ ਜੀ ਦੀ ਕਥਾ}

੩੦. {ਅਹਿਮਦ ਸ਼ਾਹ ਦੁਰਾਨੀ ਦਾ ਆਉਣਾ}

੩੧. {ਸਿੰਘਾਂ ਉੱਪਰ ਜ਼ੁਲਮ, ਸਿੰਘਾਂ ਦਾ ਵਿਦੇਸ਼ਾਂ ਵਿੱਚ ਜਾਣਾ, ਮਤਾਬ ਸਿੰਘ ਨੇ ਮੱਸੇ ਰੰਘੜ ਨੂੰ ਮਾਰਨਾ, ਚੌਧਰੀ ਨੱਥਾ ਖਹਿਰਾ ਤੇ ਰਾਇ ਸਿੰਘ ਦਾ ਪ੍ਰਸੰਗ}

੩੨. {ਬੋਤਾ ਸਿੰਘ, ਸੁੱਖਾ ਸਿੰਘ, ਅਘੜ ਸਿੰਘ ਤੇ ਅਹਿਮਦ ਸ਼ਾਹ ਦੁਰਾਨੀ ਦਾ ਪ੍ਰਸੰਗ}

੩੩. {ਪੰਥ ਉੱਪਰ ਬਿਪਤਾ, ਸੁਬੇਗ ਸਿੰਘ, ਸਬਾਜ ਸਿੰਘ ਤੇ ਹਕੀਕਤਰਾਇ ਦਾ ਪ੍ਰਸੰਗ}

੩੪. {ਮਤਾਬ ਸਿੰਘ ਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਅਤੇ ਸੂਬੇ ਖ਼ਾਨ ਬਹਾਦਰ ਦਾ ਮਰਨਾ}

੩੫. {ਸਿੰਘਾਂ ਹੱਥੋਂ ਜਸਪਤ ਦਾ ਮਰਨਾ, ਲੱਖੂ ਵਲੋਂ ਸਿੰਘਾਂ ਤੇ ਜ਼ੁਲਮ, ਪੰਥ ਦਾ ਲੱਖੂ ਨਾਲ ਭਾਰੀ ਜੰਗ, ਛੋਟਾ ਘੱਲੂਘਾਰਾ}

ਭਾਖਤ ਭਯੋ ਕਸੂਤ[1] ॥੫॥
ਬਿਗਰ ਰਹ੍ਯੋ ਥਾ ਸਿਲਸਿਲਾ,
ਪਤਿਸ਼ਾਹੀ ਤਬਿ ਸਾਰ[1]।
ਨਹਿਂ ਮੱਦਦਿ ਕਿਸ ਦਿਸਾ ਤੈ,
ਮਿਲਤੀ ਦੇਖ ਵਿਚਾਰਿ ॥੬॥
ਬਿਗਰ ਮੁਲਕ ਭੀ ਥਾ ਮਿਲਿਓ,
ਬਹੁਤਾ ਬੰਦੇ ਸੰਗ।
ਜੁਲਮਨ ਤੇ ਨੌਰੰਗ ਕੇ,
ਹਿੰਦੁ ਅਤੀ ਥੀ ਤੰਗ ॥੭॥
ਦੂਤੋਂ ਨੈ ਭੀ ਆਇ ਜਬਿ,
ਪੇਖ੍ਯੋ ਜ਼ੋਰ ਪ੍ਰਤਾਪ।
ਬੰਦੇ ਕਾ[1], ਸਭਿ ਲਿਖ ਪਠ੍ਯੋ,
ਸੂਬੇ ਪਾਸ ਅਮਾਪ[1] ॥੮॥
ਚੋਰ ਰਾਠ[1] ਜਨ ਧਾੜਵੀ,
ਥੇ ਬਹੁ ਬੰਦੇ ਸਾਥ।
ਸੋਚ ਏਹੁ ਸੂਬੇ ਤਬੈ,
ਚੁਕ੍ਯੋ ਨ ਇਨ ਸੋਂ ਹਾਥ ॥੯॥
ਫਿਰ ਪ੍ਰਭੁ ਜੈਸੇ ਕਰ੍ਯੋ ਚਹਿ,
ਫੇਰਤ ਤੈਸੀ ਬੁੱਧਿ।
ਕੰਸ, ਜਰਾ-ਸਿੰਧੁ ਪੇਖ ਭੀ,
ਗਾਫਲ ਰਹੇ ਅਬੁੱਧਿ[1] ॥੧੦॥
ਰਸਾਵਲ ਛੰਦ:
ਇਤ ਬੰਦੇ ਜਬਿ ਕਪਟ ਭੇਸਿ[1]
ਜਾਸੂਸ[1] ਪਛਾਨੇ।
ਸਿੱਖਨ ਤੈਂ ਪਕਰਾਇ ਮੰਗਾਇ,
ਕੁਟਾਇ ਮਹਾਨੇ।
ਤਜ ਕਰਿ ਫਿਰ ਯੌਂ ਕਹ੍ਯੋ,
ਜਾਹੁ ਤੁਮ ਨਿਕਟ ਬਜੀਦੇ।
ਹਮਰੀ ਤਰਫੋਂ ਕਹ੍ਯੋ ਤਾਂਹਿ,
ਯੌਂ ਕਰਿ ਤਾਗੀਦੇ[1] ॥੧੧॥

[1]ਕਹਿੰਦਾ ਹੈ ਕਿ ਬੜੀ ਕਸੂਤੀ ਗੱਲ ਹੋਈ।
[1]ਸਾਰਾ।
[1]ਬੰਦੇ ਦਾ ਜ਼ੋਰ ਤੇ ਪ੍ਰਤਾਪ।
[1]ਬਹੁਤਾ।
[1]ਲੜਾਕੇ।
[1]ਬੁਧੀ ਤੋਂ ਬਿਨਾਂ ਹੋ ਕੇ ਲਾ-ਪ੍ਰਵਾਹ ਰਹੇ।
[1]ਛਲ ਦੇ ਲਿਬਾਸ ਵਿੱਚ।
[1]ਭੇਤ ਲੈਣ ਵਾਲਿਆਂ ਨੂੰ।
[1]ਪਕਿਆਈ ਕਰਕੇ।

ਅਗਨਿ ਜ੍ਵਲਤ ਬਨ ਜੈਸ[1]।

[1]ਜਿਵੇਂ ਦਰਿਆ ਦੇ ਹੜ੍ਹ ਦਾ ਜਲ ਚੜ੍ਹਦਾ ਹੈ ਅਤੇ ਜਿਵੇਂ ਜੰਗਲ ਨੂੰ ਲੱਗੀ ਅੱਗ ਮੱਚਦੀ ਹੈ।

ਬ੍ਰਿੰਦ ਬਿਰਕ ਬਾੜੇ ਬੁਜੇ,
ਛੁਧਤ ਧਸੇ ਸਿੰਘ ਤੈਸ[1] ॥੨੦॥

[1](ਜਾਂ ਜਿਵੇਂ) ਬਕਰੀਆਂ ਦੇ ਵਾੜੇ ਵਿੱਚ ਬਹੁਤੇ ਭੁੱਖੇ ਬਘਿਆੜ ਜਾ (ਗੱਜਦੇ ਹਨ) ਤਿਵੇਂ ਸਿੰਘ (ਛੱਤ ਤੇ ਬਨੂੜ ਪਿੰਡਾਂ ਵਿੱਚ) ਜਾ ਵੜੇ।

ਭਈ ਨ ਸਾਰ[1] ਤੁਰਕਾਨ ਕੋ,
ਆਨਿ ਧਸੇ ਦੁਖ ਦਾਨ।
ਬਨੀਅਨ ਬਿੱਪਨ ਹਿੰਦੁਨ ਜੋ,
ਬਤਲਾਏ ਬਡਿ ਖਾਨ[1] ॥੨੧॥

[1]ਖ਼ਬਰ।

[1]ਵੱਡੇ ਵੱਡੇ ਪਠਾਣ।

ਚੌਪਈ:
ਕਤਲ ਲੂਟ ਤਿਨ ਕੇ ਘਰ ਕੇਰੀ।
ਕੀਨੀ ਸਿੰਘਨ ਤਬਿ ਬਿਨ ਦੇਰੀ।
ਬੁੱਚੜ ਕਾਜੀ ਏਕ ਨ ਛੋਰਾ।
ਪਠੇ ਜਹੰਨਮ[1] ਲਗਜੋ ਨ ਫੇਰਾ[2] ॥੨੨॥

[1]ਨਰਕਾਂ ਨੂੰ ਭੇਜ ਦਿੱਤੇ। [2]ਥੋੜੀ ਦੇਰ ਵੀ।

ਜਿਨ ਜਿਨ ਮੁਖ ਮੈਂ ਘਾਸ ਗਹਾਯੋ।
ਕੈ ਜੰਞੂ ਬੋਦੀ ਦਿਖਰਾਯੋ।
ਕੈ ਜੋ ਦੌਰਿ ਦੁਰੇ ਬਨ ਜਾਏ[1]।
ਸੇ ਛੂਟੇ ਬਾਕੀ ਕਤਲਾਏ ॥੨੩॥

[1]ਜੰਗਲ ਵਿੱਚ ਜਾਕੇ ਲੁਕ ਗਏ।

ਲੂਟਜੋ ਧਨ ਮਨ ਭਾਵਤ ਲੋਗੈਂ।
ਰੋਵੈਂ ਤੁਰਕ ਜੁਲਮ ਫਲ ਭੋਗੈਂ।
ਛੱਤ ਬਨੂੜ ਬਸਤੀਆਂ ਦੋਈ[1]।
ਗਾਰਤ[1] ਕਰੀ ਦੋਇ ਦਿਨ ਸੋਈ ॥੨੪॥

[1]ਦੋਵੇਂ ਆਬਾਦੀਆਂ ਭਾਵ ਦੋਵੇਂ ਪਿੰਡ ਛੱਤ ਤੇ ਬਨੂੜ।

[1]ਤਬਾਹ, ਬਰਬਾਦ।

ਤੁਰਕ ਹਿੰਦੁਨ ਕੋ ਆਗੈ ਲੈ ਕੈ।
ਪਰੇ ਸ਼ਰਨ ਬੰਦੇ ਕੀ ਐ ਕੈ।
ਹਿੰਦੁਨ ਪਰ ਨਹਿਂ ਜੁਲਮ ਕਰੈ ਹੈਂ।
ਕਹਜੋ ਦੀਨ ਹ੍ਵੈ ਜਬਿ ਤੁਰਕੈ ਹੈਂ ॥੨੫॥
ਬੰਦੇ ਤਿਨ ਤੇ ਕਸਮ ਕਰਾਈ।
ਨਾਕਨ ਸੋਂ ਲੀਕੈਂ ਖਿਚਵਾਈ।
ਦਯੋ ਅਮਨ ਨਿਜ ਡੇਰਾ ਲਾਯੋ।
ਪੰਚਾਂਮ੍ਰਿਤ[1] ਬਹੁਤੈਂ ਕਰਵਾਯੋ ॥੨੬॥

[1]ਕੜਾਹ ਪ੍ਰਸ਼ਾਦ।

ਗਿਰਜੋ ਭੂਮ ਪਰ ਝੂਮਿ[1],
ਖਾਨ ਕੇ ਪ੍ਰਾਨ ਉਡਾਏ।
ਹੁਤੇ ਮਤੇਰ ਭਰਾਤ,
ਔਰ ਜੁਗ ਤਾਂਹਿ ਤਹਾਂਏ।
ਲੋਥ ਚੁੱਕਨੇ ਹੇਤ ਗਏ ਵਹਿ,
ਤਬਿ ਹੀ ਧਾਏ।
ਸੋ ਭੀ ਸਿੰਘਨ ਮਾਰਿ,
ਬੰਦੂਖਨ ਸੰਗ ਗਿਰਾਏ।
ਪੁਨ ਸ਼ੇਰ ਮੁਹੰਮਦ ਕੌ ਲਗਜੋ,
ਜ਼ਖ਼ਮ ਏਕ ਤਿਸ ਹੀ ਸਮੇਂ।
ਜਬਿ ਮਰੇ ਤੀਨ ਸਰਦਾਰ ਯੌਂ,
ਤੁਰਕ ਸਭੈ ਪੀਛੇ ਗਮੇਂ[1] ॥ ੮੦ ॥

[1]ਗੇੜਾ ਖਾ ਕੇ।
[1]ਚਲੇ ਗਏ।

ਤੋਟਕ ਛੰਦ:
ਵਹਿ ਸਿੰਘ ਜੀਤ ਕੋ ਪਾਇ ਤਬੈ।
ਦਿਸ ਬੰਦੇ ਆਏ ਮੋਦ ਫਬੈ।
ਇਤ ਤੇ ਚੜ੍ਹਿ ਬੰਦਾ ਸਹਿਤ ਦਲੈਂ।
ਢਿਗ ਢੁਕਜੋ ਸਰਹੰਦ ਜਾਇ ਭਲੈਂ ॥ ੮੧ ॥
ਮਗ ਮਾਂਹਿ ਵਾਹਿ ਮੁਦ ਮਾਨਿ ਮਿਲੇ।
ਨਦ ਆਨੰਦ ਕੇ ਜਨੁ ਦੋਇ ਭਿਲੇ[1]।
ਕਰ ਜੋਰਿ ਸਿੰਘਨ ਜੁਗ ਓਰਨ ਤੈਂ।
ਗੁਰੁ ਫਤੇ ਬੁਲਾਈ ਜੋਰਨ ਤੈਂ ॥ ੮੨ ॥
ਜਿਮ ਭੱਯਨ ਕੋ[1] ਮਿਲ ਹੈਂ ਭਾਈ।
ਤਿਮ ਸਿੰਘ ਮਿਲੇ ਮਨ ਮੁਦ ਪਾਈ।
ਪਿਖਿ ਬੰਦੇ ਕੋ ਗੁਰੁ ਰੂਪ ਭਰੈਂ[1]।
ਝੁਕਿ ਫਤੇ ਬੁਲਾਈ ਜੋਰਿ ਕਰੈਂ[1] ॥ ੮੩ ॥
ਤਬਿ ਬੰਦੇ ਅਤਿ ਸਤਿਕਾਰ ਕਯੋ।
ਸਭਿ ਕੋ ਖਰਚਾ ਯਥ ਯੋਗ ਦਯੋ।
ਪੁਨ ਡੇਰਾ ਤਹਾਂ ਲਗਾਇ ਤਬੈਂ।
ਕੁਣਕਾ ਕਰਿ ਠੀਕ ਛਕਾਇ ਸਬੈ ॥ ੮੪ ॥
ਫਿਰ ਬੰਦਾ ਬੋਲਜੋ ਯੌਂ ਤਬਿ ਹੀ।

[1]ਜਾਣੋ ਅਨੰਦ ਦੇ ਦੋ ਦਰਿਆ ਮਿਲ ਗਏ।
[1]ਭਰਾਵਾਂ ਨੂੰ।
[1]ਭਲੀ ਤਰ੍ਹਾਂ।
[1]ਹੱਥ ਜੋੜ ਕੇ।

ਕਿਛ ਥਿਰੈਂ ਰੋਜ ਇਕੰਤ।
ਕਿਛ ਅਏ ਦੇਸ ਪੰਜਾਬ ਮੈਂ,
ਬਹੁ ਭਏ ਨਿਰਮਲ ਸੰਤ ॥੩੦॥
ਇਤ ਦਿਸਾ ਜਬਿ ਸਰਹੰਦ ਮਾਰੀ,
ਗੁਰੂ ਬੰਦੇ ਠੀਕ।
ਭਲ ਬੈਰ ਸਾਹਿਬਜ਼ਾਦਿਓਂ ਕੇ,
ਲਏ ਤਾਂਹਿ ਅਲੀਕ[1]।
ਸੰਨ ਸੱਤ੍ਰਾਂ ਸੈ ਚੌਹਟੇ* ਕੀ,
ਬਿਜੈ ਦਸਮੀ ਪੂਜ[1]।
ਥਾ ਗੁਰੂ ਢਿਗ ਤੈ ਚਢਯੋ ਬੰਦਾ,
ਬਢਯੋ ਸਮ ਸਸਿ ਦੂਜ[1] ॥੩੧॥
ਫਿਰ ਪੈਂਹਟੇ* ਕੇ ਜੇਠ ਮੈਂ,
ਤਿਨ ਹਤੀ ਸਰਹੰਦ ਆਇ।
ਨੌ ਮਾਸ ਮੈਂ ਜੋ ਕਾਮ ਕੀਨੇ,
ਸੋਇ ਸਭਿ ਲੇਖਾਇ।
ਪ੍ਰਤਾਪ ਸਤਿਗੁਰੁ ਪੰਥ ਕਾ,
ਨਿਜ ਬੰਦਨਾ ਜਾਨਾਇ।
ਸਿਖ ਪਠਯੋ ਬੰਦੇ ਨੈ ਤਬੈ,
ਗੁਰੁ ਓਰ ਖਰਚਾ ਦਾਇ ॥੩੨॥
ਵਹਿ ਸਿੱਖ ਪ੍ਰੇਮੀ ਪ੍ਰੇਮ ਸਿੰਘ,
ਨਿਸ ਦਿਵਸ ਪਹੁੰਚਯੋ ਧਾਇ।
ਗੁਰੁ ਅੱਗ੍ਰ ਪੱਤਰ ਜਾਇ ਰਾਖਯੋ,
ਸੀਸ ਪਗ ਲੋਠਾਇ[1]।
ਦਿਨ ਥਾ ਨੁਰਾਤਾ ਤੀਸਰਾ[1],

[1]ਚੰਗੀ ਤਰ੍ਹਾਂ।

*ਦੇਖੋ ਬਿਸਰਾਮ ਨੰ. ੩ ਦੇ ਅੰਕ ਨੰ. ੨ ਤੇ *ਨਿਸ਼ਾਨ ਦੀ ਹੇਠਲੀ ਟੂਕ।

[1]ਸੰਮਤ ੧੭੬੪ ਬਿ. ਦੀ ਜਿੱਤ-ਦਸਮੀ (ਅਸੂ ਸੁਦੀ ੧੦ਵੀਂ) ਨੂੰ।

[1]ਦੂਜ ਦੇ ਚੰਦ ਵਾਂਗ।

*ਇਥੇ ਮੂਲ ਵਿੱਚ ਪਾਠ ਚੌਹਟੇ ਸੀ ਪਰ ਅਸਾਂ ਪੈਂਹਟੇ ਸ਼ੁੱਧ ਕਰ ਦਿੱਤਾ ਹੈ ਕਿਉਂਕਿ ਸੰਮਤ ੧੭੬੪ ਬਿ. ਅਸੂ ਸੁਦੀ ੧੦ਵੀਂ ਤੋਂ ਜੇਠ ੧੭੬੫ ਬਿ. ਤੱਕ ਹੀ ਨੌਂ ਮਹੀਨੇ ਬਣਦੇ ਹਨ। ਉਂਞ ਨਵੀਂ ਖੋਜ ਅਨੁਸਾਰ ੧੪ ਮਈ ੧੭੧੦ ਈ. (੨੬ ਰਬੀ-ਉਲ-ਅਵਲ ੧੧੨੨ ਹਿਜਰੀ) ਮੁਤਾਬਕ ਜੇਠ ੧੭੬੭ ਬਿ. ਨੂੰ ਸਿੰਘਾਂ ਦਾ ਸਰਹੰਦ 'ਤੇ ਕਬਜ਼ਾ ਹੋਇਆ। ਦੇਖੋ ਗੰਡਾ ਸਿੰਘ ਲਿਖਤ ਬੰਦਾ ਸਿੰਘ ਬਹਾਦਰ ਪੰਨਾ ੫੧।

[1]ਸਿਰ ਗੁਰਾਂ ਦੇ ਚਰਨਾਂ 'ਤੇ ਲਿਟਾ ਕੇ।

[1]ਤੀਜਾ ਨੁਰਾਤਾ ਭਾਵ ਅਸੂ ਸੁਦੀ ੩।

ਸ਼ਾਹਿ ਬਹਾਦਰ ਫੇਰ।
ਦਿੱਲੀ ਦਿਸ ਆਵਤ ਭਯੋ,
ਕਰਿ ਦੌਰਾ ਇਮ ਢੇਰ[1] ॥੬੪॥ [1]ਵੱਡਾ।
ਮਨਿ ਧਰਿ ਗੁਰ ਕਾ ਬਚਨ ਦ੍ਰਿਢ,
ਬੰਦਾ ਦਯੋ ਭੁਲਾਇ।
ਤੁਰਕ ਅਰਜ਼ੀਆਂ ਬਹੁ ਪਠੈਂ,
ਨਾਂਹਿ ਵਜੀਰ ਸੁਨਾਇਂ ॥੬੫॥
ਮਨ ਮੈਂ ਸਭਿ ਅਮਲਾ[1] ਡਰੈ, [1]ਕੰਮ ਕਰਨ ਵਾਲਿਆਂ ਦਾ ਟੋਲਾ, ਸਟਾਫ਼।
ਮਤ ਕਿਤ ਹਮ ਕੋ ਸ਼ਾਹਿ।
ਬੰਦੇ ਓਰ ਪਠਾਇ ਦੈ,
ਕਰਿ ਕਾਫਰ ਸੋ ਘਾਹਿ[1] ॥੬੬॥ [1]ਮਾਰ ਦੇਵੇ।
ਯੋਂ ਹੀ ਬੀਤੇ ਮਾਸ ਛੈ,
ਇਤ ਬੰਦੇ ਬਲ ਧਾਰਿ।
ਬਦਲੇ ਸਤ੍ਰੁਨ ਤੈ ਲਏ,
ਸੁਨੋ ਕਥਾ ਸੋ ਸਾਰ[1] ॥੬੭॥ [1]ਸ੍ਰੇਸ਼ਟ।
ਬੰਦੇ ਯੁਤ ਸੁਨਿ ਪੰਥ ਕੀ,
ਫਤੇ ਗੁਰੂ ਦਸਮੇਸ਼।
ਸਾਨੰਦ ਪਾਛੇ ਮਾਸ ਇਕ,
ਰਾਖਯੋ ਤਨ ਜਗਤੇਸ ॥੬੮॥
ਸੰਮਤ ਪੈਂਹਟ ਕਾਤਕੀ
ਥਿੱਤ ਪੰਚਮੀ ਹੇਰਿ[1]। [1]ਸੰਮਤ ੧੭੬੫ ਬਿ. ਕੱਤਕ ਸੁਦੀ ੫ ਦੇਖਕੇ।
ਜੋਤੀ ਜੋਤਿ ਸਮਾ ਗਏ,
ਗੁਰੁ-ਪੁਰਿ ਕੀਨ ਬਸੇਰ[1] ॥੬੯॥ [1]ਵਾਸਾ।
ਪੂਰਬਾਰਧ ਇਸ ਗ੍ਰੰਥ ਮੈਂ,
ਗਾਥ ਕਹੀ ਬਿਸਤਾਰ।
ਇਸੀ ਹੇਤ ਸੰਛੇਪ ਤੈ,
ਈਹਾਂ ਲਿਖੀ ਵਿਚਾਰ ॥੭੦॥
ਪੀਛੇ ਗੁਰੁ ਤਨ ਤਜਨ ਤੈ,
ਰਹੇ ਜੁ ਸਿੰਘ ਤਹਾਂਇਂ।
ਹ੍ਵੈ ਉਦਾਸ ਸਭਿ ਖਿੰਡ ਗਏ,

ਪਰੀ ਹਾਲ ਚਾਲ ਸਭਿ ਦੇਸ ਮੈਂ ਬਿਸਾਲ ਤਬਿ,
ਠੌਰ ਠੌਰ ਬ੍ਰਿੱਧ ਬਾਲ ਜ੍ਵਾਨ ਨਰ ਨਾਰੀਆਂ।
ਆਪਸ ਮੈਂ ਕੈਹੈਂ ਸਭਿ ਆਯੋ ਅਬਿ ਸੋਊ ਸਮਾਂ,
ਸਿੰਘਨ ਕਾ ਹ੍ਵੈ ਹੈ ਰਾਜ ਧਰਾ ਕੇ ਮਝਾਰੀਆਂ।
ਸਖਤ ਵਖਤ ਆਨ ਪਰਜੋ ਤੁਰਕਾਨ ਪਰ,
ਇਨ ਹੂੰ ਕੀ ਜੜਾਂ ਅਬਿ ਜਾਹਿੰਗੀ ਉਖਾਰੀਆਂ।
ਬੰਦਾ ਅਵਤਾਰ ਐਹੋ ਕਲਕੀ ਨਿਹਾਰ ਲੈਹੋ[1],
ਭਯੋ ਕਲਿਜੁਗ ਮੈਂ ਹੈ ਤੂੱਕਨ ਬਿਦਾਰੀਆ[1] ॥੨੩॥

[1]ਬੰਦਾ ਕਲਕੀ ਅਵਤਾਰ ਹੈ ਦੇਖ ਲਵੋ।
[1]ਨਾਸ ਕਰਨ ਵਾਲਾ।

ਸੱਯਦ ਪਠਾਨ ਸ਼ੇਖ ਮੁਗਲ ਮਹਾਨ ਵੇਖ,
ਜੇਤਿਕ ਜਹਾਨ ਸੇਖ[1] ਤੁਰਕਾਨ ਡਰ ਹੈਂ।
ਦਿੱਲੀ ਵੀਚ ਰਹੇ ਦਬ ਬਿੱਲੀ ਸਮ ਲੋਗ ਸਭਿ,
ਬਾਈ ਸੂਬੇ ਖੌਫ ਤਬਿ ਮਨ ਹੀ ਮੈਂ ਕਰਿ ਹੈਂ।
ਕੈਹੈਂ ਮਤਿ ਬੰਦਾ ਕਬਿ ਹਮ ਪਰ ਆਇ ਅਬੀ,
ਦੀਨ ਖੋਇ ਸਭੀ ਕਰਿ ਕਾਫਰ ਬਿਦਰ ਹੈ[1]।
ਹਾਹੁਕੇ ਭਰਤ ਤਬਿ ਨੀਂਦ ਨ ਪਰਤ ਕਬਿ,
ਉਝਕ ਉਝਕ ਸਭਿ ਖ੍ਵਾਬਨ ਮੈਂ ਪਰ ਹੈਂ[1] ॥੨੪॥

[1]ਬਾਕੀ ਦੇ।
[1]ਨਾਸ ਕਰੇਗਾ।
[1]ਸੁਪਨਿਆਂ ਵਿੱਚ ਪੈ ਕੇ ਤ੍ਰੱਬਕ ਤ੍ਰੱਬਕ ਕੇ ਉਠਦੇ ਹਨ।

ਪਾਣੀਪਤ ਕਰਨਾਲ ਹਾਂਸੀ ਤੇ ਹੰਸਾਰ ਸਾਰ[1],
ਸਰਸਾ ਬਠਿੰਡਾ ਪਾਰ ਤੈਂ[1] ਕਸੂਰ ਲੌ ਅਹੈ।
ਸ਼ਹਰ ਲਾਹੌਰ ਕਲਾਨੌਰ ਔ ਪਠਾਣਕੋਟ,
ਦੂਣ ਜਸਵਾਲ ਮੰਡੀ ਕਾਂਗੜੇ ਲੌ ਜੋ ਕਹੈ।
ਦੂਣ ਜੋ ਨਦੌਣ ਕਹਿਲੂਰ ਦੂਰ ਦੂਰ ਹੂੰ ਲੌ,
ਰੋਪੜ ਪੰਜੌਰ ਹਰਿਦ੍ਵਾਰ ਦਿੱਲੀ ਲੌ ਲਹੈ।
ਮੁਲਕ ਅਪਾਰ ਜੋ ਮਝਾਰ ਇਨ ਸ਼ੈਹਰੋਂ ਕੇ,
ਬੰਦੇ ਕਾ ਹੁਕਮ ਦੋਹੀ[1] ਲਾਗੀ ਫਿਰਨੈ ਤਹੈਂ ॥੨੫॥

[1]ਸਾਰੇ।
[1]ਸਤਲੁਜ ਦਰਿਆ ਤੋਂ ਪਾਰ।
[1]ਡੌਂਡੀ।

ਏਤਿਕ ਸੁ ਦੇਸ ਮਾਂਹਿ ਜੇਤਿਕ ਦੁਰਗ[1] ਆਹਿਂ,
ਤੇਤਿਕ ਮੈਂ ਸਿੰਘਨ ਕੇ ਡੇਰੇ ਕਰਵਾਏ ਹੈਂ।
ਬੰਦਾ ਨਿਜ ਕਰਾਮਾਤ ਸਾਥ ਬਹੁ ਰੂਪ ਧਰਿ,
ਸਭਿ ਹੀ ਮੈਂ ਨਿਤ ਪ੍ਰਤਿ ਜਾਇ ਫਿਰ ਆਏ ਹੈ।

[1]ਕਿਲ੍ਹੇ।

ਕੇਹਰ ਸਿੰਘ ਕੋ, ਦੁਰਦ ਹਰਨ
ਹਿਤ ਠੀਕ ਬੰਗਾਰੋ[1] ॥੯੨॥
ਰਣਜੀਤ ਸਿੰਘ ਰਣਜੋਰ ਸਿੰਘ ਕੋ,
ਐਸ ਸੁਨਾਯੋ।
ਦੁਰਗ ਨਿਕਟ ਤੁਮ ਜਾਇ,
ਬਾਣ ਜੁਗ ਸੰਧਿ[1] ਚਲਾਯੋ।
ਬੱਜਰ ਸਿੰਘ ਕੋ, ਹਰਨ
ਦੁਰਗ ਕੇ ਫਾਟਕ ਗਾਏ[1]।
ਮਾਰਿ ਤੀਰ ਤੁਮ, ਦਯੋ
ਉਭੈ ਕੱਪਾਟ[1] ਗਿਰਾਏ ॥੯੩॥
ਯੌਂ ਆਗਜਾ ਕਰਿ ਪਾਂਚ ਸਿੰਘ,
ਬੰਦੇ ਪਠ ਦੀਨੇ।
ਗਏ ਦੁਰਗ ਕੇ ਨਿਕਟ,
ਬੀਰ ਰਸ ਬੀਰਹਿ ਭੀਨੇ[1]।
ਸਿੰਘ ਸਭੀ ਕਰਿ ਤਜਾਰ ਰਖੇ,
ਬੰਦੇ ਤਿਨ ਪਾਛੇ।
ਬਾਘੜ ਸਿੰਘ ਨੈ ਅਨੀ ਹਨੀ
ਮਗ ਕੀ[1] ਜਾ ਆਛੈ ॥੯੪॥
ਕੇਹਰ ਸਿੰਘ ਨੈ ਮਾਰਿ ਦੁਰਦ
ਬਿਨ ਦੇਰ ਖਪਾਏ।
ਬੱਜਰ ਹਰਿ ਨੈ, ਦਿਢ ਕਪਾਟ
ਉਖਾਰਿ ਗਿਰਾਏ।
ਰਣਜੀਤ ਸਿੰਘ ਰਣਜੋਰ ਸਿੰਘ
ਜੁਗ ਬਾਣ ਤਜੇ ਜਬਿ।
ਘੋਰ ਧੁਨੀ[1] ਕਰਿ ਗਿਰੀ
ਦੁਰਗ ਕੀ ਭੀਤ[1] ਏਕ ਤਬਿ ॥੯੫॥
ਚਲੇ ਪਰਬਤੀ ਭਾਗ,
ਤ੍ਰਾਸ ਧਰਿ ਚਾਰ ਦਿਸਾਨੇ[1]।
ਇਤਨੇ ਹੀ ਮੈਂ ਗਏ ਪਹੁਂਚ
ਸਭਿ ਸਿੰਘ ਮਹਾਨੇ।

[1]ਹਾਥੀ ਨੂੰ ਮਾਰਨ ਵਾਸਤੇ (ਉਸ ਨੂੰ) ਚੰਗੀ ਤਰ੍ਹਾਂ ਵੰਗਾਰੋ।

[1]ਦੋ ਤੀਰ ਜੋੜ ਕੇ।

[1]ਕਿਲ੍ਹੇ ਦੇ ਤਖ਼ਤੇ ਤੋੜਨ ਨੂੰ ਕਿਹਾ।

[1]ਦੋਵੇਂ ਤਖ਼ਤੇ।

[1]ਬੀਰ-ਰਸ 'ਚ ਭਿੱਜੇ ਸੂਰਮੇਂ।

[1]ਰਸਤੇ ਦੀ ਫ਼ੌਜ ਮਾਰ ਦਿੱਤੀ।

[1]ਭਿਆਨਕ ਆਵਾਜ਼ ਕਰਕੇ।

[1]ਕਿਲ੍ਹੇ ਦੀ ਕੰਧ।

[1]ਚਹੁੰ ਤਰਫ਼ਾਂ ਨੂੰ।

ਦੋਹਰਾ:

ਤਹਿ ਬੰਦਾ ਤਬਿ ਮੋਦ ਧਰਿ,
ਰਹ੍ਯੋ ਸਦਨ ਨਿਜ ਛਾਇ[1]। [1]ਆਪਣਾ ਘਰ ਬਣਾ ਕੇ।
ਨਰ ਨਾਰੀ ਮੰਨਤ ਕਰੈਂ,
ਪੂਜਨ ਹ੍ਵੈ ਅਧਿਕਾਇ ॥ ੯੧ ॥
ਚੰਬੇ ਕੇ ਪਰਬਤ ਵਿਖੇ,
ਬੰਦਾ ਪੀਰ ਕਹਾਇ।
ਮਨ ਭਾਵਤ ਫਲ ਦੇਵਹੀ,
ਮੰਨਤ ਕਰੇ ਜੁ ਆਇ ॥ ੯੨ ॥
ਅਜ਼ਮਤ ਨਾਨ੍ਹਾ ਭਾਂਤਿ ਕੀ,
ਲੋਗਨ ਕੋ ਦਿਖਰਾਇ।
ਕੀਨੇ ਅਪਨੇ ਸਿੱਖ ਬਹੁ,
ਦਰਸ਼ਨ ਫਤੇ ਕਹਾਇ ॥ ੯੩ ॥
ਰਚ੍ਯੋ ਦੇਹੁਰਾ[1] ਤਬਿ ਤਹਾਂ, [1]ਗੁਰਾਂ ਦਾ ਦੇਹੁਰਾ।
ਗੁਰੁ ਕਾ ਹੈ ਅਬਿ ਜੋਇ।
ਮਾਨਤ ਅਬਿ ਲੌ ਨਾਰਿ ਨਰ,
ਜਾਨਤ ਹੈ ਸਭਿ ਕੋਇ ॥ ੯੪ ॥
ਭੋਗ ਬਿਲਾਸਨ ਵੀਚ ਹੀ,
ਸਾਲ ਕੁ ਦੀਓ ਬਿਤਾਇ।
ਇਕ ਬਾਲਕ ਇਕ ਬਾਲਕੀ,
ਜਤ ਖ੍ਵੈ ਲਏ ਉਪਾਇ[1] ॥ ੯੫ ॥ [1]ਪੈਦਾ ਕਰ ਕੇ ਜਤ ਗਵਾ ਲਿਆ।
ਸੱਤ੍ਰਾਂ ਸੈ ਸਤਾਹਟਾ,
ਬੀਤ ਗਯੋ ਇਮ ਸਾਲ।
ਬੰਦੇ ਕੋ ਚੰਬੇ ਵਿਖੈ,
ਥਿਰ੍ਯੋ ਅਧਯਾਇ ਨਿਹਾਲ[1] ॥ ੯੬ ॥ [1]ਬੰਦੇ ਨੂੰ ਠਹਿਰਿਆ ਦੇਖ ਕੇ ਅਧਿਆਇ ਵੀ ਠਹਿਰ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗ੍ਯਾਨ ਸਿੰਘ ਵਿਰਚਿਤੇ 'ਬੰਦੇ ਕਾ ਪਰਬਤੋਂ ਮੇਂ ਨਿਵਾਸ, ਸ਼ਾਦੀਆਂ ਕਰਨ' ਬਰਨਨੰ ਨਾਮ ਦਸਮੋਂ ਬਿਸ੍ਰਾਮ ॥ ੧੦ ॥

ਗਦਲ[1] ਬਹੁਤ ਰਾਖਯੋ ਥਾ ਪਾਹੀਂ ॥ ੧੩ ॥
ਬੰਦੋਬਸਤ ਤਿਸ ਦੇਸ ਮਝਾਰੇ।
ਸ਼ਾਹਿ ਰਹਯੋ ਥਾ ਕਰਿ ਤਬਿ ਸਾਰੇ।
ਤਿਸੀ ਫਿਕਰ ਕਰਿ ਸੁਨੀ ਨ ਸ਼ਾਹੈਂ।
ਤਾਂ ਕੀ ਤਬਿ ਫਰਯਾਦ ਸੁ ਚਾਹੈਂ[1] ॥ ੧੪ ॥

ਦੋਹਰਾ:
ਕੇਤਿਕ ਦਿਨ ਬੀਤੇ ਜਬੈ,
ਸ਼ਾਹਿ ਅਯੋ ਅਜਮੇਰ।
ਦੇਸ ਦੁਆਬੇ ਮਾਲਵਯੋਂ,
ਤੁਰਕਨ ਜਾਇ ਬਧੇਰ ॥ ੧੫ ॥
ਦਈ ਅਰਜੀਆਂ ਸ਼ਾਹਿ ਪੈ,
ਜੁਲਮ ਅਨੇਕ ਲਿਖਾਇ।
ਬੰਦੇ ਅਰ ਸਿੰਘਾਨ ਪਰ,
ਸ਼ਾਹਿ ਰਿਸੈ ਜਿਸ ਭਾਇ[1] ॥ ੧੬ ॥

ਚੌਪਈ:
ਕਈ ਹਜ਼ਾਰ ਜਬੈ ਯੌਂ ਅਰਜ਼ੀ।
ਦੀਨੀ ਤੁਰਕਨ ਹ੍ਵੈ ਕਰਿ ਗਰਜ਼ੀ[1]।
ਅਰ ਬਹੁ ਖਲਕੈਂ[1] ਦਰ ਪਰ ਜਾਈ।
ਬਾਲ ਮਿਸਾਲੈਂ ਦਿਨੈ ਦਿਖਾਈ ॥ ੧੭ ॥
ਸੁਨ ਕੈ ਬਾਦਸ਼ਾਹਿ ਘਬਰਾਯੋ।
ਇੰਨਤਜ਼ਾਮ ਤਬਿ ਕਰਨ ਚਹਾਯੋ।
ਤੇਗ, ਕਚਹਿਰੀ ਮੈਂ ਤਬਿ ਸ਼ਾਹੈਂ।
ਰਾਖੀ, ਬੰਦੇ ਹਰਨ ਹਿਤਾਹੈਂ[1] ॥ ੧੮ ॥
ਦਯੋ ਹੁਕਮ ਜੋ ਚੁਕ ਹੈ ਯਾਂ ਕੋ।
ਦੈਹੁਂ ਜਗੀਰ ਦੇਸ਼ ਤਿਸ ਬਾਂਕੋ।
ਔਰ ਕਿਸੈ ਜਬਿ ਨਾਹਿਂ ਉਠਾਈ।
ਬੰਦੇ ਕਾ ਡਰ ਮਾਨਿ ਮਹਾਂਈਂ ॥ ੧੯ ॥
ਬਾਦਸ਼ਾਹਿ ਤਬਿ ਨਿਜ ਸੁਤ ਤਾਂਈਂ।
ਜਹਾਂਦਾਰ ਕੋ ਪਠਯੋ ਚਢਾਈ।
ਦੈ ਬਹੁ ਫੌਜੈਂ ਬੀਰ ਅਪਾਰੈਂ।

[1]ਗਦਰ, ਹਲਚਲ।
[1]ਧਿਆਨ ਨਾਲ।
[1]ਜਿਸ ਢੰਗ ਨਾਲ ਬਾਦਸ਼ਾਹ ਗੁੱਸੇ ਹੋਵੇ।
[1]ਲੋੜਵੰਦ।
[1]ਪਰਜਾ ਨੇ।
[1]ਬੰਦੇ ਨੂੰ ਮਾਰਨ ਵਾਸਤੇ।

ਪਢਿ ਮੰਤ੍ਰ ਗੁਰੂ ਕਾ ਤਜਯੋ ਤੀਰ ॥੬੨॥
ਕੁਦਰਤ ਸੈਂ ਆਯੋ ਬਡ ਤੁਫਾਨ।
ਤੁਰਕਨ ਕੋ ਕੀਨੋ ਅਤਿ ਹਿਰਾਨ।
ਖੇਮੇ[1] ਕਾਨਾਤੈਂ ਸੁਟੇ ਪੁੱਟ।
ਗੇ ਕੰਕਰੀਨ ਸੋਂ ਨੈਨ ਫੁੱਟ ॥੬੩॥
ਹੈ ਗੈ ਚਿਕੱਤ ਕਤ ਗੇ ਪਲਾਇ[1]।
ਦਲ ਗਯੋ ਬਿਚਲ, ਇਤ ਉਤ ਭਗਾਇ[1]।
ਛੇ ਸਾਤ ਕੋਸ ਸਿੰਘੈਂ ਦਬਾਇ।
ਤੁਰਕਨ ਕੋ ਪੀਛਯੋਂ ਕਟਯੋ ਧਾਇ ॥੬੪॥
ਫਿਰ ਡੇਰਾ ਲੂਟਯੋ ਸੱਤ੍ਰ ਕੇਰ।
ਅਸਬਾਬ ਭਾਂਤਿ ਬਹੁ ਧਾ ਬਧੇਰ[1]।
ਕਰਿ ਦਯੋ ਜਮ੍ਹਾਂ ਸਭਿ ਕਿਲੇ ਮਾਹਿਂ।
ਜਿਹ ਨਾਮ ਲੋਹਗੜ ਦਿਢ ਮਹਾਂਹਿਂ ॥੬੫॥
ਨਾਹਣੇਸ ਡਰਿ ਪਠਿ ਕੈ ਬਜੀਰ।
ਦੈ ਭੇਟ ਸੁਲ੍ਹਾ ਕਰਿ ਲੀ ਗਹੀਰ[1]।
ਤਹਿਂ ਤੈ ਫਿਰ ਝਟ ਪਟ ਸਿੰਘਨ ਆਇ।
ਸਰਹੰਦ ਆਦਿ ਬਹੁ ਠੌਰ ਜਾਇ ॥੬੬॥
ਸਭਿ ਮੁਲਕ ਆਪਨੇ ਲੀਨ ਹਾਥ।
ਫਿਰ ਬਜਾਸਾ ਲੌ ਸਿੰਘ ਭਏ ਨਾਥ[1]।
ਬੰਦੇ ਨੈ ਕੀਨੇ ਤਈਨਾਤ[1]।
ਕਿਛੁ ਤਜੇ ਲੋਹਗੜ ਮੈਂ ਬਖਜਾਤ ॥੬੭॥
ਇਮ ਫੇਰ ਮੁਲਕ ਸਿੰਘੈਂ ਦਿਵਾਇ।
ਮੰਡੀ ਮੈਂ ਥਿਰਯੋ ਆਪ ਜਾਇ।
ਇਤ ਸ਼ਾਹਜ਼ਾਦਾ ਡਰਿ ਭਗਯੋ ਐਸ।
ਨਹਿਂ ਠਹਰਯੋ ਦਿੱਲੀ ਉਰੈ ਕੈਸ ॥੬੮॥
ਜਾਲੀ ਖਾਂ, ਹਾਜੀ ਇਸਮਾਈਲ।
ਰੋਸ਼ਨ ਖਾਂ ਜੰਗੀ[1] ਬਿਨਾਂ ਢੀਲ।
ਬੈਰਮ ਖਾਂ, ਸਜਾਦਤ ਖਾਂ, ਸਬੇਗ[1]।
ਇੱਤਜਾਦਿ ਬੇਗ ਭਏ ਭੱਖ ਤੇਗ[1] ॥੬੯॥
ਇਹੁ ਥੇ ਗਿਨਤੀ ਕੇ ਬਡ ਸਰਦਾਰ।

[1]ਤੰਬੂ।
[1]ਘੋੜੇ ਤੇ ਹਾਥੀ ਚੀਕਦੇ ਹੋਏ ਕਿਸੇ ਪਾਸੇ ਨੱਸ ਗਏ।
[1]ਇੱਧਰ ਉਧਰ ਦੌੜ ਕੇ ਖਿੰਡ ਗਿਆ।
[1]ਬਹੁਤ ਤਰ੍ਹਾਂ ਦਾ ਬਹੁਤਾ ਸਾਮਾਨ ਸੀ।
[1]ਡੂੰਘੀ ਭਾਵ ਚੰਗੀ।
[1]ਮਾਲਕ, ਰਾਜੇ।
[1]ਮੁਕੱਰਰ, ਨੀਅਤ।
[1]ਲੜਾਕਾ।
[1]ਸਬੇਗ ਖਾਂ।
[1]ਇਨ੍ਹਾਂ ਤੋਂ ਆਦਿ ਲੈ ਕੇ ਛੇਤੀ ਤਲਵਾਰ ਦਾ ਖਾਜਾ ਹੋ ਗਏ।

ਸਭਿ ਮਰੇ ਸਿਆਪੇ ਪਰੇ ਭਾਰ।
ਰੰਡੀ ਹਜ਼ਾਰੋਂ ਭਈ ਨਾਰਿ।
ਥਾ ਬਾਦਸ਼ਾਹ ਦੱਖਨ ਮਝਾਰ ॥੨੦॥
ਸੁਨਿ ਹਾਲ ਭਯੋ ਹੈਰਾਨ ਭੂਰ।
ਮਨਿ ਚਾਹਜੋ ਚਢਨੋ ਖੁਦ ਜ਼ਰੂਰ।
ਸੱਤ੍ਰਾ ਸੈ ਅਠਸਠ ਮਾਹਿਂ ਯਾਹਿ।
ਥੀ ਭਈ ਕਥਾ ਸਭਿ ਲਖੋ ਚਾਹਿ ॥੨੧॥
ਇਹੁ ਜੰਗ ਸਜਾਦੇ ਕੇਰ ਭਾਰ।
ਬੰਦੇ ਸੈਂ ਹੋਯੋ ਜੈਸ ਸਾਰ[1]।
ਇਕ ਤਵਾਰੀਖ ਮੈਂ ਲਿਖਯੋ ਯਾਹਿ।
ਮੋਹੀਤਾਜਮ ਹੈ ਨਾਮ ਜਾਂਹਿ ॥੨੨॥

ਦੋਹਰਾ:
ਔਰ ਠੌਰ ਤੁਰਕਾਨ ਸੋਂ,
ਭਏ ਜੰਗ ਤਬਿ ਜੋਇ।
ਗ੍ਰੰਥ ਬਢਨ ਡਰ ਮਾਨਿ ਹਮ,
ਲਿਖੇ ਨ ਈਹਾਂ ਸੋਇ ॥੨੩॥
ਤਵਾਰੀਖ ਗੁਰੁ ਖਾਲਸੇ,
ਮਾਂਹਿ ਲਿਖੇ ਸਭਿ ਸਾਇ[1]।
ਅਬਿ ਇਹੁ ਜੰਗੁ ਸੁਨਾਯ ਕੈ,
ਧਜਾਇ ਥਿਰਯੋ ਗੁਰੁ ਧਜਾਇ ॥੨੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਸਰਹੰਦ, ਲੋਹਗੜ੍ਹ, ਸ਼ਾਹਜ਼ਾਦੇ ਸੋਂ ਬੰਦੇ ਕੇ ਜੰਗ ਕੋ ਪ੍ਰਸੰਗ' ਬਰਨਨੰ ਨਾਮ ਇਕਾਦਸਮੋਂ ਬਿਸ੍ਰਾਮ ॥੧੧॥

[1]ਚੰਗਾ।

[1]ਉਹ।

ਚੌਪਈ:
ਇਤਜਾਦਕ ਬਹੁ ਦੈ ਕਰ ਤਾਨ੍ਹੇਂ।
ਹਾਜੀ ਕਾਜੀ ਪੀਰ ਮੁਲਾਨੇਂ।
ਲਯੋ ਸ਼ਾਹਿ ਤਾਂਈਂ ਭਰਮਾਏ।
ਕਹਤ ਕਲਾਮਾਂ ਪਢਤੇ ਜਾਏਂ ॥੩੧॥
ਨਕਸ ਪਲੀਤੇ ਐਸੇ ਦਾਗੈਂ[1]।
ਜਿਸ ਤੇ ਸਭੈ ਮੁਵੱਕਲ ਭਾਗੈਂ।
ਯਹਿ ਬਿਧਿ ਕਪਟ ਭਰੀ ਸੁਨਿ ਬਾਨੀ।
ਬਾਦਸ਼ਾਹਿ ਕਿਛੁ ਤਿਨ ਕੀ ਮਾਨੀ ॥੩੨॥

[1]ਜੰਤ੍ਰਾਂ ਨਾਲ ਐਸੇ ਪਲੀਤੇ ਧੁਖਾਵਾਂਗੇ।

ਦੋਹਰਾ:
ਝੰਡਾ ਕਾਢ੍ਯੋ ਹੈਦਰੀ[1],
ਕਈ ਹਜ਼ਾਰ ਕੁਰਾਨ।
ਹਾਜੀ ਕਾਜੀ ਪੀਰ ਬਹੁ,
ਦੈ ਤੋਰੇ ਅਗਵਾਨ ॥੩੩॥

[1]ਹੈਦਰ ਅਲੀ ਦੇ ਨਾਉਂ ਦਾ ਝੰਡਾ, ਮਜ਼ਹਬੀ ਜੰਗ ਕਰਨ ਲਈ ਮੁਸਲਮਾਨਾਂ ਦਾ ਖੜ੍ਹਾ ਕੀਤਾ ਨਿਸ਼ਾਨ।

ਪੜ੍ਹਨ ਕਲਾਮਾਂ ਸੈਫੀਆਂ[1]
ਪਾਲੀਤੇ ਧੁਖਵਾਇ।
ਤੌ ਭੀ ਚਿੰਤਾ ਸ਼ਾਹਿ ਕੋ,
ਥਰ ਥਰਰਹੀ ਕੰਪਾਇ ॥੩੪॥

[1]ਦੁਸ਼ਮਣ ਨੂੰ ਅਧੀਨ ਕਰਨ ਵਾਲੇ ਮੰਤ੍ਰ।

ਸ਼ਾਹਿ ਬਹਾਦਰ ਚਢ੍ਯੋ ਤਬਿ,
ਧਰਿ ਮਨ ਮੈਂ ਕਿਛੁ ਧੀਰ।
ਅਧਿਕ ਸੈਨ ਬੀਰਾਨ ਕੀ[1],
ਲੈ ਕੈ ਪੀਰ ਫਕੀਰ ॥੩੫॥

[1]ਸੂਰਮਿਆਂ ਦੀ।

ਚੌਪਈ:
ਪੁਨਾ ਸ਼ਾਹ ਤਬਿ ਐਸ ਵਿਚਾਰੀ।
ਬੰਦੇ ਸੋਂ ਨਹਿਂ ਬਨੈ ਬਿਗਾਰੀ।
ਬੰਦਾ ਸਿੱਖ ਉਸੀ ਗੁਰੁ ਕਾ ਹੈ।
ਮੁਹਿ ਪਤਸ਼ਾਹੀ ਦੀਨੀ ਜਾਹੈਂ ॥੩੬॥
ਵਲੀ ਲੋਕ ਵਹਿ ਹੈਂ ਅਤਿ ਭਾਰੈਂ।
ਕਜਾ ਜਾਨੈ ਫਿਰ ਕਜਾ ਕਰਿ ਡਾਰੈਂ।

ਪਪੀਹਿਆਂ ਨੂੰ ਬੱਦਲ ਦੇ ਵਰ੍ਹਨ ਤੋਂ ਅਨੰਦ ਹੁੰਦਾ ਹੈ।

ਔਧ ਬਸ਼ਿੰਦਨ ਰਾਮ ਮਿਲਜੋ ਜਿਮ,
ਕਾਨ੍ਹ ਗੁਵਾਰਨਿ ਕੋ ਸੁਖ ਕੰਦਾ[1]।

[1]ਜਿਵੇਂ ਅਜੁੱਧਿਆ ਦੇ ਵਸਨੀਕਾਂ ਨੂੰ ਰਾਮ ਚੰਦਰ ਤੇ ਗਵਾਲਿਆਂ ਨੂੰ ਸੁਖ ਦੇਣ ਵਾਲਾ ਕ੍ਰਿਸ਼ਨ ਮਿਲਿਆ।

ਜਯੋਂ ਹਨੂਮੰਤ ਮਿਲਜੋ ਕਪਿ ਬ੍ਰਿੰਦਨ,
ਸਿੰਘਨ ਕੋ ਮਿਲਿਓ ਤਿਮ ਬੰਦਾ[1] ॥੪੯॥

[1]ਜਿਵੇਂ ਬਹੁਤੇ ਬਾਂਦਰਾਂ ਨੂੰ ਹਨੂਮਾਨ ਮਿਲਿਆ ਤਿਵੇਂ ਸਿੰਘਾਂ ਨੂੰ ਬੰਦਾ ਮਿਲਿਆ।

ਸਿੰਘਨ ਮੋਦ ਬਢਾਇ ਮਹਾ,
ਧੁਨਿ ਊਚ[1] ਫਤੇ ਗੁਰੁ ਕੀ ਬੁਲਵਾਈ।
ਔਰ ਗਜਾਇ ਜਕਾਰੇ ਅਪਾਰੇ,
ਸੁ ਤੁੱਪਕ ਕੀ ਬਹੁ ਬਾੜ ਝੜਾਈ[1]।
ਦੁੰਦਭਿ ਦੀਹ[1] ਬਜਾਇ, ਮੰਗਾਇ ਕੈ
ਫੂਲਨ ਕੀ ਬਰਖਾ ਬਰਖਾਈ।
ਔਰ ਘਨੋ ਕੁਣਕਾ ਗੁਰੁ ਹੇਤ
ਕਰਾਇ, ਛਕਜੋ ਮੁਦ ਹ੍ਵੈ ਵਰਤਾਈ ॥੫੦॥

[1]ਬਹੁਤਾ ਅਨੰਦ ਵਧਾਕੇ ਉੱਚੀ (ਧੁਨਿ) ਅਵਾਜ਼ ਨਾਲ।

[1]ਬਹੁਤੀਆਂ ਬੰਦੂਕਾਂ ਦਾ (ਬਾੜ) ਇਕੱਠਾ ਵਾਰ ਛੱਡਿਆ।

[1]ਵੱਡੇ ਧੌਂਸੇ।

ਸਾਰ ਭਈ ਤੁਰਕਾਨ ਤਈ ਇਹੁ,
ਤਾਪ ਚਢਜੋ ਜਨ ਬੱਜਰ[1] ਮਾਰਜੋ।
ਕੇਹਰ ਕੋ ਪਿਖਿ ਜੈਸ ਕਰੀ ਗਨ,
ਝੂਰਤਿ ਮੂਰਤਿ ਮੌਤ ਵਿਚਾਰਜੋ[1]।

[1]ਇੰਦਰ ਦੀ ਗਦਾ। (ਅ) ਬਿਜਲੀ।

[1]ਜਿਵੇਂ ਸ਼ੇਰ ਨੂੰ ਵੇਖ ਕੇ (ਗਨ) ਬਹੁਤੇ (ਕਰੀ) ਹਾਥੀ (ਆਪਣੀ) ਮੌਤ ਦੀ ਮੂਰਤੀ ਵਿਚਾਰ ਕੇ ਝੂਰਦੇ ਹਨ।

ਆਨ ਬਿਸੂਚੀ ਪਰੀ ਤਿਨ ਪੈ ਜਨੁ,
ਖਾਵਨ ਪੀਵਨ ਸੌਨ ਵਿਸਾਰਜੋ[1]।

[1]ਜਾਣੋਂ ਤਿਨ੍ਹਾਂ (ਤੁਰਕਾਂ) ਉਪਰ (ਬਿਸੂਚੀ) ਮਰੀ (ਹੈਜ਼ੇ) (ਦੀ ਬਿਮਾਰੀ) ਆ ਪਈ (ਜਿਸ ਨੇ ਉਨ੍ਹਾਂ ਦਾ) ਖਾਣਾ ਪੀਣਾ ਤੇ ਸੌਣਾ ਭੁਲਾ ਦਿੱਤਾ ਹੈ।

ਲੇਤ ਉਸਾਸ[1] ਉਦਾਸ ਭਏ ਸਭਿ,
ਜੀਵਨ ਆਸ ਨਿਰਾਸ ਵਿਚਾਰਜੋ ॥੫੧॥

[1]ਹਾਹੁਕੇ।

ਸਿੰਘਨ ਸਿੰਘ ਇਕੱਠੇ ਕਰੇ, ਸੁਨਿ
ਨੱਠੇ ਅਏ ਸਭਿ ਆਇ ਮਿਲਾਏ[1]।
ਲੈ ਨਿਜ ਸੰਗਹਿ ਬੰਦਹਿ ਕੋ,
ਚਢਿ ਧਾਇ ਪਰੇ ਬਡੇ ਦੁੰਦਭਿ ਵਾਏ[1]।
ਦੇਸ ਦੁਆਬ ਧਸੇ, ਵਡ ਗ੍ਰਾਮ
ਲੁਟੇ ਤੁਰਕਾਨਨ ਕੇ, ਮਨ ਭਾਏ।

[1]ਆ ਕੇ ਬੰਦੇ ਨੂੰ ਮਿਲ ਪਏ।

[1]ਵੱਡੇ ਧੌਂਸੇ ਵਜਾ ਕੇ।

ਅਏ ਔਰ ਜ਼ਜਾਦੇ ॥ ੫੭ ॥
ਘਨਾ ਜੰਗ ਹੋਵਾ।
ਬਨਾ ਰੰਗ ਜੋਵਾ[1]। [1]ਰੰਗ ਬਣਿਆ ਦੇਖਿਆ।
ਫਿਰੈਂ ਸਿੰਘ ਆਗੇ।
ਪਿਛੈ ਤੁਰਕ ਲਾਗੇ ॥ ੫੮ ॥
ਕਬੀ ਹੋਇ ਨੇਰੈਂ।
ਕਰੈਂ ਭੱਟ ਭੇਰੈਂ[1]। [1]ਜੰਗ।
ਪਰੈ ਜੰਗ ਗਾਢੇ[1]। [1]ਜਦੋਂ ਤਕੜਾ ਜੰਗ ਪੈਂਦਾ ਹੈ।
ਧਰੈਂ ਲੋਹ ਬਾਢੇ[1] ॥ ੫੯ ॥ [1](ਲੋਹ) ਸ਼ਸਤ੍ਰਾਂ ਨਾਲ ਵੱਢ ਕੇਰੱਖ ਦੇਂਦੇ ਹਨ।
ਛੁਟੈਂ ਰਾਮਜੰਗੇ।
ਦੁਹੂੰ ਓਰ ਚੰਗੇ।
ਮਰੇ ਜ੍ਵਾਨ ਘੋਰੇ।
ਕਿਛੁ ਨਾਹਿਂ ਥੋਰੇ ॥ ੬੦ ॥
ਕਈ ਮਾਸ[1] ਬੀਤੇ। [1]ਮਹੀਨੇ।
ਇਸੀ ਭਾਂਤਿ ਹੀ ਤੇ[1]। [1]ਇਸੇ ਹੀ ਤਰ੍ਹਾਂ ਨਾਲ।
ਮਚਯੋ ਭੂਰ ਰੌਲਾ।
ਭਯੋ ਦੇਸ ਹੌਲਾ ॥ ੬੧ ॥
ਨਹੀਂ ਪੇਸ਼ ਜਾਈ।
ਕਿਸੂ ਕੇਰ ਕਾਈ।
ਤੁਕੈਂ ਸੈਨ ਭਾਰੀ।
ਤਜੈ ਨ ਪਿਛਾਰੀ ॥ ੬੨ ॥
ਨਹੀਂ ਪੰਥ ਤਾਈਂ।
ਲੈਨ ਚੈਨ ਦਾਈ ॥ ੬੩ ॥
ਦੋਹਰਾ:
ਫਗਵਾੜੇ ਜਾਲੰਧਰੈਂ,
ਗਿਰਦੇ ਮੁਲਕ ਬਧੇਰ।
ਗਾਹਯੋ ਸਿੰਘੋਂ ਨੈ, ਲੁਟੇ
ਗ੍ਰਾਮ ਤੁਕਾਨ ਅਛੇਰ[1] ॥ ੬੪ ॥ [1]ਚੰਗੇ।
ਕੋਟ ਸ਼ਾਹ, ਤਲਬਨ ਬਡੋ,
ਦਖਣ ਨੂਰ-ਮਹੱਲ।

ਜਯੋਂ ਹਮਰੇ ਵਡਜਨ ਸਿਰ ਦੀਨੇ,
ਤਯੋਂ ਹਮ ਦੈਹੈਂ ਐਂਠੇ[1] ॥੨੬॥
ਹਮਰੇ ਸਿਰ ਜਬਿ, ਤੁਰਕਨ ਕੇ ਸਿਰ
ਚਰ੍ਹ ਹੈਂ, ਭਰ ਹੈ ਬੇੜਾ[1]।

ਡੁਬੈ ਜਹਾਜ ਭਵਾਂਬੁਧ ਇਨ ਕਾ,
ਮਿਟ ਹੈ ਤਬਿ ਸਭਿ ਝੇੜਾ[1]।

ਯਹਿ ਜਬਿ ਮਾਤਾ ਨੈ ਲਿਖ ਪਠਯੋ,
ਮਾਨ ਖਾਲਸੇ ਲੀਨਾ।
ਪੁਨ ਬੰਦੇ ਕਾ ਸੰਗ ਤਜਨ ਹਿਤ,
ਯੌਂ ਵਿਚਾਰ ਮਨਿ ਕੀਨਾ ॥੨੭॥
ਕਿਸੀ ਬਾਤ ਪਰ ਅਬਿ ਯਹਿ ਬੰਦਾ,
ਹਮ ਸੋਂ ਬਿਗਰੈ ਜਬਿ ਹੀ।
ਬਿਨਾ ਦੇਰ ਹਮ ਸੰਗ ਤਯਾਗੈਂ,
ਇਸ ਗੰਦੇ ਕਾ ਤਬਿ ਹੀ।
ਯਹਿ ਵਿਚਾਰ ਉਰਿ ਧਰੀ ਖਾਲਸੇ,
ਫਿਰ ਕੇਤਿਕ ਦਿਨ ਮੇਹੈਂ[1]।
ਬੰਦਾ ਪੰਥ ਸਮੇਤ ਸੁਧਾ-ਸਰ,
ਆਯੋ ਮੇਲੇ ਪੈਹੈਂ[1] ॥੨੮॥
ਮੇਲਾ ਭਰਯੋ ਬਿਸਾਖੀ ਕਾ ਜਬਿ,
ਸੰਗਤ ਗੁਰੁ ਬਹੁ ਆਈ।
ਗੁਰੁ ਕੇ ਮੰਦਰ ਅੰਦਰ ਬੰਦੇ,
ਗੱਦੀ ਤਬਿ ਨਿਜ ਲਾਈ।
ਸ਼ਸਤਰ ਬਸਤਰ ਜ਼ੇਵਰ ਜੇ ਵਰ[1],
ਕਲਗੀ ਜਿਗਾ ਸਜਾਈ।
ਗੱਦੀ ਪਰ ਅੰਦਰ ਹਰਿਮੰਦਰ,
ਬੰਦਾ ਬੈਠਯੋ ਜਾਈ ॥੨੯॥
ਅਪਨੇ ਸਿਰ ਪਰ ਚਵਰ ਕਰਾਵੈ,
ਅਪਨੇ ਚਰਨ ਪੁਜਾਵੈ।
ਪੁਨਾ ਆਪ ਕੋ ਗੁਰੂ ਗਜਾਰਵਾਂ,

[1]ਅਣਖ ਨਾਲ।

[1]ਜਦੋਂ ਸਾਡੇ ਸਿਰ ਤੁਰਕਾਂ ਦੇ ਸਿਰ ਚੜ੍ਹ ਜਾਣਗੇ (ਤਾਂ ਤੁਰਕਾਂ ਦਾ ਪਾਪਾਂ ਦਾ) ਬੇੜਾ ਭਰ ਜਾਵੇਗਾ।

[1](ਜਦੋਂ) ਇਨ੍ਹਾਂ ਤੁਰਕਾਂ ਦਾ (ਭਵਾਂਬੁਧ) ਸੰਸਾਰ ਸਮੁੰਦਰ ਵਿੱਚ ਬੇੜਾ ਡੁੱਬ ਜਾਵੇਗਾ ਤਦੋਂ ਸਾਰਾ ਝਗੜਾ ਮਿਟ ਜਾਵੇਗਾ।

[1]ਵਿੱਚ।

[1]ਉੱਪਰ।

[1](ਜੇ) ਜੇਹੜੇ (ਵਰ) ਚੰਗੇ (ਜ਼ੇਵਰ) ਗਹਿਣੇ ਸਨ।

ਇੰਦਰ ਚੰਦਰ ਮੰਦਰ ਸ਼ਕਤੀ[1],
ਭਾਵੀ ਦਾਗ ਲਗਾਯੋ[1] ॥੮੬॥
ਰਾਮ ਯੁਧਿਸ਼ਟਰ ਨਲਰਾਜਾ ਲੌਂ,
ਬਨ ਭਾਵੀ ਮੈਂ ਭੂਲੇ[1]।
ਸੋ ਭਾਵੀ ਅਬਿ ਅਈ ਪੰਥ ਪਰ,
ਦਾਯਕ ਦੁਖਦਾ ਝੂਲੇ[1]।
ਬੁੱਧਿ ਸਹਾਇ ਮਿਲਤ ਹੈ ਤੈਸੀ,
ਜੈਸੀ ਭਾਵੀ ਹੋਵੈ।
ਬੁਰੀ ਬਾਤ ਕੋ ਨੀਕੀ ਸਮਝਤ,
ਮੰਦ ਨਰੈਂ ਭਲ ਜੋਵੈ[1] ॥੮੭॥
ਪੈਦਾ ਭਯੋ ਨਫਾਕ[1] ਦੁਖਦ ਅਤਿ,
ਰਾਵਣ ਕੰਸ ਸਮਾਨੋ।
ਦਿੱਲੀ ਔਰ ਲਹੌਰ ਮਰੁੱਟੇ,
ਪੱਟੇ ਤੁਰਕ ਜਹਾਨੋ[1]।
ਸਾਥ ਇਤਫਾਕ ਲਈ ਅੰਗਰੈਜੈਂ
ਤਾਜਰਾਨ ਪਤਿਸ਼ਾਹੀ[1]।
ਬੇ-ਇਤਫਾਕੀ ਵਾਲੇ ਹੂਏ,
ਸ਼ਾਹਿ ਕੰਗਾਲ ਮਹਾਂਹੀਂ[1] ॥੮੮॥
ਅਬਿ ਬੰਦੇ ਅਰ ਸਿੰਘਨ ਕੇਰੀ,
ਹੋਈ ਬੇ-ਇਤਫਾਕੀ।
ਪੈਹੈ ਪੈਰ ਪਿਛਾਹਾਂ ਦਿਨ ਦਿਨ,
ਤੁਰਕ ਨ ਛੋਡੈਂ ਆਕੀ।
ਜਾਂ ਦਿਨ ਤੈ ਸਰਾਪ ਮਾਤਾ ਨੈ,
ਬੰਦੇ ਤਾਂਈਂ ਦੀਨੋ।
ਤੇਜ ਘਟਜੋ ਤਾਂ ਦਿਨ ਤੇ ਤਿਸ ਕਾ,
ਭਯੋ ਬੁੱਧਿ ਬਲ ਹੀਨੋ ॥੮੯॥
ਸਿੰਘਨ ਸੋਂ ਤਿਨ ਬਾਦ[1] ਉਠਾਯੋ,
ਬਕਨ ਬਿਪ੍ਰੱਯੇ ਲਾਗਜੋ[1]।
ਕਬੀ ਕਹੈ ਮੈਂ ਹੂੰ ਕਲਕੀ ਅਵਤਾਰ,
ਜਗਤ ਮੈਂ ਜਾਗਜੋ।

[1]ਜਿਹੜੇ ਬਹੁਤ ਸ਼ਕਤੀ ਦੇ ਮਾਲਕ ਸਨ।
[1]ਹੋਣੀ ਨੇ ਦੋਹਾਂ ਨੂੰ ਕਲੰਕਤ ਕਰ ਦਿੱਤਾ।
[1]ਭਾਵੀ ਦੇ ਭੁਲਾਏ ਜੰਗਲਾਂ 'ਚ ਗਏ।
[1]ਦੁਖ ਦੇ ਦੇਣ ਵਾਲੀ ਭਾਵੀ ਝੁੱਲੇਗੀ।
[1]ਮਾੜੇ ਆਦਮੀਆਂ ਨੂੰ ਚੰਗਾ ਦੇਖਦਾ ਹੈ।
[1]ਫੁੱਟ।
[1]ਤੁਰਕ ਛੇਤੀ ਸੰਸਾਰ ਚੋਂ ਮਿਟ ਗਏ।
[1]ਅੰਗ੍ਰੇਜ਼ ਵਪਾਰੀਆਂ ਨੇ ਪਾਤਸ਼ਾਹੀ ਲੈ ਲਈ।
[1]ਬਹੁਤੇ।
[1]ਝਗੜਾ।
[1]ਉਲਟ ਬੋਲਣ ਲੱਗਾ।

ਪੁਨ ਸਲਾਹ ਕਰਿ ਸਿੰਘਨ ਤਬਿ ਹੀ,
ਡੇਰਾ ਬੰਦੇ ਕੇਰਾ।
ਕਰਿ ਕੈ ਛੂਟ[1] ਲੂਟ ਲਿਯ ਨਿਸ ਕੋ,
ਕਰੀ ਨ ਰੰਚਕ ਦੇਰਾ[1]।
ਪੁਨ ਬੰਦੇ ਨੇ ਸਿੰਘਨ ਪਰਤੀ,
ਆਇ ਦਿਵਸ ਮੈਂ ਭਾਖਯੋ।
ਉਪਬਨ ਸਮ[1] ਪਾਲਯੋ ਮੈਂ ਤੁਮ ਕੋ,
ਤੁਰਕਨ ਤੈ ਪੁਨ ਰਾਖਯੋ ॥੯੮॥
ਜੱਟਨ ਤੈ ਰਾਜੇ ਤੁਮ ਕੀਨੇ,
ਮੁਲਖ ਮੱਲ ਬਹੁ ਦੀਓ।
ਫਿਰ ਹਮ ਪਰ ਹੀ ਤੁਮ ਹਥ ਘਾਲਯੋ[1],
ਜਰਾ ਲਿਹਾਜ ਨ ਕੀਓ।
ਕਹਯੋ ਸਿੰਘਨ ਹਮ ਪੂਤ ਪਰਾਏ,
ਤੂੰ ਬਣਯੋ ਥਾ ਦਾਯਾ[1]।
ਹਮਰੇ ਪਿਤਾ ਗੁਰੂ ਨੈ ਤੁਮ ਕੋ,
ਖਿਦਮਤਗਾਰ[1] ਬਣਾਯਾ ॥੯੯॥
ਨਿਜ ਪਿਤ ਨਿਜ ਸੁਤ ਪੰਥ ਸੰਭਾਲਯੋ,
ਭਯੋ ਜਬੈ ਹੁਸ਼ਯਾਰੇ।
ਬਿਸਟਾ ਮੂਤ ਥੂਕ ਅਰ ਲਾਲਾਂ,
ਪੱਲੇ ਰਹੀ ਤੁਮਾਰੇ।
ਕ੍ਰਿਸ਼ਨ ਗੁਵਾਲਯੋਂ ਨੈ ਜਿਮ ਪਾਲਯੋ,
ਵਡ ਹ੍ਵੈ ਨਿਜ ਕੁਲ ਭਿੱਲਯੋ[1]* ॥੧੦੦॥
ਕੋਕਲ ਸੁਤ ਕੋ ਕਾਕ ਪਾਲ ਹੈ,
ਮੁਰਗੀ ਬੱਤਕ ਪੂਤੈਂ[1]।
ਜਯੋਂ ਕੇਹਰ ਸੁਤ ਕੋ ਇਯਾਲੀ ਨੈ

[1]ਹੱਲਾ।

[1]ਥੋੜੀ ਵੀ ਦੇਰ ਨਹੀਂ ਕੀਤੀ।

[1]ਬਗ਼ੀਚੇ ਵਾਂਗ।

[1]ਪਾਇਆ।

[1]ਖਿਡਾਵਾ, ਬੱਚੇ ਨੂੰ ਪਾਲਣ ਵਾਲਾ।

[1]ਸੇਵਾਦਾਰ।

[1]ਆਪਣੀ ਕੁਲ 'ਚ ਜਾ ਮਿਲਿਆ। *ਅੰਕ ਨੰ. ੧੦੦ ਦੀਆਂ ਮੂਲ ਵਿੱਚ ਇਹ ਤਿੰਨ ਹੀ ਤੁਕਾਂ ਹਨ। ਛਪਣ ਸਮੇਂ ਇਕ ਤੁਕ ਰਹਿ ਗਈ ਜਾਪਦੀ ਹੈ। ਅੰਮ੍ਰਿਤਸਰ ਐਡੀਸ਼ਨ 'ਚ ਤੀਜੀ ਤੁਕ ਤੋਂ ਅਗੋਂ ਇਹ ਤੁਕ ਹੈ :- 'ਪਾਲਤ ਕਾਕ ਪੂਤ ਕੋਕਿਲ ਕੋ, ਰੰਗ ਈਹਾਂ ਸੋ ਖਿਲਯੋ।' ਪਰ ਏਥੇ ਕੁਝ ਤੁਕਾਂ ਨਵੀਆਂ ਪਾਈਆਂ ਹਨ, ਜਿਨ੍ਹਾਂ ਚੋਂ ਇਕ ਤੁਕ ਰਹਿ ਗਈ ਹੈ।

[1]ਕੋਇਲ ਦੇ ਪੁਤ੍ਰਾਂ ਨੂੰ ਕਾਂ ਤੇ ਬੱਤਕ ਦੇ ਪੁਤ੍ਰਾਂ ਨੂੰ ਮੁਰਗੀ ਪਾਲਦੀ ਹੈ।

ਹੈ ਬੰਦਾ ਯਹਿ ਬੁੱਤ ਪਰਸਤੈਂ[1]। — [1]ਬੁੱਤ ਪੂਜਣ ਵਾਲਾ।
ਹਮ ਤੁਮ ਹੈਂ ਜੁਗ ਬੁੱਤ ਸ਼ਿਕਸਤੈਂ[1] ॥੩੫॥ — [1]ਅਸੀਂ ਦੋਵੇਂ ਬੁੱਤਾਂ ਨੂੰ ਤੋੜਨ ਵਾਲੇ ਹਾਂ।
ਜਿਮ ਕੁਰਾਨ ਮੈਂ ਹਮਰੇ ਆਇਤ[1]। — [1]ਕੁਰਾਨ ਦਾ ਪਦ, ਮੰਤ੍ਰ, ਤੁਕ, ਵਾਕ।
ਤਿਮ ਤੁਮਰੇ ਗੁਰ ਲਿਖੀ ਹਕਾਯਤ[1] ॥੩੬॥ — [1](ਫਾਰਸੀ ਵਿੱਚ) ਕਹਾਣੀਆਂ।
ਤਥਾ ਹੀ –
ਬੈਂਤ ਸ੍ਰੀ ਮੁਖਵਾਕ ਪਾਤਿਸ਼ਾਹੀ ੧੦* ॥ — *ਜ਼ਫ਼ਰਨਾਮਹ, ਦਾਸਤਾਨ ੧ ਅੰਕ ੯੫, ਦਸਮ ਗ੍ਰੰਥ ਪੰਨਾ ੧੩੯੯

*ਮਨਮ ਕੁਸ਼ਤਨਮ ਕੋਹੀਆਂ ਬੁੱਤ ਪਰਸਤ[1]। — [1]ਬੁੱਤਾਂ ਦੀ ਪੂਜਾ ਕਰਨ ਵਾਲੇ (ਕੋਹੀਆਂ) ਪਹਾੜੀਆਂ ਨੂੰ (ਮਨਮ) ਮੈਂ (ਕੁਸ਼ਤਨਮ) ਮਾਰਦਾ ਹਾਂ।
ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ[1]। — [1]ਕਿਉਂਕਿ ਉਹ ਬੁੱਤਾਂ ਦੀ ਪੂਜਾ ਕਰਨ ਵਾਲੇ ਹਨ ਤੇ ਮੈਂ ਬੁੱਤਾਂ ਨੂੰ (ਸ਼ਿਕਸਤ) ਤੋੜਨ ਵਾਲਾ ਹਾਂ।

ਬਚਨ ਤੁਮਾਰੇ ਗੁਰੁ ਯਹਿ ਜੋਈ।
ਕਹਜੋ ਮਾਨਣਾ ਚਹੀਏ ਸੋਈ।
ਅਰ ਅਬਿ ਇਹੁ ਸਭਿ ਸ਼ਰਤੋਂ[1] ਗੁਰੁ ਕੀ। — [1]ਗੁਰਾਂ ਦੀਆਂ ਸ਼ਰਤਾਂ ਤੋਂ।
ਝੂਠਾ ਭਯੋ ਸ਼ਕਤਿ ਖ੍ਵੈ ਉਰ ਕੀ ॥੩੭॥
ਅਰ ਇਨ ਅਪਨਾ ਪੰਥ ਚਲਾਯੋ।
ਗੁਰੁ ਕੇ ਪੰਥੈ ਚਹਿਤ ਘਟਾਯੋ।
ਜੇ ਇਹੁ ਬਹੁ ਦਿਨ ਜੀਵਤ ਰੈਹੈ।
ਜਗਤ ਤਈਂ ਕਿਛੁ ਸ਼ਕਤਿ ਦਿਖੈ ਹੈ ॥੩੮॥
ਲੋਗ ਲਗੈਂ ਸਭਿ ਇਸ ਕੇ ਪੀਛੇ।
ਬਨੈਂ ਮੁਰੀਦ ਇਸੀ ਕੇ ਤੀਛੇ[1]। — [1]ਤਿੱਖੇ, ਕੱਟੜ।
ਸਨੇ ਸਨੇ[1] ਕਿਛੁ ਦਿਨ ਇਮ ਪਾਈ। — [1]ਹੌਲੀ ਹੌਲੀ।
ਪੰਥ ਗੁਰੂ ਕਾ ਨਾਮ ਮਿਟਾਈ ॥੩੯॥
ਗੁਰੁ ਸਿਖ ਸਿਦਕੀ ਬ੍ਰਿਧ ਮਰੈ ਹੈਂ।
ਨਏ ਹੋਰ ਜਬਿ ਨਾਹਿਂ ਥਵੈ ਹੈਂ।
ਗ੍ਰੰਥ ਸਾਖੀਆਂ ਬਦਲ ਲਿਖੈ ਹੈਂ।
ਅਪਨਾ ਨਾਮ ਸਭੀ ਮੈਂ ਪੈਹੈਂ[1] ॥੪੦॥ — [1]ਪਾ ਲੈਣਗੇ।
ਗੁਰ ਗਿਆਰਵਾਂ ਖੁਦ ਸਦਵੈ ਹੈ।
ਯੌਂ ਤੁਵ ਬਡਯਨ ਨਾਮ ਮਿਟੈ ਹੈ।
ਦਸਮ ਗੁਰੂ ਜਜੋਂ ਸਿੰਘ ਬਨਾਏ।
ਤੈਸ ਬੰਦਈ ਏਹੁ ਬਿਦਤਾਏ ॥੪੧॥

ਹੀਰੇ ਹੀਰਾ ਭੇਦ[1]।
[1]ਹੀਰੇ ਨੂੰ ਹੀਰੇ ਦੀ ਕਣੀ ਵਿੰਨ੍ਹਦੀ ਹੈ।
ਤਿਮ ਸਿੰਘਨ ਕੋ ਸਿੰਘ ਕਟੈਂ,
ਔਰ ਨ ਸਾਕੈ ਛੇਦ[1] ॥੬॥
[1]ਹੋਰ ਕੋਈ ਕੱਟ ਨਹੀਂ ਸਕਦਾ।

ਕਬਿੱਤ:
ਐਸੇ ਪਤਿਸ਼ਾਹਿ ਧਰਿ ਚਿੱਤ ਮਾਹਿਂ ਉਤਸ਼ਾਹਿ,
ਸਿੰਘਨ ਕੇ ਪਾਸ ਨਿਜ ਸੱਚਵ ਪਠਾਯੋ ਹੈ[1]।
[1]ਵਜ਼ੀਰ ਭੇਜਿਆ।
ਏਕ ਦੀਹ ਦੁੰਦਭਿ ਨਿਸ਼ਾਨ[1] ਔ ਇਨਾਮ ਬਹੁ,
[1]ਇੱਕ ਵੱਡਾ ਧੌਂਸਾ ਤੇ ਨਿਸ਼ਾਨ ਸਾਹਿਬ।
ਸਿਰੇਪਾਉ ਧਨ ਹਿਤ ਖਰਚ ਘਲਾਯੋ ਹੈ।
ਐਸੇ ਓਨ ਪਠਜੋ ਲਿਖਿ ਹਮ ਤੁਮ ਗੁਰੁਸਿੱਖ,
ਹਮ ਪੈ ਇਸਾਨ ਪੰਥ ਮਾਤ ਨੈ ਕਮਾਇਯੋ ਹੈ।
ਅਬਿ ਹਮ ਦੇਂਹਗੇ ਜਗੀਰ ਬਹੁ ਮਾਤ ਤਾਂਈਂ,
ਛਕਜੋ ਤੁਮ ਬੈਠ ਆਪ ਦੁਖਜੋ ਨ ਦੁਖਾਯੋ ਹੈ ॥੭॥

ਫੇਰ ਤਤਬੀਰ ਕਰਿ[1] ਦੈਂਹਗੇ ਜਗੀਰ ਤੁਮੈਂ,
[1]ਜਤਨ ਕਰਕੇ।
ਜੁਦੀ ਜੁਦੀ ਬੈਠ ਕਰਿ ਸੁਧਾਸਰ ਛਕਯੋ।
ਐਸੇ ਕਹਿ ਸ਼ਾਹਿ ਪਠਜੋ ਸਚਵ ਉਛਾਹਿ ਯੁਤ[1],
[1]ਉਤਸ਼ਾਹ ਸਹਿਤ।
ਆਇ ਤਿਨ ਪੰਥ ਪਾਹਿ ਵਾਹਿ ਸਭਿ ਬਕਯੋ[1]।
[1]ਉਸ ਨੇ ਪੰਥ ਪਾਸ ਸਾਰੀ ਗੱਲ ਬਾਤ ਕਹੀ।
ਦਯੋ ਜੋਊ ਲਜਾਇ ਸੋਊ ਲਯੋ ਪੰਥ ਮੋਦ ਪਾਇ,
ਤੌ ਭੀ ਨਾਹਿਂ ਤ੍ਰੁਕ ਕਾ ਵਿਸਾਹੁ[1] ਦਿਲ ਰਖਯੋ।
[1]ਭਰੋਸਾ।
ਖਾਹਿਂ ਨਿਤ ਮੁਲਖ ਨਵੀਨ ਲੂਟ ਕੂਟ ਕਰਿ,
ਊਪਰ ਸੈਂ ਮੇਲ ਤੁਰਕਾਨ ਸੰਗ ਰਖਯੋ ॥੮॥

ਫੇਰ ਪਤਿਸ਼ਾਹ ਨੰਦ ਲਾਲ ਕੋ ਬੁਲਾਇ ਉਤ,
ਮਾਤ ਢਿਗ ਪਠਜੋ ਬਹੁ ਭੇਟ ਔ ਸਲਾਮ ਦੈ।
ਕਹਜੋ ਮਾਤ ਤਾਂਈਂ ਤੁਮ ਭਏ ਹੋ ਸਹਾਈ ਮੋਹਿ,
ਲਯੋ ਹੈ ਬਚਾਈ ਬੰਦੇ ਗੰਦੇ ਤੈ ਅਲਾਮ ਦੈ[1]।
[1]ਆਸਰਾ ਦੇਕੇ। (ਅਲੰਭ ਤੋਂ ਅਲਾਮ-ਆਸਰਾ)।
ਪੁਨ ਪਤਿਸ਼ਾਹਿ ਨਿਜ ਸਭਾ ਮਾਹਿਂ ਕਹਜੋ ਚਾਹਿ[1],
[1]ਇੱਛਾ ਨਾਲ।
ਸਭਿ ਹੀ ਅੰਬੀਰਨ ਕੋ ਕਸਮ ਕਲਾਮ ਦੈ[1]।
[1]ਕਲਮੇ ਦੀ ਸਹੁੰ ਦੇ ਕੇ।
ਜਾਇ ਅਬਿ ਕੋਊ ਬੀਰ ਧੀਰ ਸੰਗ ਭੀਰ ਲੈ ਕੈ,
ਤਦਬੀਰ ਕਰਿ ਤਾਂਹਿ ਲਜਾਵੇ ਕਤਲਾਮ ਦੈ[1] ॥੯॥
[1]ਜਤਨ ਨਾਲ ਲਿਆਵੇ ਜਾਂ ਕਤਲ ਕਰ ਦੇਵੋ।

ਤਿਨ ਬੰਦੇ ਕੋ ਬੰਦਨ ਕਰੀ।
ਜਾਇ ਭੇਟ ਬਹੁ ਆਗੈ ਧਰੀ।
ਕਹਜੋ ਆਪ ਕੇ ਦਰਸ਼ਨ ਹੇਤੈਂ।
ਆਇ ਨਵਾਬ ਅਦਾਬ ਸਹੇਤੈਂ[1] ॥੧੬॥
ਤੁਮ ਮੈਂ ਸ਼ਕਤਿ ਬਿਹੱਦ ਪਿਖਿ ਸੁਨ ਕੈ।
ਹੋਨ ਮੁਰੀਦ ਚਹਿਤ ਮਨਿ ਗੁਨ ਕੈ।
ਲਾਖ ਰੁਪੱਯਾ ਭੇਟਾ ਲਜਾਯੋ।
ਸਾਚ ਏਹੁ ਹਮ ਤੁਮੈਂ ਸੁਨਾਯੋ ॥੧੭॥
ਪੀਰ ਫਕੀਰ ਭੂਪ ਢਿਗ ਕੂਰੈਂ[1]।
ਜੋ ਬੋਲੇ ਸੋ ਮਰੈ ਵਿਸੂਰੈਂ[1]।
ਫਿਰ ਤੁਮ ਸਭਿ ਕੇ ਦਿਲ ਕੀ ਜਾਨੈਂ।
ਹਮ ਤੁਮ ਢਿਗ ਕਿਮ ਕੂਰ ਵਖਾਨੈਂ ॥੧੮॥
ਪੀਰ ਪਿਕੰਬਰ ਬਲੀ ਅਪਾਰਾ।
ਭਏ ਸਿੱਧ[1] ਰਿਖਿ ਸੰਤ ਅਵਤਾਰਾ।
ਪੈ ਤੁਮ ਸਮ ਅਜ਼ਮਤ ਸਮਰੱਥਾ।
ਭਈ ਨ ਕਿਸ ਮੈਂ ਸੁਨੀਅਤ ਕੱਥਾ ॥੧੯॥
ਇਤਜਾਦਿਕ ਬਹੁ ਬਾਤ ਸੁਨਾਏ।
ਬੰਦੇ ਕਾ ਦਿਲ ਲਯੋ ਚੁਰਾਏ।
ਤਬਿ ਬੰਦੇ ਨੈ ਯੌਂ ਫੁਰਮਾਯੋ।
ਦਰਸ਼ਨ ਹਿਤ ਨੁਵਾਬ ਜੋ ਆਯੋ ॥੨੦॥
ਸੁੱਧ ਭਾਵ ਸੋਂ ਦਰਸੈ ਆਈ।
ਕਰਿ ਹੈ ਕਪਟ ਤ ਨਸ਼ਟ ਥਵਾਈ[1]।
ਅਰ ਵਹਿ ਅਪਨੋ ਕਰਜੋ ਭਰੈ ਹੈ।
ਹਮ ਫਕੀਰ ਸਮ ਕਲਪ-ਤਰੈ ਹੈਂ[1] ॥੨੧॥
ਇਹੁ ਸੁਨਿ ਉਨ ਪੁਨ ਚੁਨ ਧੁਨਿ ਬਾਤੈਂ[1]।
ਕੀਨੀ ਐਸੀ ਲਿਆਕਤ ਸਾਥੈਂ[1]।
ਭਰੀ ਤਰੀਫ ਮ੍ਰਿਦੁ ਮਿਠਯਾਈ[1]।
ਅਤੀ ਰਸੀਲੀ ਖੁਸ਼ੀ ਪ੍ਰਦਾਈ[1] ॥੨੨॥
ਐਸੀ ਐਸੀ ਭਾਂਤਿ ਬਨਾ ਹੈ।

[1]ਸਤਿਕਾਰ ਤੇ ਪਿਆਰ ਨਾਲ।
[1]ਰਾਜੇ ਕੋਲ ਝੂਠ।
[1]ਝੁਰ ਕੇ ਮਰਦੇ ਹਨ।
[1]ਕਰਾਮਾਤੀ।
[1]ਹੋ ਜਾਵੇਗਾ।
[1]ਅਸੀਂ ਕਲਪਤਰ (ਕਾਮਨਾ ਪੂਰੀਆਂ ਕਰਨ ਵਾਲੇ ਬ੍ਰਿੱਛ) ਵਾਂਗ ਹਾਂ।
[1]ਚੋਣਵੀਆਂ (ਧੁਨਿ) ਗੂੜ੍ਹ ਗੱਲਾਂ।
[1]ਯੋਗਤਾ ਨਾਲ।
[1]ਉਸਤਤ ਨਾਲ ਭਰੀਆਂ ਹੋਈਆਂ (ਮ੍ਰਿਦ) ਕੋਮਲ ਤੇ ਮਿੱਠੀਆਂ।
[1]ਬਹੁਤਰਸ ਵਾਲੀਆਂ ਤੇ ਖੁਸ਼ੀ ਦੇਣ ਵਾਲੀਆਂ।

ਅਲੀ ਤਈਂ ਕੀਨੋਂ ਸੰਸਾਰਾ[1]।
ਦੈ ਮੁਸ਼ਕਾਂ ਪਥਰਨ ਸੋਂ ਮਾਰਾ ॥੨੩॥
ਹਸਨ ਹੁਸੈਨ[1] ਇਮਾਮ ਬਡੇਰੇ[2]।
ਕਾਯਰ ਹੋਇ ਦੁਰੇ ਮਧ ਝੇਰੇ[1]।
ਭੂਖੇ ਪਜਾਸੇ ਰਹੇ ਮਹਾਂਏ।
ਤੌ ਭੀ ਭਾਵੀ ਕਤਲ ਕਰਾਏ ॥੨੪॥
ਪਿਖੋ ਮੁਹੰਮਦ ਸਾਹਿਬ ਓਰੈਂ।
ਬਢਜੋ ਦੀਨ ਜਿਸ ਕਾ ਅਤਿ ਜੋਰੈਂ।
ਆਇ ਦੁਸ਼ਮਨੈਂ ਸੋ ਜਬਿ ਫਰਯੋ।
ਕਜਾ ਜਾਨੈਂ ਕਜਾ ਦੁਖ ਦੈ ਹਰਯੋ[1] ॥੨੫॥
ਅਪਨੀ ਅਪਨੀ ਜਾਨੈਂ ਲੈ ਕੈ।
ਗਏ ਸਬੰਧੀ ਤਿਹ ਸਭਿ ਧੈ ਕੈ[1]।
ਮਰਜੋ ਪਰਜੋ ਬਾਰਾਂ ਦਿਨ ਰਹਜੋ।
ਆਇ ਫੇਰ ਤਿਹ ਉੱਮਤ ਲਹਿਓ[1] ॥੨੬॥
ਯਾਂਹੀ ਤੈ ਅਬਿ ਲੌ ਬਖਜਾਤੈ।
ਬਾਰਾਂ ਤਾਂ ਕੀ ਕਰਤ ਵਫਾਤੈਂ[1]।
ਕੰਚਨ ਕਾ ਮ੍ਰਿਗ ਸੁਨਜੋ ਨ ਹੇਰਜੋ।
ਕਬੀ ਬਿਧਾਤਾ ਰਚਜੋ ਨ ਟੇਰਜੋ[1] ॥੨੭॥
ਐਸੇ ਹਰਨ ਹਰਨ ਕੇ ਹੇਤੈਂ[1]।
ਗਏ ਰਾਮ ਅਸ ਭਏ ਅਚੇਤੈਂ[1]।
ਕਿਸ ਕਿਸ ਕੀ ਹਮ ਗਾਥ ਸੁਨਾਵੈਂ।
ਗ੍ਰੰਥ ਬਢਨ ਤੈਂ ਅਤਿ ਡਰ ਪਾਵੈਂ ॥੨੮॥
ਬਰਤੀ ਜੋ ਸਭ ਕੇ ਸਿਰ ਭਾਵੀ।
ਸੋਉ ਅਬਿ ਬੰਦੇ ਪਰ ਆਵੀ।
ਜਿਸ ਕਾ ਅੰਤ ਨਿਕਟ ਜਬ ਐਹੈ।
ਸੁਧਿ ਬੁਧਿ ਤਾਂ ਕੀ ਸਰਬ ਭੁਲੈ ਹੈ ॥੨੯॥
ਮਿਲਤ ਸਹਾਇਕ ਤਿਸ ਕੋ ਤੈਸੇ।
ਭਾਵੀ ਬਰਤਜੋ ਚੈਹੈ ਜੈਸੇ।

[1]ਅਲੀ ਨਾਲ ਸੰਸਾਰ ਨੇ ਐਸਾ ਕੀਤਾ (ਅਲੀ-ਮੁਹੰਮਦ ਸਾਹਿਬ ਦੀ ਪੁੱਤ੍ਰੀ ਫਾਤਮਾ ਦਾ ਪਤੀ)।

[1]ਅਲੀ ਤੇ ਬੀਬੀ ਫਾਤਮਾ ਦੇ ਦੋਵੇਂ ਪੁੱਤਰ। [2]ਧਰਮ ਦੇ ਵੱਡੇ ਆਗੂ।

[1]ਟੋਏ ਵਿੱਚ ਲੁਕ ਗਏ।

[1]ਮਾਰਿਆ।

[1]ਦੌੜ ਕੇ।

[1]ਉਸ ਦੇ ਮੰਨਣ ਵਾਲਿਆਂ ਦੇਖਿਆ।

[1]ਉਸ ਦੇ (ਵਫਾਤੈਂ) ਮਰਨ ਦੇ ਬਾਰਾਂ ਦਿਨ ਮਨਾਉਂਦੇ ਹਨ।

[1]ਬਿਧਾਤੇ ਦਾ ਰਚਿਆ ਕਦੇ ਕਿਸੇ ਨੇ ਨਹੀਂ ਕਿਹਾ।

[1]ਐਸੇ ਹਰਨ ਨੂੰ ਮਾਰਨ ਵਾਸਤੇ।

[1]ਰਾਮ ਚੰਦਰ ਜੀ ਗਏ ਤਾਂ (ਸੀਤਾ ਦਾ ਚੁਰਾਏ ਜਾਣਾ ਸੁਣ ਕੇ) ਐਸੇ (ਅਚੇਤ) ਬੇਹੋਸ਼ ਹੋ ਗਏ।

ਰਹੇ ਸੋਊ ਤੁਰਕਨ ਕੋ ਕਸਤੇ[1] ॥੮੭॥
ਭਯਾਨਕ ਆਨਿਕ[1] ਰੂਪ ਦਿਖੈ ਕੈ।
ਸੱਤ੍ਰ ਭਜਾਤੇ ਰਹੇ ਡਰੈ ਕੈ[1]।
ਇਹੀ ਭੂਤ ਸਿੱਧੀ ਥੀ ਤਾਂ ਪੈ[1]।
ਬੈਠਾ ਸੋ ਜਤ ਸੰਗ ਗਵਾਪੈ ॥੮੮॥
ਅਰ ਭੂਤੋਂ ਕੀ ਸਿੱਧੀ ਜੋਈ।
ਆਖਰ ਦਗਾ ਦੇਤ ਹੈ ਸੋਈ।
ਜੋ ਕਿਛੁ ਹਰਿ ਭਗਤੀ ਕਰਿ ਪਾਵੈ।
ਸੋ ਸਦ ਹੀ ਜਨ ਸੰਗ ਰਹਾਵੈ ॥੮੯॥
ਦੋਹਰਾ:
ਚਾਕਰਿ ਰਾਜ ਗੁਮਾਸ਼ਤਾ,
ਭੂਤ ਸਿੱਧਿ ਧਨ ਛਾਉਂ[1]।
ਇਨਿ ਪ੍ਰਤੀਤ ਨ ਕੀਜੀਏ,
ਜੈਸ ਮੁਨੇਰੇ ਕਾਉਂ[1] ॥੯੦॥
ਯਹਿ ਜਬਿ ਸੁਨੀ ਨੁਵਾਬ ਨੈ,
ਬਾਹਰ ਬਾਤ ਬਖ੍ਯਾਤ।
ਉੱਡਣ ਕੀ ਬੰਦੇ, ਖਈ
ਕਸਮ, ਗਈ ਕਰਮਾਤ ॥੯੧॥
ਸੰਕਰ ਛੰਦ:
ਤਬਿ ਤੁਰਕ ਗਨ ਮਨਿ ਮੋਦ ਧਰਿ ਕੈ[1],
ਬਯੋਂਤ ਕੀਨੀ ਐਸ।
ਅਬਿਰਸਦ ਕਰੀਏ ਬੰਦ ਇਨ ਕੀ,
ਘੇਰ ਰਾਖੈਂ ਬੈਸ[1]।
ਬਿਨ ਅੰਨ ਤੈ ਯਹਿ ਹ੍ਵੈ ਦੁਖਯਾਰੇ,
ਮਰੈਂਗੇ ਸਭਿ ਨੀਕ।
ਫਿਰ ਬਾਂਧਿ ਬੰਦੇ ਤਈਂ ਹਮ,
ਲੈ ਜਾਂਹਿ ਦਿੱਲੀ ਠੀਕ ॥੯੨॥
ਦਿਖਰਾਇ ਕੈ ਪਤਿਸ਼ਾਹਿ ਤੈ,
ਏਨਾਮ ਹਮ ਬਹੁ ਲੇਹਿਂ।

[1]ਦੁੱਖ ਦਿੰਦੇ।
[1]ਅਨੇਕਾਂ।
[1]ਡਰਾ ਕੇ।
[1]ਤਿਸ ਬੰਦੇ ਪਾਸ ਏਹੋ ਭੂਤਾਂ ਦੀ (ਸਿੱਧਿ) ਸ਼ਕਤੀ ਸੀ।
[1]ਨੌਕਰ, ਰਾਜਾ, (ਗੁਮਾਸ਼ਤਾ) ਵਪਾਰੀ ਦਾ ਮੁਨਸ਼ੀ, ਭੂਤਾਂ ਦੀ ਸਿੱਧੀ (ਸ਼ਕਤੀ) ਧਨ ਤੇ ਛਾਂ।
[1]ਬਨੇਰੇ ਦੇ ਕਾਂ ਵਾਂਗ।
[1]ਅਨੰਦ ਹੋ ਕੇ।
[1]ਬੈਠੇ ਰਹੀਏ।

## ੧੭. {ਤੁਰਕਾਂ ਨਾਲ ਜੰਗ, ਸਿੰਘਾਂ ਦੇ ਕਸ਼ਟ, ਬੰਦੇ ਨੂੰ ਪਕੜ ਕੇ ਸਿੰਘਾਂ ਸਮੇਤ ਸ਼ਹੀਦ ਕਰਨਾ}

ਸੋਰਠਾ:

ਪੂਜ ਜਾਂਹਿ ਬ੍ਰਹਮਾਦਿ,
ਕਰਤ ਕਿਰਤ ਕਰਣੀਯ ਫਿਰ[1]।

[1]ਜਿਸ ਨੂੰ ਬ੍ਰਹਮਾ ਆਦਿਕ (ਹੋਰ ਦੇਵਤੇ ਵੀ) ਪੂਜ ਕੇ ਫੇਰ (ਕਰਣੀਯ) ਕਰਨ ਯੋਗ (ਕਿਰਤ) ਕਰਮ ਕਰਦੇ ਹਨ।

ਜਗ ਜਨਨੀ ਕੇ ਪਾਦ,
ਬੰਦਿ ਕਥਾ ਬੰਦੇ ਕਥੋਂ[1] ॥੧॥

[1](ਉਸ) ਜਗਤ ਦੀ ਮਾਤਾ (ਚੰਡੀ) ਦੇ ਚਰਨਾਂ 'ਤੇ ਨਮਸ਼ਕਾਰ ਕਰ ਕੇ ਬੰਦੇ ਦੀ ਕਥਾ ਕਹਿੰਦਾ ਹਾਂ।

ਦੋਹਰਾ:

ਭਯੋ ਜੰਗ ਜਿਮ ਦੁਖ ਸਹਯੋ,
ਸਿੰਘਨ ਬੰਦੇ ਸਾਥ।
ਬੰਦਾ ਫੜਿ ਜਿਮ ਮਾਰਯੋ,
ਸੁਨੋਂ ਵਹੈ ਅਬਿ ਗਾਥ ॥੨॥

ਕਬਿੱਤ:

ਕਹੀ[1] ਜਬਿ ਮਾਰ ਲਈ ਬੰਦੇ ਕੀ ਤੁਰਕਾਨ ਸਹੀ[2],
[1]ਬਾਹਰੋਂ ਘਾਹ ਦਾਣਾ ਲਿਆਉਣ ਵਾਲੀ ਫ਼ੌਜ। [2]ਠੀਕ।
ਭਈ ਤਬਿ ਅਧਿਕ ਗਰੂਰਤਾ[1] ਨੁਵਾਬ ਕੋ।
[1]ਹਉਮੈਂ।
ਐਸੀ ਮਨਿ ਚੜ੍ਹੀ[1] ਕੈਹੈ ਤੋੜੈਂ ਚਲਿ ਗੜ੍ਹੀ,
[1]ਮਨ 'ਚ ਐਸੀ (ਵਿਉਂਤ) (ਚੜ੍ਹੀ) ਆਈ।
ਅਬਿ ਲਾਵੈਂ ਨਹਿਂ ਘੜੀ, ਤੜੀ ਦੈ ਕਰਿ ਸ਼ਿਤਾਬ ਕੋ[1]।
[1]ਛੇਤੀ (ਤੜੀ) ਧਮਕੀ ਦੇ ਕੇ।
ਹੁਤੇ ਜੋਊ ਸੂਰਬੀਰ ਸੋ ਤੋ ਹਮ ਮਾਰੇ ਧੀਰ,
ਰਹੇ ਗੜ੍ਹੀ ਮਾਂਹਿ ਭੀਰੁ ਦੁਬਲੇ ਬਿਤਾਬ ਕੋ[1]।
[1](ਭੀਰੁ) ਕਾਇਰ (ਦੁਬਲੇ) ਪਤਲੇ (ਬੇਤਾਬ) ਕਮਜ਼ੋਰਾਂ ਨੂੰ।
ਆਹਿ ਤੱਤ ਖਾਲਸਾ ਜੋ ਨਾਂਹਿ ਸੋ ਸਹਾਇ ਕਰੈ,
ਵਾਹਿ ਛੋਡ ਗਯੋ ਸਭਿ ਬੰਦੇ ਕੇ ਹਿਸਾਬ ਕੋ ॥੩॥
ਤੱਤ ਖਾਲਸੇ ਤੈ ਬਿਨ ਜਹਾਂ ਕਰਜੋ ਜੰਗ ਇਨਿ,
ਹਾਰੇ ਹੈਂ ਬੰਦਈ ਕਿਨਿ ਤਹਾਂ ਬੰਦੇ ਸੰਗ ਹੈਂ[1]।
[1](ਭਾਵੇਂ) (ਤਹਾਂ) ਓਥੇ (ਕਿਨ) ਕਿੰਨੇ ਵੀ ਬੰਦੇ ਦੇ ਨਾਲ ਸਨ।
ਐਸੇ ਉਰਿ ਧਾਰਿ ਧਾਇ ਤੁਰਕਨ ਅਪਾਰ ਆਇ,
ਗਢੀ ਕੋ ਲਗਾਇ ਸੀਢੀ[1] ਚਢੇ ਸੋ ਉਤੰਗ[2] ਹੈਂ।
[1]ਪੌੜੀ। [2]ਉੱਚੇ।
ਸਿੰਘਨ ਕੋ ਭਈ ਸਾਰ[1] ਭੀਤਰ ਤੈ ਹੋਇ ਤਜਾਰ,
[1]ਖ਼ਬਰ।
ਮਾਰ ਕੈ ਗਿਰਾਏ ਔ ਹਟਾਏ ਕਰਿ ਤੰਗ ਹੈਂ।
ਕਰਿ ਕੈ ਤਗੀਦ[1] ਮਨ ਧਰ ਕੈ[2] ਸ਼ਹੀਦ ਹੋਨ,
[1]ਪਕਿਆਈ, ਤਕੜਾਈ। [2]ਧਾਰ ਕੇ।
ਖੋਲ ਦਯੋ ਦ੍ਵਾਰ ਤਬਿ ਸਿੰਘਨ ਨਿਸੰਗ ਹੈ ॥੪॥

ਟੋਲਿਆਂ ਹੀ ਮਿਲਦੇ ਹਨ।

ਤਜੋਂ ਹੀ ਪਾਮਰ ਦੁਤੀ ਵਿਸ਼ਈ।
ਜਗਜਾਸੀ ਗਜਾਨੀ ਕਹਿ ਲਈ।
ਦਰਜੇ ਚਾਰੁ ਨਰਨ ਕੇ ਏਹੀ।
ਨਿਗਮਾਗਮ ਸਭਿ ਹਿੰਦੁ ਕਹੇਹੀ[1] ॥੧੩੪॥
ਨਿਜ ਕੁਟੰਬ ਅਰ ਪੇਟਹਿਂ ਪਾਰੈਂ।
ਤਿਨ ਕੋ ਪਾਮਰ ਬੇਦ ਉਚਾਰੈਂ।
ਸ੍ਵਰਗ ਭੋਗ ਹਿਤੁ[1] ਜੇ ਕਿਛੁ ਕਰਿ ਹੈਂ।
ਕੋਵਿਦ[1] ਤਿਨੈ ਬਿਸ਼ਈ ਉਚਰ ਹੈਂ ॥੧੩੫॥
ਉਭੈ ਲੋਗ ਸੁਖ ਚਹੈ ਨ ਜੋਈ।
ਭਜ ਹੈ ਪ੍ਰਭ ਜਗਜਾਸੁ ਸੋਈ।
ਖੁਦ ਖੁਦਾਇ ਬ੍ਰਹਮੋਹੰ ਮਾਨੈ[1]।
ਤਿਨ ਕੋ ਗਜਾਨੀ ਗ੍ਰੰਥ ਬਖਾਨੈ ॥੧੩੬॥
ਕਾਜੀ ਬ੍ਰਹਮਨ ਦੁਹਿ ਕੇ ਮਾਲਕ[1]।
ਦੋਇ ਨ ਤਿਨ ਸੋਂ ਰਖ ਹੈਂ ਤਾਲਕ[1]।
ਹਮਰੇ ਗੁਰੁ ਅਕਾਲ ਕੇ ਪੂਤੈਂ।
ਕਾਜ਼ੀ ਦਿਜ ਛੋਡੇ ਲਖਿ ਕੂਤੈਂ[1] ॥੧੩੭॥
ਹਿੰਦੁ ਤੁਰਕ ਤੈ ਪੰਥ ਨਿਆਰਾ।
ਰਚਜੋ ਖਾਲਸਾ ਅਤੀ ਉਦਾਰਾ।
ਤਾਂ ਤੇ ਹਮ ਤੁਵ ਸ਼ਰ੍ਹਾ ਨ ਮਾਨੈਂ।
ਕਾਹਿ ਕੂਰ ਤੂੰ ਬਹੁਤ ਬਖਾਨੈਂ ॥੧੩੮॥

ਦੋਹਰਾ:

ਸੁਨਿ ਵਜੀਰ ਪਤਿਸ਼ਾਹਿ ਪੈ
ਗਜੋ, ਕਹੀ ਸਭਿ ਬਾਤ।
ਸ਼ਾਹਿ ਕਾਜੀਓਂ ਤੈ ਪੁਛਿਓ,
ਉਨੈ ਬਤਾਇਓ ਘਾਤ[1] ॥੧੩੯॥

ਚੌਪਈ:

ਹੁਕਮ ਅਦੂਲੀ ਕਰ ਹੈ ਜੋਊ[1]।
ਨਿੰਦੈ ਸ਼ਰਾ ਤਈਂ ਪੁਨ ਕੋਊ।

[1]ਹਿੰਦੂਆਂ ਦੇ ਸਾਰੇ ਬੇਦ ਸ਼ਾਸਤ੍ਰ ਕਹਿੰਦੇ ਹਨ।

[1]ਸੁਰਗ ਦੇ ਪਦਾਰਥਾਂ ਲਈ।

[1]ਵਿਦਵਾਨ।

[1]ਆਪਣੇ ਆਪ ਨੂੰ ਖੁਦਾ ਕਿ 'ਮੈਂ ਹੀ ਬ੍ਰਹਮ ਹਾਂ' ਜੋ ਮੰਨਦੇ ਹਨ।

[1]ਦੋ ਦਰਜਿਆਂ ਪਾਮਰ ਤੇ ਵਿਸ਼ਈ ਦੇ ਮਾਲਕ ਹਨ।

[1]ਦੋ ਦਰਜੇ ਜਗਿਆਸੂ ਤੇ ਗਿਆਨੀ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ।

[1]ਮੂਰਖ ਜਾਣ ਕੇ।

[1](ਮਾਰਨ ਦਾ) ਤ੍ਰੀਕਾ।

[1]ਜੋ ਹੁਕਮ ਦੀ ਉਲੰਘਣਾ ਕਰਦਾ ਹੈ।

ਖੁਦ ਖੁਦਾਯ ਕਾ ਦਮ ਜੋ ਭਰ ਹੈ[1]।
ਬੈਰੀ ਦੀਨ ਕੇਰ ਸੋ ਨਰ ਹੈ ॥੧੪੦॥
ਪਗ ਹਾਥੀ ਸੋਂ $ਤਾਂਹਿ ਬੰਧਾਏ।
ਲਿਖਯੋ ਸ਼ਰ੍ਹਾ ਮੈਂ ਤਿਹਂ ਮਰਵਾਏ।
ਸੁਨਤ ਸ਼ਾਹਿ ਇਹੁ ਹੁਕਮ* ਬਖਾਨਾ।
ਬੰਦਾ ਗਜ ਪਗ ਸੰਗ ਬੰਧਾਨਾ ॥੧੪੧॥
ਸ਼ਹਿਰ ਬੀਚ ਸੋ ਦੁਰਦ[1] ਫਿਰਾਯੋ।
ਬੰਦੇ ਕੋ ਘਸੀਟ ਮਰਵਾਯੋ।
ਦੇਹਿ ਤਾਂਹਿ ਜਮਨਾ ਤਟ ਗੇਰੀ।
ਤਹਾਂ ਬੰਦਈ ਸਿੱਖਨ ਜਬਿ ਹੇਰੀ ॥੧੪੨॥
ਨਿਸਿ ਕੋ ਤਿਨਿ ਸੋ ਲਾਸ਼ ਉਠਾਈ।
ਗਠੜੀ ਬਾਂਧਿ ਸੀਸ ਪਰ ਚਾਈ[1]।
ਭਾਈਰਤਨ ਸਿੰਘ ਹਰਿ ਆਸਾ[1]।
ਰਾਮ ਸਿੰਘ ਈਸ਼ਰ ਹਰਿਦਾਸਾ[1] ॥੧੪੩॥
ਇਹੁ ਪਾਂਚੋ ਸਿੰਘ ਸਿਦਕੀ ਭਾਰੇ।
ਦੇਸ ਦੜਪ[1] ਕੇ ਥੇ ਬਲਕਾਰੇ[2]।
ਸੋ ਬੰਦੇ ਕੀ ਤੀਯਾ ਪਠਾਏ।
ਥੇ[1], ਯਾ ਤੇ ਲੈ ਤਹਾਂ ਸਿਧਾਏ ॥੧੪੪॥
ਰਜਾਸਤ ਜੰਮੂ ਕੇਰ ਇਲਾਕਾ।
ਆਹਿ ਤੱਲਕਾ ਰਜਾਸੀ ਬਾਂਕਾ[1]।
ਨਦੀ ਚੰਦ੍ਰ-ਭਾਗਾ ਕੇ ਤੀਰੇ[1]।
ਬਨੀ ਸਮਾਧਿ ਤਾਂਹਿ ਗੰਭੀਰੇ[1] ॥੧੪੫॥
ਭਿੰਬਰ ਗਾਮ ਨਿਕਟ ਪਹਿਚਾਨੋ।
ਮੰਦਰ ਸੁੰਦਰ ਅਧਿਕ ਮਹਾਨੋ।
ਨੀਚੇ ਚਾਂਦੀ ਊਪਰ ਹਾਟਕ[1]।
ਲਗਯੋ ਅਤੋਲ ਅਮੋਲਕ ਫਾਟਕ[1] ॥੧੪੬॥
ਹੋਲੇ ਬੈਸਾਖੀ ਲੌਂ ਮੇਲੇ।
ਹੇਤ ਤਹਾਂ ਜਨ ਜਾਤ ਸਕੇਲੇ[1]।
ਭੇਟਾ ਆਇ ਰੁਪਯਾ ਹਜ਼ਾਰੈਂ।

[1]ਜੋ ਆਪ ਖ਼ੁਦਾ ਹੋਣ ਦਾ ਹੰਕਾਰ ਕਰਦਾ ਹੈ।

*ਤਾਂਹਿ ' ਤੋਂ 'ਹੁਕਮ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।

[1]ਹਾਥੀ।

[1]ਚੁੱਕ ਲਈ।

[1]ਆਸਾ ਸਿੰਘ।

[1]ਈਸ਼ਰ ਸਿੰਘ ਤੇ ਹਰਿਦਾਸ ਸਿੰਘ।

[1]ਰਾਵੀ ਤੇ ਝਨਾਂ ਦੇ ਮੱਧ ਦਾ ਦੇਸ਼। [2]ਬਲਵਾਨ।

[1]ਬੰਦੇ ਦੀ ਇਸਤ੍ਰੀ ਨੇ ਭੇਜੇ ਸਨ।

[1]ਰਿਆਸੀ ਨਾਮ ਦਾ ਸੁੰਦਰ ਇਲਾਕਾ ਸੀ।

[1]ਝਨਾਂ ਦੇ ਕੰਢੇ।

[1]ਚੰਗੀ।

[1]ਸੋਨਾ।

[1]ਦਰਵਾਜ਼ਾ।

[1]ਇਕੱਠੇ ਹੋ ਕੇ ਜਾਂਦੇ ਹਨ।

ਸਭਿ ਮੁਲਕ ਤੁਰਤ ਨਿਜ ਲਿਯ ਸੰਭਾਰ।
ਡਰ ਰਹਯੋ ਸਿੰਘਨ ਕਾ ਜਰਾ[1] ਨਾਂਹਿਂ।
ਅਰ ਸਿੰਘ ਭੀ ਇਤ ਉਤ ਗੇ ਖਿੰਡਾਹਿ ॥੪॥
ਦੇਨਾ ਥਾ ਕਰਯੋ ਰੁਪਯਾ ਜੋਇ।
ਨਹਿਂ ਮਾਂਗਯੋ ਕਿਨਹੂੰ ਦਯੋ ਸੋਇ।
ਜੇ ਮਿਲੈਂ ਸਿੰਘ ਕਿਤ ਬੀਸ ਤੀਸ।
ਤਿਨ ਤਈਂ ਵਿਛੋੜੈਂ ਦੈ ਕਸੀਸ[1] ॥੫॥
ਤਬਿ ਬੰਦੇ ਪੀਛੇ ਸਿੰਘ ਵਾਹਿ[1]।
ਯੌਂ ਰਹੇ ਦੇਸ ਪੰਜਾਬ ਮਾਂਹਿਂ।
ਜਯੋਂ ਚਿੜੀਆਂ ਬਾਜਨ ਦੇਸ ਮਾਂਹਿਂ।
ਅਰ ਦਾਨੇ ਚੱਕੀ ਮੈਂ ਰਹਾਹਿਂ ॥੬॥
ਜਿਮ ਦੰਤਨ ਮੈਂ ਰਹਿ ਜੀਭ ਧਿੰਗ[1]।
ਤਯੋਂ ਰਹੇ ਦੇਸ ਤੁਰਕੇਸ ਸਿੰਘ।
ਕਿਛੁ ਖੇਤੀ ਵਣਜ ਸੁ ਲਗੇ ਕਰਨ।
ਕਿਛੁ ਲੂਟ ਕੂਟ ਕਰਿ ਪੇਟ ਭਰਨ ॥੭॥
ਕਿਛੁ ਨੌਕਰ ਹੋਏ ਤੁਰਕ ਕੇਰ।
ਕਿਛੁ ਗੁਰਦ੍ਵਾਰਨ ਮੈਂ ਬਹੇ ਫੇਰ।
ਕਿਨਹੂੰ ਤਬਿ ਬਾਂਧੀ ਧਰਮਸਾਲ।
ਯੌਂ ਲਾਗੇ ਕਰਨ ਬਤੀਤ ਕਾਲ ॥੮॥
ਜੋ ਤੱਤ ਖਾਲਸਾ ਹੁਤੋ ਨੀਕ।
ਸੋ ਲੂਟ ਕੂਟ ਕਛੁ ਕਰੈ ਠੀਕ[1]।
ਪੁਨ ਕੇਤਿਕ ਸਿੱਖ ਬੰਦਈ ਆਇ।
ਤਬਿ ਮਿਲੇ ਪੰਥ ਕੇ ਵੀਚ ਧਾਇ ॥੯॥
ਇਕ ਬਾਬਾ ਹੁਤੋ ਜੁ ਕਾਨ੍ਹ ਸਿੰਘ।
ਜਿਹ ਸੁਤ ਮੀਰੀ ਸਿੰਘ ਬਲੀ ਧਿੰਗ।
ਸੋ ਸਿੰਘ ਪਾਂਚ ਸੈ ਲੀਏ ਖਾਸ[1]।
ਥਾ ਰਹਿਤ ਲਹੌਰ ਨੁਵਾਬ ਪਾਸ ॥੧੦॥
ਤੁਰਕਨ ਸੋਂ ਤਾਂ ਕੀ ਭਲੀ ਭਾਂਤਿ।
ਥੀ ਬਨੀ ਬਨਾਈ ਠੀਕ ਬਾਤ।
ਜਬਿ ਸਾਲ ਗਏ ਯੌਂ ਦੁਇਕ ਬੀਤ।

[1]ਥੋੜ੍ਹਾ ਜਿਹਾ ਭੀ।

[1]ਤਿਨਾਂ ਨੂੰ ਤੁਰਕ (ਕਸੀਸ) ਕਸ਼ਟ ਦੇ ਕੇ ਖਿੰਡਾ ਦੇਂਦੇ ਸਨ।

[1]ਉਹ।

[1]ਜ਼ੋਰਾਵਰ।

[1](ਤੁਰਕਾਂ ਨੂੰ) ਠੀਕ ਕਰਦਾ ਹੈ।

[1]ਆਪ।

ਮਾਂਗਤ ਮਨਹੁ ਧਰਾ ਤੈ ਬਜਾਰੈਂ[1]।
ਦਸਾ ਬੰਦੱਈਅਨ ਕੀ ਯੌਂ ਭਈ।
ਸੁਨੋਂ ਪੰਥ ਨੈ ਜੋ ਸੁਨ ਥਈ[1] ॥੬੮॥
ਗਰਜ ਉਠੇ ਸਿੰਘ ਕਰਿ ਜੈਕਾਰੇ[1]।
ਪਠੈਂ ਗੁਰੂ ਬਾਣੀ ਮੁਦ ਧਾਰੇ।
ਜਯੋਂ ਪਾਵਸ ਮੈਂ ਦਾਦਰ ਮੋਰੈਂ[1]।
ਚਾਤਕ ਪਾਵਤ ਹ੍ਵੈ ਮੁਦ ਸ਼ੋਰੈਂ[1] ॥੬੯॥
ਗਈ ਨਿਧੀ ਜਿਮ ਨਿਧਨੀ ਪਾਈ[1]।
ਮਨੀ ਫਨੀ ਕੇ ਜਯੋਂ ਕਰ ਆਈ[1]।
ਤਾਲ ਪਰਾਚੀ ਦਿਸ ਜਨੁ ਭਯੋ[1]।
ਚਿਠਾਰਵਿ ਮਾਨਹੁ ਨਿਕਸਯੋ[1] ॥੭੦॥
ਪੇਖਿ ਸਿੰਘ ਕੁਲ ਕਵਲ ਪ੍ਰਕਾਸੇ[1]।
ਕੁਮਦਿ ਬੰਦਈ ਮਿਚੇ ਧਰਿ ਤ੍ਰਾਸੇ[1]।
ਤੁਰਕ ਨਿਸਾਚਰ ਮਨ ਮੁਰਝਾਏ[1]।
ਤਮ ਝਗਰਾ ਸਭਿ ਗਯੋ ਬਿਲਾਏ[1] ॥੭੧॥
ਪੰਥ ਜਿੱਤਯੋ ਸੱਚੇ ਦਰਬਾਰੋਂ।
ਕਰਯੋ ਤਿਹਾਵਲ ਵਰਤਯੋ ਭਾਰੋ[1]।
ਖਰੇ ਹੋਇ ਕਰ ਜੋਰਿ ਬੰਦੱਈਅਨ।
ਖੰਡੇ ਪਾਹੁਲ ਲੀਨੀ ਕੱਈਅਨ ॥੭੨॥
ਹੁਤੇ ਜੇ ਤਿਨ ਮੈਂ ਗੁਰੁ ਕੇ ਪਜਾਰੇ।
ਮਿਲੇ ਪੰਥ ਮੈਂ ਆਇ ਅਪਾਰੇ।
ਜੋ ਥੇ ਮਾਨੀ ਬਡ ਹੰਕਾਰੀ।
ਤਿਨਹੁਂ ਮਰਨ ਹਿਤ ਮਨਸਾ ਧਾਰੀ ॥੭੩॥

ਦੋਹਰਾ:

ਹੁਤੋ ਪਸ਼ੌਰਾ ਸਿੰਘ ਇਕ,
ਉਨ ਕੀ ਓਰ ਕਲਾਲ[1]।
ਸੋ ਸਨਮੁਖ ਹ੍ਵੈ ਪੰਥ ਢਿਗ,
ਅਯੋ ਕਰਨ ਕਿਛੁ ਸ੍ਵਾਲ ॥੭੪॥

ਸੰਕਰ ਛੰਦ:

ਤਬਿ ਸੰਗ ਤਿਸ ਕੇ ਅਯੋ,

[1](ਗਰਕਣ ਵਾਸਤੇ) ਧਰਤੀ ਤੋਂ (ਬਜਾਰੈ) ਵਿਹਲ ਮੰਗਦੇ ਹਨ।
[1]ਕੀਤੀ।
[1]ਜੈਕਾਰੇ ਗਜਾ ਕੇ।
[1]ਜਿਵੇਂ ਬਰਖਾਰੁੱਤ ਵਿੱਚ ਡੱਡੂ ਤੇ ਮੋਰ।
[1]ਤੇ ਪਪੀਹੇ ਅਨੰਦ ਹੋ ਕੇਰੌਲਾ ਪਾਉਂਦੇ ਹਨ।
[1]ਜਿਵੇਂ ਕੰਗਾਲ ਨੇ ਗਵਾਚਿਆ ਖਜ਼ਾਨਾ ਲੱਭ ਲਿਆ ਹੋਵੇ।
[1]ਜਿਵੇਂ ਸੱਪ ਦੇ ਹੱਥ ਵਿੱਚ ਮਣੀ ਆ ਗਈ ਹੋਵੇ।
[1]ਜਾਣੋ ਸਰੋਵਰ ਪੂਰਬ ਦੀ ਦਿਸ਼ਾ ਵਾਂਗ ਹੋ ਗਿਆ।
[1]ਜਾਣੋ ਚਿੱਠਾ ਰੂਪ ਸੂਰਜ ਨਿਕਲ ਆਇਆ।
[1]ਸਿੰਘ ਦੇਖ ਕੇ ਕੰਵਲਾਂ ਦੀ ਕੁਲ ਵਾਂਗ ਖਿੜ ਪਏ।
[1]ਬੰਦਈ ਡਰ ਧਾਰ ਕੇ ਕੰਮੀਆਂ ਵਾਂਗ ਮਿਚ ਗਏ।
[1]ਤੁਰਕਾਂ ਰੂਪ (ਨਿਸਾਚਰ) ਚੋਰਾਂ ਦੇ ਮਨ ਮੁਰਝਾ ਗਏ।
[1]ਝਗੜਾ ਰੂਪ ਸਾਰਾ ਅਨ੍ਹੇਰਾ ਨਾਸ਼ ਹੋ ਗਿਆ।
[1]ਬਹੁਤਾ।
[1]ਗੋਤ੍ਰ ਦਾ।

ਦੈ ਦੈ ਦਰਬ ਤਿਨੈ ਪਰਚਾਵੇ।
ਸਿੰਘ ਪੰਜ ਸੌ ਪਾਛੈ ਲਾਏ[1]।
ਤਿਨ ਹਾਥਨ[1] ਸਿੰਘ ਅਵਰ ਮਿਲਾਏ ॥੩੨॥
ਰੋਜ ਰੁਪਜਾ ਕੀਨ ਅਸਵਾਰੈਂ।
ਪਾਂਚ ਰੁਪੱਯੇ ਨਿਤ ਸਰਦਾਰੈਂ।
ਹੁਤੇ ਮਝੈਲ ਸਿੰਘ ਤਬਿ ਜੇਤੇ।
ਲਗੇ ਮਗਰ ਬਾਵਜੋਂ ਕੇ ਤੇਤੇ ॥੩੩॥
ਜਿਨੈ ਨੌਕਰੀ ਚਹੀ ਨ ਕਰਨੀ।
ਤਿਨਹਿਂ ਜਗੀਰੈਂ ਦੀਨੀ ਧਰਨੀ[1]।
ਲਾਯਕ ਪੇਖਜੋ ਜੋ ਸਿੰਘ ਜੈਸੇ।
ਤਿਸ ਕੀ ਇੱਜ਼ਤ ਕੀਨੀ ਤੈਸੇ ॥੩੪॥
ਕਰਜੋ ਸਲੂਕ[1] ਪੰਥ ਸੋਂ ਐਸੇ।
ਸਿੰਘ ਅਧਿਕ ਤਿਨ ਕੇ ਹ੍ਵੈ ਬੈਸੇ।
ਸਿੱਖ ਜੁ ਥੇ ਮਲਵਈ ਬਿਰਾੜੈਂ।
ਫਤੇ ਸਿੰਘ ਤੈ ਆਦਿ ਗਰਾੜੈਂ[1] ॥੩੫॥
ਦੁੱਲਟ ਚੂਹੜ ਸਿੰਘ ਬਹਾਦਰ।
ਸਿੱਖ ਸਾਬੋ ਕੇ ਔਰ ਉਜਾਗਰ[1]।
ਗਰੇਵਾਲ, ਕਾਲੇ ਕੇ, ਮਾਨ।
ਭੁੱਲਰ, ਧਾਲੀਵਾਲ, ਕਿਤਾਨ[1] ॥੩੬॥
ਤੂਲ[1] ਫੂਲ ਕੇ ਵਡ ਸਰਦਾਰੂ।
ਇਤਜਾਦਿਕ ਮਲਵਈ ਅਪਾਰੂ।
ਵਹਿ ਨਹਿ ਬੰਦੇ ਸੰਗ ਰਹਾਏ।
ਨਹਿਂ ਤੁਰਕੋਂ ਕੇ ਛਲ ਮੈਂ ਆਏ ॥੩੭॥
ਉਭੈ ਓਰ ਕੋ ਛੋਰਿ ਤਬੈ ਹੀ।
ਗਏ ਆਪਨੇ ਦੇਸ ਸਭੈ ਹੀ।
ਯੌਂ ਜਬਿ ਸਿੰਘ ਬਿਥਰ ਸਭਿ ਗਏ[1]।
ਤੁਰਕਨ ਕੇ ਪਗ ਬਾਰਾਂ ਪਏ[1] ॥੩੮॥
ਜਬਿ ਤਕ ਸਿੰਘ ਅਸਿੰਘ ਹਜਾਰੈਂ।
ਬੰਦੇ ਕੇ ਸੰਗ ਰਹੇ ਅਪਾਰੈਂ।

[1]ਬਾਵਿਆਂ ਨੇ ਪੰਜ ਸੌ ਸਿੰਘਾਂ ਨੂੰ ਆਪਣੇ ਪਿੱਛੇ ਲਾ ਲਿਆ।
[1]ਉਨ੍ਹਾਂ ਪੰਜ ਸੌ ਸਿੰਘਾਂ ਦੇ ਹੱਥੀਂ ਭਾਵ ਰਾਹੀਂ।
[1]ਜਗੀਰਾਂ ਵਜੋਂ ਧਰਤੀ ਦੇ ਦਿੱਤੀ।
[1]ਵਰਤਾਉ।
[1]ਬਲੀ।
[1]ਮਸ਼ਹੂਰ।
[1]ਕਿਤਨੇ ਭਾਵ ਬਹੁਤੇ।
[1]ਬਹੁਤੇ।
[1]ਸਾਰੇ ਖਿੰਡ ਗਏ।
[1]ਤੁਰਕਾਂ ਦੇ ਪਉਂ ਬਾਰਾਂ ਪੈ ਗਏ ਭਾਵ ਤੁਰਕਾਂ ਦੀ ਮਨ-ਭਾਉਣੀ ਹੋ ਗਈ।

ਤਿਨ ਕੇ ਤਈਂ ਮਾਰਨੋ ਚੈਹੈਂ।
ਕੈਂਹ ਬਿਗਾੜੇ ਕੰਮ ਤੁਮੈ ਹੈਂ।
ਝੂਠ ਸਾਚ ਤੁਮ ਹਮੇਂ ਸਿਖੈ ਹੈ।
ਬੰਦੇ ਸੋਂ ਦਿਯ ਫਰਕ ਪਵੈ ਹੈ ॥ ੧੪੯ ॥
ਫਿਰ ਮੱਦਦ ਨਹਿਂ ਕਰਣੇ ਦੀਨੀ।
ਤੁਰਕਨ ਸੰਗ ਮਿਲਾਵਟ ਕੀਨੀ।
ਫੇਰ ਬੰਦਈ ਹਮਾਰੇ ਭਾਈ।
ਹਮ ਹੀ ਤੈ ਸੋ ਦਏ ਮਰਾਈ ॥ ੧੫੦ ॥
ਮੇਲ ਕਰਾਯੋ ਜਿਨ ਸੋਂ ਹਮੈਂ।
ਅਬੈ ਜਾਨ ਸੋ ਹਮਰੀ ਲਮੈਂ[1]।
ਨਿਜ ਸਰਦਾਰੀ ਥਾਪਨ ਹੇਤੈਂ।
ਕਰੇ ਪਾਪ ਤੁਮ ਹੂੰ ਸਭਿ ਏਤੈਂ ॥ ੧੫੧ ॥
ਤੁਰਕੈਂ ਪਿਨਸ਼ਨ ਜੋ ਥੀ ਲਾਈ।
ਕੈ ਤੋ ਸੋ ਤੁਮ ਦਿਹੁ ਅਬਿ ਲਜਾਈ।
ਨਹੀਂ ਤੁ ਚਲੇ ਜਾਹੁ ਹਮ ਮੈਂ ਸੈ[1]।
ਮਤ ਕੋਊ ਸਿੰਘ ਮਾਰ ਗਿਰੈਸੈ[1] ॥ ੧੫੨ ॥
ਮਿਲ ਜੈਹੈ ਤੁਮ ਕੋ ਸਰਦਾਰੀ।
ਤੁਮ ਕੋ ਫੁਰੀ ਨ ਏਹੁ ਵਿਚਾਰੀ।
ਕਲਗੀਧਰ ਨਿਜ ਪੰਥ ਮਝਾਰੀ।
ਪਾਈ ਕਲਾ ਆਪਣੀ ਸਾਰੀ ॥ ੧੫੩ ॥
ਹੱਨੇ ਹੱਨੇ ਹ੍ਵੈ ਪਤਿਸ਼ਾਹੀ[1]।
ਪੰਥ ਖਾਲਸੇ ਕੀ ਲਿਹੁ ਚਾਹੀ[1]।
ਬਚਨ ਗੁਰੂ ਕਾ ਸੱਤ ਭਵੈ ਹੈ।
ਤਬਿ ਤੁਮ ਕੋ ਬੀ ਦੇਖਯੋ ਜੈਹੈ ॥ ੧੫੪ ॥
ਅਬਿ ਸਰਦਾਰੀ ਕੀ ਤਜਿ ਆਸਾ।
ਲਵੋ ਕਿਨਾਰਾ ਭਵੋ ਕਿ ਦਾਸਾ[1]।
ਕਿਛੁ ਬਾਵੇ ਬਖਸ਼ਾਵਤ ਭਏ।
ਕਿਛੁ ਉਠਿ ਚੁਪਕੇ ਘਰ ਕੋ ਗਏ ॥ ੧੫੫ ॥
ਮੀਰੀ ਸਿੰਘ ਫਿਰ ਲੌਪੁਰ[1] ਗਯੋ।
ਰੁਪਜਾ ਸੂਬੇ ਤੇ ਮਾਂਗਤ ਭਯੋ।

[1]ਲੈਣਗੇ।
[1]ਸਾਡੇ ਵਿਚੋਂ।
[1]ਮਾਰ ਸੁੱਟੇਗਾ।
[1]ਭਾਵ ਹਰ ਘੋੜ ਸਵਾਰ ਪਾਤਸ਼ਾਹ ਹੋਵੇਗਾ।
[1]ਦੇਖ ਲੈਣਾ।
[1]ਪੰਥ ਵਿਚੋਂ ਦੂਰ ਚਲੇ ਜਾਉ ਜਾਂ ਦਾਸ ਬਣ ਜਾਉ।
[1]ਲਾਹੌਰ।

ਚੀਕੈਂ ਮਾਰਿ ਪਿਛਾਹਾਂ ਹਿਲ ਹੈਂ[1] ॥੮੩॥
[1]ਮੁੜ ਆਉਂਦੇ ਹਨ।

ਤਜੋਂ ਇਹ ਜਗ ਜੰਗਲ ਮੈਂ[1] ਕਾਜੀ।
[1]ਸੰਸਾਰ ਰੂਪ ਜੰਗਲ ਵਿੱਚ।

ਬੰਧਾਵਤ ਔਰਨ ਕੋ ਪਾਜੀ।
ਅਬਿ ਸਿੰਘਨ ਸੋਂ ਲਾਗੇ ਮੱਥੈ।
ਲਥੈਂ ਭੂਮਿ ਲੱਗੈਂ ਜਬਿ ਹੱਥੈਂ[1] ॥੮੪॥
[1]ਜਦੋਂ ਸਿੰਘਾਂ ਦੇ ਹੱਥ ਲਗਣਗੇ ਤਾਂ ਧਰਤੀ 'ਤੇ ਲੱਥ ਜਾਣਗੇ ਭਾਵ ਮਾਰੇ ਜਾਣਗੇ।

ਤੁਰਕੀ ਰਾਜ ਕਾਜੀਅਨ ਖੋਯੋ।
ਜੁਲਮ ਅਤੁਲਮ[1] ਕਰਾਏ ਜੋਯੋ[2]।
[1]ਬਹੁਤੇ। [2]ਦੇਖਿਆ ਹੈ।

ਜੈਸੇ ਦੂਜੈਂ ਹਿੰਦੂਓਂ ਕੇਰਾ।
ਨਾਹਿੰ ਛਾਨਯੋ ਬੋਰਯੋ ਬੇਰਾ[1] ॥੮੫॥
[1]ਜਿਵੇਂ ਇਹ (ਗੱਲ) ਛੁਪੀ ਹੋਈ ਨਹੀਂ ਕਿ ਬ੍ਰਹਮਣਾਂ ਨੇ ਹਿੰਦੂਆਂ ਦਾ ਬੇੜਾ ਡੋਬਿਆ ਹੈ।

ਪਾਹਨ[1] ਕੀ ਬੇੜੀ ਹੈ ਸ਼ਰ੍ਹਾ।
[1]ਪੱਥਰ।

ਜੋ ਚਢਯੋ ਸੋਊ ਬੁਡ ਮਰਾ[1] ॥੮੬॥
[1]ਡੁੱਬ ਕੇ ਮਰ ਗਿਆ।

ਦੋਹਰਾ:

ਕਾਜੀ ਪਾਜੀ ਕੇ ਕਹੇ,
ਗੁਨਿ[1] ਨਵਾਬ ਮਨ ਮਾਹਿੰ।
[1]ਵਿਚਾਰ ਕੇ।

ਨੀਤਿ ਅਨੀਤਿ ਨ ਕਿਛੁ ਲਖੀ,
ਲਿਖ੍ਯੋ ਸਿੰਘਨ ਦਿਸ ਯਾਹਿ ॥੮੭॥

ਚੌਪਈ:

ਨਹਿੰ ਨਵਾਬ ਨੈ ਸਮਾਂ ਸੰਭਾਰਾ।
ਅਰ ਨਹਿੰ ਅਪਨਾ ਜ਼ੋਰ ਨਿਹਾਰਾ।
ਯਾਹੀ ਤੈ ਤਿਹ ਰਜਾਸਤ ਨਾਸੀ।
ਬਿਨ ਬਿਚਾਰ ਜੋ ਬਾਤ ਪ੍ਰਕਾਸੀ[1] ॥੮੮॥
[1]ਕਹੀ।

ਜੋ ਨਰ ਦੇਸ ਕਾਲ ਬਲ ਹੇਰਤ।
ਮਿੱਤ੍ਰ ਸੱਤ੍ਰ ਕੇਤਿਕ ਲਖਿ ਟੇਰਤ[1]।
[1]ਜਾਣ ਕੇ (ਗੱਲ) ਕਹਿੰਦਾ ਹੈ।

ਸੋ ਨ੍ਰਿਪ ਸਦਾ ਜੀਤ ਮੈਂ ਰੈਹੈ।
ਦੁਖ ਨਵਾਬ ਜਯੋਂ ਲੈਹ ਨ ਦੈਹੈ ॥੮੯॥
ਲਿਖ੍ਯੋ ਨਵਾਬ ਸਿੰਘਨ ਕੋ ਐਸੇ।
ਤੁਮ ਨਹਿੰ ਬਚਹੋ ਔਰਹਿੰ ਕੈਸੇ।
ਜੇ ਕਰਿ ਤੁਮ ਜੀਵਨ ਜਗਿ ਚੈਹੋ।

| | |
|---|---|
| ਝਟਪਟ ਕਟਿ ਮੁਰੀਦ ਖਾਂ ਕਢਜੋਂ[1] ॥ ੧੪੧ ॥ | [1]ਛੇਤੀ (ਕਟਿ) ਲੱਕੋਂ (ਫੜ ਕੇ) ਮੁਰੀਦ ਖਾਂ (ਅੰਬਾਰੀ ਤੋਂ ਬਾਹਰ) ਕੱਢਿਆ। |
| ਮੁੰਡ[1] ਉਤਾਰ ਤਾਹਿਂ ਧਰ ਡਾਰਜੋ। | [1]ਸਿਰ। |
| ਬਧਨਾ[1] ਮਨੋ ਘੁਮਜਾਰ ਉਤਾਰਜੋ। | [1]ਮਿੱਟੀ ਦਾ ਭਾਂਡਾ, ਕੁੱਜਾ। |
| ਤਰ ਪਰ ਤੈ[1] ਨਲੇਰ ਕਟ ਸੁੱਟਜੋ। | [1]ਦਰੱਖ਼ਤ ਦੇ ਉਪਰੋਂ। |
| ਬੱਜਰ ਪਰ ਗਿਰ ਸਿਰ ਜਨੁ ਟੁੱਟਜੋ[1] ॥ ੧੪੨ ॥ | [1]ਜਾਣੋਂ ਬਿਜਲੀ ਪੈ ਕੇ ਪਹਾੜ ਦਾ ਟਿੱਲਾ ਡਿੱਗ ਪਿਆ। |
| ਨਿਕਟੀ ਥੇ ਤਾਂ ਕੇ ਤਹਿਂ ਜੇਤੇ। | |
| ਮਾਰਿ ਗਿਰਾਏ ਸਿੰਘਨ ਤੇਤੇ। | |
| ਗਜ ਖਾਲੀ ਜਬਿ ਮੋਮਨ ਹੇਰਾ। | |
| ਹੱਲਾ ਕਿਯ ਕਰਿ ਕੋਪ ਵਧੇਰਾ ॥ ੧੪੩ ॥ | |
| ਦਯਾਰਾਮ ਇਕ ਮਨਸਾ ਰਾਮੂੰ। | |
| ਪੂਰਬੀਏ ਕੁੰਦਲ-ਪੁਰਿ ਧਾਮੂੰ। | |
| ਥੇ ਵਹਿ ਮਨਸਬਦਾਰ[1] ਹਜਾਰੀ। | [1]ਅਹੁਦੇਦਾਰ। |
| ਸੂਰਬੀਰ ਜੰਗੀ ਬਲਕਾਰੀ ॥ ੧੪੪ ॥ | |
| ਵਹਿ ਭੀ ਮੋਮਨ ਪ੍ਰੇਰ ਝੁਕਾਏ। | |
| ਗਿਰਜੋ ਅਮਰ ਸਿੰਘ ਦੁਹਿਨਿ ਖਪਾਏ। | |
| ਪੀਠੈਂ ਜੋਰ ਦਈਂ ਤਬਿ ਸਿੰਘਨ। | |
| ਬਲ ਧਰਿ ਕਰਜੋ ਜੰਗ ਵਡ ਧਿੰਗਨ[1] ॥ ੧੪੫ ॥ | [1]ਜ਼ੋਰਾਵਰਾਂ ਨੇ। |
| ਤੇਗ ਸਿੰਘਨ ਕੀ ਐਸੀ ਚਾਲੀ। | |
| ਲੱਜਤ ਗੱਜਤ ਜਿਹ ਪਿਖਿ ਕਾਲੀ[1]। | [1]ਜਿਸ ਨੂੰ ਵੇਖ ਕੇ ਕਾਲੀ ਤੇ (ਗੱਜਤ) ਬਿਜਲੀ ਸ਼ਰਮਸਾਰ ਹੁੰਦੀ ਹੈ। |
| ਪਰਜੋ ਦੁੱਜਨ ਦਲ ਮੈਂ ਥਰਥੱਲਾ[1]। | [1]ਹਲਚਲੀ। |
| ਤੀਨਕ ਸੌ ਕਟ ਸੁਟਜੋ ਮੁਸੱਲਾ ॥ ੧੪੬ ॥ | |
| ਜਿਸ ਪਰ ਤੇਗ ਸਿੰਘ ਬਢਿ ਬਾਹੈਂ। | |
| ਕਾਟਿ ਕਵਚ ਸਿਰ ਧਰ ਧਰ ਲਾਹੈਂ[1]। | [1](ਸਿੰਘਾਂ ਦੀ ਤਲਵਾਰ) ਸੰਜੋਅ, ਸਿਰ ਤੇ ਧੜ ਨੂੰ ਕਟ ਕੇ ਧਰਤੀ 'ਤੇ ਛੇਤੀ ਜਾ ਲੱਗਦੀ ਹੈ। |
| ਕਟਿ ਧਰ ਅਤਲ ਬਿਤਲ ਪਾਤਾਲੈਂ। | |
| ਕੋਲ ਕੰਡ ਪਰ ਲਗਤ ਉਤਾਲੈਂ[1] ॥ ੧੪੭ ॥ | [1]ਧਰਤੀ ਨੂੰ ਕੱਟ ਕੇ ਅਤਲ ਬਿਤਲ ਤੇ ਪਾਤਾਲ ਨੂੰ ਕੱਟ ਕੇ ਸੂਰ ਦੀ ਪਿੱਠ 'ਤੇ ਛੇਤੀ ਜਾ ਲੱਗਦੀ ਹੈ। |
| ਝਟਕਨ ਸੂਰਨ ਕੋ ਥੀ ਗੀਧੀ[1]। | [1]ਗਿੱਝੀ ਸੀ। |
| ਯਾਂ ਤੈ ਜਾਤ ਕੋਲ ਲੌ ਸੀਧੀ। | |

ਭਈ ਸਿੰਘਨ ਗਿਰਦੇ ਬਹੁ ਭੀਰਾ।
ਆਵਤ ਘੱਤੇ ਤੁਰਕ ਵਹੀਰਾਂ ॥ ੧੪੮ ॥
ਪਿਛਲੇ ਦੌਰਿ ਅਗਲਜੋਂ ਪਰ ਚਰ੍ਹ ਹੈਂ[1]।
ਆਪਸ ਮੈਂ ਦਰੜੀਂਦੇ ਮਰ ਹੈਂ।
ਮਰੇ ਤਹਾਂ ਘੋੜੇ ਬਹੁ ਜ੍ਵਾਨਾ।
ਖੂੰਨ ਮਿੱਝ ਕਾ ਮਚ ਗਜੋ ਘਾਨਾ[1] ॥ ੧੪੯ ॥
ਘਾਇਲ ਭੇ ਜਬਿ ਸਿੰਘ ਘਨੇਰੇ।
ਭੇ ਸ਼ਹੀਦ ਕਟਿ ਬੇਰੇ ਬੇਰੇ[1]।
ਜੂਝ ਜੂਝਿ[1] ਸਭਿ ਸੰਮੁਖ ਪਰੇ।
ਹੂਰਨ ਆਇ ਸੂਰ ਸਿੰਘ ਬਰੇ ॥ ੧੫੦ ॥
ਤੁਰਕੈਂ ਕਾਟਿ ਸੀਸ ਤਿਨ ਲਏ।
ਪਿਖਿ ਕਰਨੀ, ਨਖ ਮੁਖ ਮੈਂ ਦਏ[1]।
ਦੇਖਹੁ ਕੂਕਰ ਪਤਿਤਨਿ ਪਾਜੀ[1]।
ਮੁਰਦਨ ਪਰ ਕੀ ਦਸਤ ਦਰਾਜੀ[1] ॥ ੧੫੧ ॥
ਸਿੰਘਨ ਕੇ ਸਿਰ ਗਏ ਲਹੌਰੈਂ।
ਤੁਰਕ ਗਏ ਦਾਬੇ ਤਿਸ ਠੌਰੈਂ।
ਤਾਰਾ ਸਿੰਘ ਕਿਯ ਭਾਰਾ ਸਾਕਾ[1]।
ਦੀਨ ਦਯਾਲ ਰਖਜੋ ਪ੍ਰਣ ਵਾਂ ਕਾ ॥ ੧੫੨ ॥
ਪਿਖਿ ਸੁਨਿ ਹਿੰਮਤ ਸਿੰਘਨ, ਖਾਨੂੰ[1]।
ਮੋਦ ਅਮੋਦ ਭਯੋ ਹੈਰਾਨੂੰ[1]।
ਸਜਾਪੇ ਪਰਗੇ ਤੁਰਕਨ ਘਰਿ ਘਰਿ।
ਮੋਦ ਭਏ ਸਿੰਘ ਜਹਿਂ ਤਹਿਂ ਸੁਨ ਕਰਿ ॥ ੧੫੩ ॥
ਕਹੈਂ ਧੰਨਜ ਤਾਰਾ ਸਿੰਘ ਧੰਨਜ।
ਲਈ ਸ਼ਹੀਦੀ ਹਤਿ ਤੁਰਕੰਨਜ।
ਕਰਨੀ ਜੋ ਸਿੰਘਨ ਕੀ ਵਰਨੀ[1]।
ਕਾਯਰਤਾ ਕਾਨਨ ਹਿਤ ਕਰਨੀ[1] ॥ ੧੫੪ ॥
ਕਰਨੀ ਰੌਦਰ ਰਸ ਜਸ ਅਰਨੀ[1]।

[1]ਚੜ੍ਹ ਜਾਂਦੇ ਹਨ।
[1]ਗਾਰਾ ਹੋ ਗਿਆ।
[1]ਟੁਕੜੇ ਟੁਕੜੇ ਕੱਟ ਕੇ।
[1]ਲੜ ਲੜ ਕੇ।
[1]ਸਿੰਘਾਂ ਦੀ ਕਰਨੀ ਦੇਖ ਕੇ ਤੁਰਕਾਂ ਆਪਣੇ ਮੂੰਹ ਵਿੱਚ ਨਹੁੰ ਦਿੱਤੇ ਭਾਵ ਮੂੰਹ 'ਚ ਉਂਗਲਾਂ ਦੇ ਕੇ ਹੈਰਾਨ ਹੋਏ।
[1]ਦੇਖੋ ਕੁੱਤਿਆਂ, ਪਾਪੀਆਂ ਤੇ ਕਾਇਰਾਂ ਨੇ।
[1]ਹੱਥ ਲੰਬਾ ਕੀਤਾ ਭਾਵ ਵਧੀਕੀ ਕੀਤੀ।
[1]ਵੱਡਾ ਕਾਰਨਾਮਾ ਕੀਤਾ।
[1]ਖ਼ਾਨ ਬਹਾਦਰ।
[1]ਖੁਸ਼ ਤੇ ਨਾਖ਼ੁਸ਼ ਤੇ ਹੈਰਾਨ ਹੋਇਆ।
[1]ਕਹੀ ਹੈ।
[1]ਕਾਇਰਤਾ ਰੂਪ ਜੰਗਲ ਨੂੰ (ਨਾਸ ਕਰਨ ਵਾਲੀ) ਹਥਣੀ ਹੈ।
[1]ਰੌਦ੍ਰਰਸ ਨੂੰ ਪੈਦਾ ਕਰਨ ਵਾਲੀ ਤੇ ਜਸ ਦੀ (ਅਰਨੀ) ਨਦੀ ਹੈ।

ਦਸਮ ਗੁਰੂ ਕੇ ਬਚਨ ਸੰਭਾਰੈਂ।
ਸਿੱਖੀ ਸਿਦਕ ਨਿਬਾਹਤ ਸਿਰ ਸੋਂ।
ਲੂਟ ਕੂਟ ਕਰਿ ਖਾਵਤ ਫਿਰ ਸੋ ॥੮॥
ਜੰਗਲ ਮੈਂ ਨਿਸ ਦਜੋਸ ਬਤਾਵੈਂ।
ਮਨੋ ਦੂਸਰੇ ਭੀਲ ਸੁਹਾਵੈਂ[1]।
[1]ਜਾਣੋ ਦੂਜੇ (ਭੀਲ) ਜਾਂਗਲੀ ਸੋਂਹਦੇ ਹਨ।
ਕਬੀ ਕਬੀ ਨਿਜ ਨਿਜ ਘਰ ਆਵੈਂ।
ਰਸਿ ਬਸਿ[1] ਰੈਨ ਕਾਟਿ ਫਿਰ ਜਾਵੈਂ ॥੯॥
[1]ਅਨੰਦ ਨਾਲ ਵਸ ਕੇ।
ਮੋਰੀ ਨਾਮ ਗ੍ਰਾਮ ਕੇ ਜੱਟਨ।
ਹਿਤ ਇਨਾਮ ਰਾਖੀ ਕਿੜ[1] ਦੁਸ਼ਟਨ।
[1]ਖ਼ਬਰ।
ਇਕ ਨਿਸ ਫਿਰ ਜਬਿ ਸਿੰਘ ਘਰ ਆਏ।
ਦੁਗਲ ਚੁਗਲ[1] ਮੁਗਲਨ ਕੋ ਲਜਾਏ ॥੧੦॥
[1]ਦੋਗਲੇ ਚੁਗਲ।
ਘੇਰੇ ਸਿੰਘ ਤੁਰਕੈਂ ਜਬਿ ਆਈ।
ਮਰੇ ਦਸਕ ਦਸ ਦਸ ਕੋ ਘਾਈ[1]।
[1]ਮਾਰ ਕੇ।
ਮਰਤ ਬਘਜਾੜ ਸ੍ਵਾਨ ਬਹੁ ਹਰ ਜਜੋਂ[1]।
[1]ਜਿਵੇਂ ਬਘਿਆੜ ਬਹੁਤੇ ਕੁੱਤਿਆਂ ਨੂੰ ਮਾਰ ਕੇ ਮਰਦਾ ਹੈ।
ਭਏ ਸ਼ਹੀਦ ਜੂਝ ਸਿੰਘ ਬਰ ਤਜੋਂ[1] ॥੧੧॥
[1]ਤਿਵੇਂ ਸ੍ਰੇਸ਼ਟ ਸਿੰਘ।
ਸਿੱਖਣੀਆਂ ਪਰ ਤੁਰਕਨ ਪਾਜੀ[1]।
[1]ਕਾਇਰ।
ਕਰਨ ਚਹੀ ਜਬਿ ਦਸਤ ਦਰਾਜੀ[1]।
[1]ਵਧੀਕੀ।
ਉਨ ਭੀ ਕੀਨੀ ਅਧਿਕ ਦਲੇਰੀ।
ਜਜੋਂ ਬਾਘਨਿ ਚਮਕਤਿ ਗਜ ਹੇਰੀ[1] ॥੧੨॥
[1]ਹਾਥੀ ਨੂੰ ਦੇਖ ਕੇ ਜਿਵੇਂ ਸ਼ੇਰਨੀ ਕ੍ਰੋਧਵਾਨ ਹੁੰਦੀ ਹੈ।
ਜੋ ਜੋ ਤ੍ਰਕ ਉਨ ਕੇ ਘਰ ਘੁੱਸੇ[1]।
[1]ਵੜੇ।
ਹ੍ਵੈ ਗੁੱਸੇ ਕੁੱਸੇ ਤਿਨ ਜੁੱਸੇ[1]।
[1]ਗੁੱਸੇ ਹੋ ਕੇ ਉਨ੍ਹਾਂ ਤੁਰਕਾਂ ਦੇ ਸ਼ਰੀਰਾਂ ਨੂੰ ਕੋਹਿਆ।
ਫਿਰ ਉਨਹੀ ਕੇ ਸ਼ਸਤਰ ਫੜ ਕੈ।
ਦਸ ਦਸ ਦੁਸ਼ਟਨ ਕੇ ਸਿਰ ਦੜ ਕੈ[1] ॥੧੩॥
[1]ਦਲ ਕੇ ਭਾਵ ਕੱਟ ਕੇ।
ਮਾਰਿ ਘਨਜੋਂ ਕੋ ਜੁਝਿ[1] ਸੁ ਮਰੀਆਂ।
[1]ਲੜ ਕੇ।
ਜੀਵਤ ਨਹਿਂ ਤੁਰਕਨ ਬਸ ਪਰੀਆਂ।
ਪਰੀਆਂ ਬਨਿ ਨਿਜ ਪਤੀਅਨਿ ਬਰ ਕੈ[1]।
[1]ਵਰ ਕੇ।
ਸੱਚ ਖੰਡ ਮੈਂ ਬਸੀਆਂ ਘਰ ਕੈ[1] ॥੧੪॥
[1]ਘਰ ਬਣਾ ਕੇ।
ਜ਼ਾਲਮ ਮੁਸਲੇ ਗੀਦੀ ਗਾਦਰ[1]।
[1]ਕਾਇਰ, ਗਿੱਦੜ।
ਮੁਰਦਨ ਪਰ ਫਿਰ ਭਏ ਬਹਾਦਰ।

ਸਿੰਘਨ ਕੇ ਜ਼ਨ ਬੱਚਨ ਕੇਰੇ[1]।
ਸਿਰ ਕਟਿ ਲਵਪੁਰ ਲੇ ਜਾ ਗੇਰੇ ॥੧੫॥
ਸੱਤਰਾਂ ਸੈ ਪਚਾਸੀਏ* ਸਾਲੈਂ।
ਭਈ ਗਾਥ ਯਹਿ ਲਖੋ ਕਰਾਲੈਂ*।
ਇੱਤਜਾਦਿਕ ਦੰਗੇ[1] ਬਹੁ ਠੌਰੈਂ।
ਭਏ ਸਿੰਘਨ ਕੇ ਤਬਿ ਜਗ ਔਰੈਂ ॥੧੬॥

ਦੋਹਰਾ:
ਸਿੱਖ ਸਿੱਖਣੀ ਧੰਨ ਵਹਿ
ਭਏ, ਰਖ੍ਯੋ ਜਿਨ ਦੀਨ[1]।
ਤਿਨ ਕੀ ਕੁਲ ਮੈਂ ਬਚ੍ਯੋ ਇਕ,
ਸਾਹਿਬ ਸਿੰਘ ਪ੍ਰਬੀਨ ॥੧੭॥
ਅੰਮ੍ਰਿਤ-ਸਰ ਦਰਬਾਰ ਤਿਨ,
ਸੇਵਾ ਕੀਨੀ ਆਇ।
ਭਯੋ ਪੁਨਾ ਅਰਦਾਸੀਆ,
ਇਜੈ ਬਿਜੈ ਪਦ ਪਾਇ[1] ॥੧੮॥
ਅਬਿ ਲੌ ਸੰਤਤਿ[1] ਤਾਂਹਿ ਕੀ,
ਗੰਗਾ ਸਿੰਘ ਲੌ ਆਹਿ।
ਕਹਿਲਾਵਤ ਅਰਦਾਸੀਏ,
ਰਹਿਤ ਸੁਧਾਸਰ ਮਾਂਹਿ ॥੧੯॥

ਸੋਰਠਾ:
ਤਿਸੀ ਸਮੇਂ ਇਕ ਔਰ,
ਸੁਨਨ ਜੋਗ ਗਾਥਾ ਭਈ।
ਕਹੋਂ ਵਰੈ ਤਿਸ ਤੌਰ,
ਜਯੋਂ ਹਮ ਬ੍ਰਿੱਧਨ ਤੈ ਸੁਨੀ ॥੨੦॥

ਸ੍ਵੈਯਾ:
ਬੀਸਕ ਸਿੰਘ ਪਹਾੜਨ ਤੈ ਉਤਰੈ,
ਦਿਸ ਦੇਸ ਸੁਧਾਸਰ ਆਹੀਂ।

[1]ਇਸਤ੍ਰੀਆਂ ਦੇ ਬੱਚਿਆਂ ਦੇ।
*ਦਿੱਲੀ ਐਡੀਸ਼ਨ 'ਚ ਸੰਮਤ ੧੭੮੬ ਦਿੱਤਾ ਹੈ: ਸੱਤ੍ਰਾਂ ਸੈ ਛਯਾਸੀਏ ਸਾਲ। ਭਈ ਗਾਥ ਯਹਿ ਲਖੋ ਕਰਾਲ।
*ਅੰਕ ਨੰ. ੧੬ ਦੀ ਇਹ ਤੀਜੀ ਤੁਕ ਅੰਮ੍ਰਿਤਸਰ ਐਡੀਸ਼ਨ 'ਚੋਂ ਲਈ ਹੈ।
[1]ਫ਼ਸਾਦ।
[1]ਧਰਮ।
[1]ਅਰਦਾਸੀਆ ਹੋ ਕੇ ਵਿਸ਼ਨੂੰ ਦੇ ਦੁਆਰਪਾਲਾਂ ਜਯ ਵਿਜਯ ਵਾਂਗ ਪਦਵੀ ਪਾ ਲਈ ਭਾਵ ਇਹ ਕਿ ਸਚ-ਖੰਡ ਦਾ ਦੁਆਰ-ਪਾਲ ਬਣ ਗਿਆ।
[1]ਉਲਾਦ।

ਇਕ ਬਾਰਹਿ ਛੋਡ ਦਈ ਬਨ ਬੇਰੀ ॥੨੪॥
ਥੀ ਇਕ ਏਕ ਬੰਦੂਕ ਵਿਖੈ ਗੁਲਕਾ ਜੁਗ[1],
ਸੋਊ ਅਚੂਕ ਲਗਾਨੀਂ[1]।
ਚਾਲੀ ਕੁ ਸੱਤ੍ਰ ਤੱਤ੍ਰ ਗਿਰੇ,
ਅਲਵੱਤ੍ਰ ਦੂਸਰ ਔਰ ਕਸਾਨੀ[1]।

ਫੇਰ ਢੁਕੇ ਢਿਗ ਹੀ ਜਬਿ ਆਇ,
ਘਨੀ ਜਟਵਾਧ ਮਿਲੀ ਤੁਰਕਾਨੀ[1]।

ਜੋਰਿ ਸੁ ਛੋਰ ਦਈ ਫਿਰ ਸਿੰਘਨ,
ਬੀਸਕ ਔਰ ਧਰੇ ਕਰਿ ਫਾਨੀ[1] ॥੨੫॥
ਆਖਰ ਆਨ ਪਰੇ ਅਰ ਕੈ ਬਹੁ,
ਬਾਰ-ਇਕੈ ਬਡ ਹੂਲ ਮਚੈ ਕੈ[1]।

ਸਿੰਘਨ ਛੱਟ ਕੈ ਗੱਟ ਸਘੱਟ,
ਸੁਟੇ ਬਹੁ ਫੱਟਰੁ ਕੱਟ ਅਰੈਂ ਕੈ[1]।

ਤੁੱਪਕ ਤੀਰ ਤਜੇ ਬਹੁ ਬੀਰਨ,
ਚੀਰਨ ਕੀਨ ਸਰੀਰਨ ਤੈ ਕੈ[1]।
ਲੈ ਸ਼ਮਸ਼ੇਰਨ ਧੈ ਸਮ ਸ਼ੇਰਨ,
ਕੀਨ ਨਿਬੇਰਨ ਬੇਰ ਤਜੈ ਕੈ[1] ॥੨੬॥

ਆਨ ਪਰਜੋ ਦਿਸ ਚਾਰਨ ਤੈ,
ਤੁਰਕੀ ਦਲ ਕੈ ਬਲ ਰੋਸ ਅਪਾਰੈਂ।
ਮਾਰ ਮਚੀ ਤਰਵਾਰਨ ਕੀ,
ਜੁਗ ਓਰਨ ਜੋਰਨ ਥੋਰ ਨ ਪਾਰੈਂ[1]।

ਕੀਚ ਮਚਜੋ ਧਰ ਵੀਚ ਮਹਾਂ,
ਘਮਸਾਨ ਪਰਜੋ ਪਲ ਸ਼੍ਰੋਣਤ ਭਾਰੈਂ[1]।

ਰੋਸ ਬਢਾਇ ਚਢਾਇ ਕੈ ਭੌਂਹ,
ਬਢਾਇ ਕੈ ਬਾਹੈਂ ਕਰੈਂ ਸਿੰਘ ਬਾਰੈਂ[1] ॥੨੭॥

[1]ਦੋ ਗੋਲੀਆਂ।
[1]ਠੀਕ ਨਿਸ਼ਾਨੇ 'ਤੇ ਲੱਗੀਆਂ।
[1]ਚਾਲੀ ਕੁ ਵੈਰੀ ਉੱਥੇ ਡਿੱਗ ਪਏ ਤੇ (ਅਲਵੱਤ੍ਰ) ਨਿੱਡਰ ਹੋ ਕੇ ਹੋਰ ਗੋਲੀਆਂ ਬੰਦੂਕਾਂ ਵਿੱਚ (ਕਸਾਨੀ) ਭਰ ਲਈਆਂ।
[1]ਫੇਰ ਜਦੋਂ ਆ ਕੇ ਨੇੜੇ ਢੁੱਕੇ ਤਾਂ ਤੁਰਕਾਂ ਦੀ (ਫ਼ੌਜ) ਨਾਲ (ਪਿੰਡਾਂ ਦੇ) ਜੱਟ ਮੁਸਲਮਾਨਾਂ ਦੀ ਭੀੜ ਆ ਮਿਲੀ।
[1]ਨਾਸ ਕਰ ਸੁੱਟੇ।
[1]ਅਖ਼ੀਰ ਨੂੰ ਬਹੁਤੇ ਅੜ ਕੇ ਇੱਕੋ ਵਾਰ ਡੰਡਰੌਲਾ ਪਾ ਕੇ ਆ ਪਏ।
[1]ਸਿੰਘਾਂ ਨੇ (ਸਘੱਟ) ਜੱਥਿਆਂ ਦੀਆਂ (ਗੱਟ) ਕਤਾਰਾਂ (ਠਣ ਕੈ) ਬਣਾਕੇ ਬਹੁਤੇ ਵੈਰੀ ਜ਼ਖ਼ਮੀ ਕੀਤੇ ਤੇ ਕੱਟ ਸੁੱਟੇ।
[1]ਸ਼ਰੀਰਾਂ ਦੇ ਤਾਈਂ ਚੀਰਨਾ ਕੀਤਾ।
[1]ਤਲਵਾਰਾਂ ਲੈ ਕੇ ਸ਼ੇਰਾਂ ਵਾਂਗ ਹੱਲਾ ਕਰ ਕੇ ਦੇਰੀ ਛੱਡ ਕੇ ਨਿਬੇੜਨਾ ਕੀਤੇ।
[1]ਦੋਹਾਂ ਪਾਸਿਆਂ ਤੋਂ ਥੋੜਾ ਜ਼ੋਰ ਨਹੀਂ ਪਾਉਂਦੇ ਭਾਵ ਬਹੁਤਾ ਜ਼ੋਰ ਲਾਉਂਦੇ ਹਨ।
[1]ਜਦੋਂ ਜੰਗ ਪਿਆ ਭਾਵ ਹੋਇਆ ਤਾਂ ਮਾਸ ਤੇ ਲਹੂ ਦਾ ਧਰਤੀ ਵਿੱਚ ਭਾਰਾ ਚਿੱਕੜ ਹੋ ਗਿਆ।
[1]ਵਾਰ।

ਕਾਨਨ ਸਘਨ ਧਸੈਂ ਸਿੰਘ ਆਗੈਂ ॥੪੮॥
ਫੌਜ ਹਾਰ ਹਟ ਫਿਰੈ ਪਿਛਾਰੈ।
ਆਵਤ ਜਾਵਤ ਮੁਲਖ ਉਜਾਰੈ।
ਪੈਹੈਂ ਮੁਖਬਰ ਲੋਗ ਇਨਾਮਾ।
ਖਲਕਤ ਭਈ ਤਬਾਹ ਤਮਾਮਾ ॥੪੯॥
ਅਰ ਉਤ ਫੌਜ ਨਵਾਬੀ ਜੇਤੀ।
ਅਤਿਸੈ ਦੁਖੀ ਭਈ ਵਹੁ ਤੇਤੀ।
ਸਿੰਘਨ ਪੈ ਨਿਤ ਰਹੇ ਚਢਾਈ।
ਲੂਟ ਕੂਟ ਜਖਮੀ ਕਰਿ ਜਾਈਂ ॥੫੦॥
ਕਬੀ ਕਬੀ ਜੋ ਹ੍ਵੈ ਭਟ-ਭੇਰੈਂ[1]।
ਸਿੰਘ ਭੰਨ ਹੈਂ ਮੁਖ ਤਿਨ ਕੇਰੈਂ।
ਮਰੈਂ ਕਿਤਿਕ ਜਖਮੀ ਹ੍ਵੈ ਭਾਰੈਂ।
ਸਿੰਘ ਭਗਾਇ ਲਹੌਰੈਂ ਬਾਰੈਂ[1] ॥੫੧॥
ਕਬੀ ਨ ਕੁਛ ਇਨਾਮ ਜ਼ਖਮਾਨਾ[1]।
ਮਿਲੈ ਫੌਜ ਕੋ ਨਾਹਿਂ ਮਹਾਨਾ।
ਬਲਿਕੈ ਤਲਬ[1] ਸਾਲ ਇਕ ਕੇਰੀ।
ਚੜ੍ਹੀ ਨਵਾਬ ਤਰਫ ਬਹੁਤੇਰੀ ॥੫੨॥
ਫੌਜ ਭਈ ਯੌਂ ਸਭਿ ਦੁਖਜਾਰੀ।
ਬਿਨਾ ਤਲਬ ਅਰ ਜੰਗਨ ਮਾਰੀ।
ਤਲਬ ਫੌਜ ਮਾਂਗੇ ਜਬਿ ਸਾਰੀ।
ਕੁਛ ਕੁਛ ਕਹਿ ਨੁਵਾਬ ਦੈ ਟਾਰੀ ॥੫੩॥
ਟਕਾ ਨ ਰਹਜੋ ਹੁਤੋ ਤਿਸ ਪਾਸੈਂ।
ਆਵੈ ਨਹਿਂ ਉਗਰਾਹੀ ਰਾਸੈਂ[1]।
ਅਰ ਨੁਵਾਬ ਕੁਛ ਲਖ ਹੈ ਥੋਰਾ।
ਸਿੰਘਨ ਕੀ ਮੁਹਿੰਮ ਕਾ ਜੋਰਾ[1] ॥੫੪॥
ਪਰ ਜੋ ਤੁਰਕ ਸਿੰਘਨ ਕੇ ਹਾਥੈਂ।
ਪਿਖ ਆਵਤ ਸੋ ਧੁਨ ਹੀ ਮਾਥੈਂ[1]।
ਸਿੰਘਨ ਫੌਜ ਜਰਜਰੀ[1] ਕੀਨੀ।
ਘੋੜੇ ਜ੍ਵਾਨ ਨ ਛਾਡੇ ਪੀਨੀ[1] ॥੫੫॥
ਫੌਜ ਨੌਕਰੀ ਤਜਿ ਬਹੁ ਗਈ।

[1]ਸੂਰਮਿਆਂ ਦੇ ਭੇੜ, ਜੰਗ।
[1]ਵਾੜ ਦੇਂਦੇ ਹਨ।
[1]ਜ਼ਖ਼ਮੀਆਂ ਨੂੰ ਮਿਲਣ ਵਾਲਾ ਇਨਾਮ।
[1]ਤਨਖ਼ਾਹ।
[1]ਬਹੁਤੀ।
[1]ਨਵਾਬ, ਸਿੰਘਾਂ ਦੇ ਜੰਗ ਦਾ ਜ਼ੋਰ ਥੋੜ੍ਹਾ ਜਾਣਦਾ ਹੈ।
[1]ਸਿਰਾਂ ਨੂੰ ਹਿਲਾਉਂਦੇ ਹਨ।
[1]ਬੋਡੀ, ਕਮਜ਼ੋਰ।
[1]ਤਕੜੇ।

ਰੁਹੇਲੇ[1] ਬਘੇਲੇ[2] ਹੁਤੇ ਸਰਦਾਰੇ।

[1]ਖ਼ੈਬਰ ਦੇ ਪਠਾਣਾਂ ਦੀ ਇਕ ਜਾਤੀ। [2]ਰਾਜਪੂਤਾਂ ਦੀ ਇਕ ਜਾਤੀ।

ਦੋਇ ਹਜ਼ਾਰ ਅਸਵਾਰ ਦਯੋ ਸੰਗ,
ਜੋ ਅਤਿ ਜਾਹਲ ਜ਼ਾਲਮ ਖਾਰੇ[1]।

[1]ਮੂਰਖ ਤੇ ਤਿੱਖੇ ਜ਼ਾਲਮ।

ਆਇ ਲਹੌਰ ਨਵਾਬ ਤਈਂ,
ਉਨ ਤੰਗ ਕਰਜੋ ਲਹਿੰ ਦਸਤਕ ਭਾਰੇ[1]।

[1]ਵੱਡੇ (ਦਸਤਕ) ਜੁਰਮਾਨੇ ਲੈਂਦੇ ਹਨ।

ਏਕ ਹਜ਼ਾਰ ਨਿਤਾ ਪ੍ਰਤਿ ਲੇਤ,
ਨੁਵਾਬ ਤਬੈ ਅਤਿ ਹੋਇ ਲਚਾਰੇ ॥੪॥
ਦੋਹਰਾ:
*ਮੁਲਕ ਲੂਟ ਸਿੰਘਨ ਕਰਜੋ,

*ਇਹ ਅੰਕ ਨੰ. ੫ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ। ਮੂਲ 'ਚ ਨਹੀਂ ਹੈ।

ਤਬਿ ਸਭਿ ਐਨ ਤਬਾਹਿ।
ਢਿਗ ਨੁਵਾਬ ਕਿਛੁ ਮਾਮਲਾ,
ਆਵਨ ਦੈਹੈਂ ਨਾਹਿੰ ॥੫॥
ਆਵਤ ਟਕੇ ਨੁਵਾਬ ਪੈ,
ਜੋ ਉਗਰਾਹੀ ਕੇਰ।
ਮਸਹੀਂ ਖਰਚ ਨੁਵਾਬ ਕਾ,
ਚਾਲੈ ਤਬਿ ਲਿਹੁ ਹੇਰ ॥੬॥
ਚੌਪਈ:
ਜਾਤਿ ਬਘੇਲੇ ਥੇ ਸੁ ਰੁਹੇਲੇ।
ਖੇਲ ਬਘੇਲਨ ਕੇ ਉਨ ਖੇਲੇ[1]।

[1]ਬਘੇਲੇ ਤੇਰੁਹੇਲੇ ਜੋ ਸੁੰਦਰ ਜਾਤੀਆਂ ਦੇ ਸਨ, ਉਨ੍ਹਾਂ ਸ਼ੇਰਾਂ ਵਾਲੇ ਖੇਲ ਖੇਲੇ।

ਬਾਦਸ਼ਾਹਿ ਕਾ ਜ਼ੋਰ ਜਨਾਵੈਂ।
ਤੀਨ ਕਰੋੜ ਰੁਪਜਾ ਚਹਾਵੈਂ[1] ॥੭॥

[1]ਲੈਣਾ ਚਾਹੁੰਦੇ ਹਨ।

ਸੋ ਕਰੋੜ ਚਹਿੰ ਇਹਾਂ ਨ ਲਾਖੋਂ[1]।

[1]ਉਹ ਕ੍ਰੋੜਾਂ ਚਾਹੁੰਦੇ ਹਨ ਪਰ ਏਥੇ ਲੱਖਾਂ ਵੀ ਨਹੀਂ ਹਨ।

ਕਰਜ਼ਾ ਮਿਲੈ ਇਤਿਕ ਨਹਿੰ ਲਾਖੋ[1]।

[1]ਜਾਣੋ।

ਬਾਰ ਬਾਰ ਸ਼ਾਹ ਦਿਸ ਤੈ ਤੱਦੀ[1]।

[1]ਤਾੜਨਾ।

ਆਵੈ ਲਿਖੀ ਤਾਹਿੰ ਬੇਹੱਦੀ[1] ॥੮॥

[1]ਬਹੁਤੀ।

ਨਾਜ਼ਮ ਹ੍ਵੈ ਕੈ ਤੰਗ ਮਹਾਂਈ।
ਸਿੰਘਨ ਕੀ ਤਕਲੀਫ ਭੁਲਾਈ।
ਪਰਜੋ ਦੂਖ ਪਰ ਦੂਖ ਮਹਾਂਨੈ।

ਇਬਰਾਹੀਮ ਅਗਨਿ ਮੈਂ ਰਾਖਾ।
ਫਿਰ ਤਿਹ ਸੁਤ ਹਿਤ ਦੁੰਬਾ ਚਾਖਾ।
ਮੂਸਾ ਵੀਚ ਸਮੁੰਦਰ ਰੱਖਯੋ।
ਫਿਰਾਹੂੰਨ ਸਹਿ ਸੈਨਾ ਭੱਖਯੋ[1] ॥ ੫੨ ॥
ਕਰਿ ਸੰਗਸਾਰ[1]* ਮਾਰ ਕੈ ਬੈਰੀ।
ਗਏ ਮੁਹੰਮਦ ਕੋ ਸਿੱਟ ਸੈਰੀ[1]।
ਤੂਟੇ ਦੰਦ, ਜਿੰਦ ਜਿਨ ਰਾਖੀ।
ਸੋ ਹਮਰਾ ਰਖਕ ਪ੍ਰਭ ਸਾਖੀ[1] ॥ ੫੩ ॥
ਸਾਬਰ[1] ਪੈਕੰਬਰ ਕੀ ਤੌਰੈਂ[2]।
ਪਰਖਤ ਹੈ ਹਮ ਕੌਂ ਪ੍ਰਭੁ ਗੌਰੈਂ[1]।
ਹਜ਼ਰਤ ਈਸਾ ਕੇ ਜਯੋਂ ਚੇਲੇ।
ਕਸ਼ਟ ਸਹਿਤ ਅਤਿ ਰਹੇ ਦੁਹੇਲੇ[1] ॥ ੫੪ ॥
ਹਰੀ ਚੰਦ ਨ੍ਰਿਪ ਤਈਂ ਪਰੇਖੋ[1]।
ਤੈਸ ਹਵਾਲ ਹਮਾਰਾ ਲੇਖੋ[1]।
ਤੁਮ ਤੋ ਕਿਸ ਕੋ ਪਾਨੀਹਾਰੈਂ[1]।
ਜੌਂ ਚਢਿ ਆਇ ਤੁਕਾਨੀ ਸਾਰੈਂ ॥ ੫੫ ॥
ਤੌ ਭੀ ਹਮ ਨਹਿਂ ਨਿਜ ਹਠ ਤਜ ਹੈਂ।
ਬਿਨ ਅਕਾਲ ਨਹਿਂ ਔਰਹਿਂ ਭਜ ਹੈਂ।
ਪੀਛੇ ਭੀ ਨਹਿਂ ਕਸਰ ਰਖਾਈ।
ਅਬਿ ਤੁਮ ਨਿਜ ਬਲ ਲੈਹੋ ਲਾਈ ॥ ੫੬ ॥
ਮਜਾਂਕੇ ਚਜਾਂਕੇ[1] ਛੁਟੈ ਨ ਬਕਰੀ।
ਮਾਂ ਮਾਂ ਕਹੇ ਨ ਮਿਲ ਹੈ ਕਕਰੀ[1]।
ਹਮਰੇ ਕਹੇ ਹਟਯੋ ਤੂੰ ਕਬਿ ਹੈਂ।
ਜੋ ਕਰਨਾ ਚਹਿਂ ਕਰਿ ਲੈ ਸਭਿ ਹੈ ॥ ੫੭ ॥
ਤੁਮਰੀ ਜਿੰਦ ਨ ਹਮ ਭੀ ਛੋਰੈਂ।
ਮਾਰੈਂ ਤੋਹਿ ਸਾਂਝ ਕੈ ਭੋਰੈਂ[1]।
ਰਾਜ ਲੈਹਿਂਗੇ ਬਲ ਤਰਵਾਰੈਂ।
ਹਮ ਹੀ ਤੁਮਰੀ ਜਰਾਂ ਉਖਾਰੈਂ ॥ ੫੮ ॥

[1]ਮਿਸਰ ਦੇ ਮਸ਼ਹੂਰ ਬਾਦਸ਼ਾਹ ਫਰਊਨ ਨੂੰ ਸਣੇ ਫ਼ੌਜ ਨਸ਼ਟ ਕੀਤਾ।
[1]ਪੱਥਰ ਮਾਰ ਕੇ। *ਏਥੇ ਮੂਲ ਵਿੱਚ ਪਾਠ ਸੰਸਾਰ ਛਪਿਆ ਹੋਇਆ ਹੈ। ਅਸਾਂ ਸੰਗਸਾਰ ਸ਼ੁੱਧ ਕਰ ਦਿੱਤਾ ਹੈ।
[1]ਜੰਗ ਦੇ ਮੈਦਾਨ ਵਿੱਚ।
[1]ਗਵਾਹ ਹੈ।
[1]ਇਕ ਪੈਗ਼ੰਬਰ। [2]ਤਰ੍ਹਾਂ।
[1]ਬਹੁਤਾ।
[1]ਦੁਖੀ।
[1]ਪਰਖੋ।
[1]ਜਾਣੋ।
[1]ਪਾਣੀ ਭਰਨ ਵਾਲਾ ਨੌਕਰ।
[1]ਮਿਆਂਕਣ ਤੇ ਚਿਆਂਕਣ ਕਰਕੇ।
[1]ਖੱਖੜੀ ਫਲ।
[1]ਸ਼ਾਮ ਨੂੰ ਜਾਂ ਸਵੇਰ ਨੂੰ।

ਦੀਨ ਮਜ਼ਬ ਕਾ ਜੁੱਧ ਹਮ ਠਠ੍ਯੋ[1]। — [1]ਰਚਿਆ ਹੈ।
ਜੋ ਜੋ ਕਾਯਮ ਦੀਨ[1] ਕਹਾਵੈ। — [1]ਮਜ਼ਹਬ ਵਿੱਚ ਪੱਕਾ।
ਸੋ ਸੋ ਹਮ ਸੋਂ ਆਇ ਮਿਲਾਵੈ ॥੨੩॥
ਸੁਨ੍ਯੋ ਢੰਡੋਰਾ ਜਬਿ ਅਖਬਾਰੈਂ[1]। — [1]ਖ਼ਬਰਾਂ।
ਕੋ ਪਜਾਦੋ[1] ਕੋ ਹ੍ਵੈ ਅਸਵਾਰੈਂ। — [1]ਪੈਦਲ।
ਅਏ ਬਲੋਚ ਪਚਾਧੇ ਸ਼ੇਖਾ।
ਸੱਯਦ ਮੁਗਲ ਪਠਾਨ ਬਿਸੇਖਾ ॥੨੪॥
ਭੱਟੀ ਜੱਟ ਰੰਘੜ ਰਜਪੂਤ।
ਆਏ ਸਭਿ ਬਨਿ ਬਨਿ ਮਜ਼ਬੂਤ।
ਤੇਲੀ ਪੀਂਜੇ[1] ਡੂੰਮ ਜੁਲਾਹੇ। — [1]ਰੂੰ ਪਿੰਜਣ ਵਾਲੇ।
ਆਏ ਊਤ[1] ਮੌਤ ਜੋ ਚਾਹੇ ॥੨੫॥ — [1]ਮੂਰਖ।
ਅਟੜੇ ਕੇ ਗਠੜੇ[1] ਧਰਿ ਸਿਰ ਪਰ। — [1]ਆਟੇ ਦੀਆਂ ਪੰਡਾਂ।
ਟੁਟੜੇ ਫੁਟੜੇ ਸ਼ਸਤਰ ਲੈ ਕਰਿ।
ਦੁਇ ਦੁਇ ਕੋਸ ਲਹੌਰ ਚੁਫੇਰੈਂ।
ਪਰ੍ਯੋ ਜਹਾਨ ਆਨਿ ਬਿਨ ਬੇਰੈਂ ॥੨੬॥
ਕਈ ਲਾਖ ਭੇ ਤੁਰਕ ਇਕੱਤ੍ਰੇ।
ਜਨੁ ਜਮ ਕੇ ਜਲਸੇ ਕੇ ਬੱਕ੍ਰੇ।
ਪਿਖਿ ਨੁਵਾਬ ਹ੍ਵੈ ਖੁਸ਼ੀ ਹਿਰਾਨਾ।
ਕਹ੍ਯੋ ਅਯੋ ਯਹਿ ਦੁਤੀ ਜਹਾਨਾ ॥੨੭॥
ਤਕੀ ਮੁਹੰਮਦ, ਇਨਾਇਤ ਖਾਨੈਂ।
ਝੰਡਾ ਦੀਗਰ[1] ਗਡ੍ਯੋ ਮਦਾਨੈਂ। — [1]ਦੂਜਾ।
ਕਹ੍ਯੋ ਤਿਨੈ ਤਬਿ ਊਚੇ ਟੇਰੇ[1]। — [1]ਬੋਲ ਕੇ।
ਹੋਇ ਬਿਖਰਚ[1] ਰਲੈ ਮਮ ਡੇਰੇ ॥੨੮॥ — [1]ਬਿਨਾਂ ਖ਼ਰਚ ਤੋਂ।
ਮਿਲ੍ਯੋ ਮੁਰਤਜਾ ਖਾਨ ਸੁਦਾਗਰ।
ਹਿਤ ਸੁਦਾਗਰੀ ਮੌਤ ਉਜਾਗਰ[1]। — [1]ਪ੍ਰਗਟ ਹੀ ਮੌਤ ਦੇ ਖ਼ਰੀਦਣ ਵਾਸਤੇ।
ਬਾਬਰ ਬੇਗ ਸੁ ਹਾਜੀ ਬੇਗੈਂ।
ਮਿਲੇ, ਗਿਲੈਂ ਜਿਨ ਸਿੰਘਨ ਤੇਗੈਂ[1] ॥੨੯॥ — [1]ਜਿਨ੍ਹਾਂ ਨੂੰ ਸਿੰਘਾਂ ਦੀਆਂ ਤੇਗਾਂ ਹੀ ਨਿਗਲਣਗੀਆਂ।
ਹਾਜੀ ਯਾਰ ਮੁਹੰਮਦ ਕਾਜੀ।
ਪਾਜੀ ਭਵੈਂ[1] ਕਾਲ ਕੀ ਭਾਜੀ। — [1]ਕਾਇਰ ਹੋ ਜਾਣਗੇ।
ਚਿਸ਼ਤੀ[1] ਫਕਰ ਮਲੰਗ[2] ਮਦਾਰੀ[3]। — [1]ਖੁਰਾਸਾਨ ਦੇਸ਼ ਦੇ ਨਗਰ ਚਿਸ਼ਤ ਦੇ ਰਹਿਣ ਵਾਲੇ ਅਬੂ

ਤੁਰਕਾਂਨ ਕਈ ਲਖ ਆਨ ਠਈ[1]।
ਅਤਿ ਥੋਰਨ ਕੀ ਅਤਿ ਭੂਰਨ ਸੋਂ,
ਕਿਸ ਕੀ ਲਰ ਕੈ ਫਿਰ ਸੈਨ ਗਈ[1]।

ਇਕ ਸੀਸ ਸਹਾਇ ਕਰੈ ਜਿਸ ਕੀ,
ਤਿਸ ਕੀ ਕਿਸ ਤੈ ਕਬਿ ਹਾਨਿ ਭਈ ॥੫੯॥

[1]ਆ ਇਕੱਠਾ ਹੋਇਆ।

[1]ਬਹੁਤ ਥੋੜ੍ਹਿਆਂ ਦੀ ਬਹੁਤ ਜ਼ਿਆਦਾ ਬੰਦਿਆਂ ਨਾਲ ਲੜ ਕੇ ਫੇਰ ਕਿਸ ਦੀ ਫ਼ੌਜ (ਬਚ ਕੇ ਵਾਪਸ) ਗਈ ਹੈ।

ਕਬਿੱਤ:

ਭੀਖਮ ਦ੍ਰੋਣ ਕਰਣ ਭਾਰਥ ਮੈਂ ਪਾਰਥ ਸੇ,
ਖੜਕ ਸਿੰਘ ਜਰਾ-ਸਿੰਧ ਜੈਸੇ ਜੰਗ ਥੀਸ ਕੌਂ[1]।

[1]ਜਿਵੇਂ ਮਹਾਂ-ਭਾਰਤ ਦੇ ਜੰਗ ਵਿੱਚ ਭੀਸ਼ਮ, ਦ੍ਰੋਣਾ-ਚਾਰਯ, ਕਰਣ, ਖੜਗ ਸਿੰਘ ਤੇ ਜਰਾ-ਸਿੰਧ ਵਰਗੇ ਜੰਗ ਦੇ ਮਾਹਰਾਂ ਨੂੰ ਅਰਜਨ ਤੇ ਉਸ ਵਰਗੇ (ਸੂਰਮਿਆਂ ਨੇ ਮਾਰਿਆ)।

ਅੰਗਦ ਔ ਹਨੂਮਾਨ ਸੁਗਰੀਵ ਜਾਮਵਾਨ[1],
ਠਾਨ ਘਮਸਾਨ ਹਾਨਿ ਕੀਨ ਭੁਜ ਬੀਸ ਕੌਂ[1]।
ਗਜਾਨ ਸਿੰਘ ਤਜੋਂ ਘਮੰਡ ਸਿੰਘਨ ਪ੍ਰਚੰਡ ਮੰਡਿ,
ਖੰਡਜੋ ਬਲਵੰਡ ਦਲ ਖਲ ਤੁਰਕੀਸ ਕੌਂ[1]।

[1]ਜਾਮਾਵੰਤ।

[1]ਰਾਵਣ ਨੂੰ ਜੰਗ ਕਰ ਕੇ ਮਾਰਿਆ।

[1]ਗਿਆਨ ਸਿੰਘ (ਕਹਿੰਦਾ ਹੈ) ਤਿਵੇਂ ਸਿੰਘਾਂ ਨੇ ਤਿੱਖਾ ਜੰਗ ਰਚ ਕੇ ਤੁਰਕਾਂ ਦੇ ਬਾਦਸ਼ਾਹ ਦੇ ਮੂਰਖ ਦਲ ਦਾ ਨਾਸ਼ ਕੀਤਾ।

ਮਸ਼ਕ ਗਿਰੀਸ ਕੌਂ, ਸਸਕ ਮ੍ਰਿਗੀਸ ਕੌਂ,
ਬਿਦਾਰੇ ਬਿਸਵੇ ਬੀਸ ਸੋ, ਜੋ ਭਾਵੈ ਇਕ ਈਸ ਕੋ[1] ॥੬੦॥

[1]ਜੇ ਇਕ ਈਸ਼੍ਵਰ ਨੂੰ ਭਾ ਜਾਵੇ ਤਾਂ ਮੱਛਰ ਵੱਡੇ ਪਹਾੜ ਨੂੰ, ਸਹਿਆ ਸ਼ੇਰ ਨੂੰ ਯਕੀਨ ਜਾਣੋ ਨਾਸ਼ ਕਰ ਦੇਂਦਾ ਹੈ।

ਸਿੰਘ ਦਰਬਾਰਾ, ਹਰੀ ਸਿੰਘ, ਹਰਿ[1] ਪਜਾਰਾ, ਰਾਮ[2],
ਸਿੰਘ ਗੁਲਜ਼ਾਰਾ, ਹਰਿ ਮਦਨ ਪ੍ਰਮਾਨੀਏ।
ਦੇਵ ਸਿੰਘ, ਅਤਰ ਸਿੰਘ, ਨੰਦ ਸਿੰਘ, ਗ੍ਰੂਜਾ ਸਿੰਘ,
ਚੋਲਾ ਹਰਿ ਸੱਜਣ, ਗੁਰਬਖਸ਼ ਹਰੀ ਮਾਨੀਏ।
ਇਕਸਠ[1] ਸਾਖੀ ਰਤਨ ਮਾਲਾ ਮੈਂ ਹਵਾਲਾ ਇਨੈ,
ਬਾਘ ਸਿੰਘ, ਕੇਹਰ, ਕਪੂਰ ਹਰੀ, ਜਾਨੀਏ।
ਬੇਲਾ ਸਿੰਘ, ਸੂਬਾ, ਸਜਾਮ ਸਿੰਘ, ਗੁਰਦਜਾਲ ਹਰਿ,
ਬੁੱਢਾ ਸਿੰਘ ਦੇਸੀ, ਸੁੱਖਾ ਸਿੰਘ, ਗਜਾਨ ਠਾਨੀਏ ॥੬੧॥

[1]ਸਿੰਘ। [2](ਸਿੰਘ)।

[1]ਇਕਾਹਟਵੀਂ।

ਫਿਰੈਂ ਇਤ ਤੈ ਉਤ ਸੱਤ੍ਰਨ ਖੋਵਤ[1]।
ਹਾਰਿ ਹਿਰਾਨ ਭਈ ਤੁਰਕਾਨਿ,
ਪੁਨਾ ਖਰਚਾ ਨਿਜ ਗਾਠ ਤੇ ਹੋਵਤ।
ਦੇਸ ਵਿਰਾਨ ਮਹਾਨ ਭਯੋ ਸਭ,
ਸਿੰਘਨ ਕੋ ਨਿਜ ਸੱਤਰੁ ਜੋਵਤ[1] ॥ ੨੩ ॥
ਚੌਪਈ:
ਸਿੰਘ ਕਹੂੰ ਛਿਨ ਟਿਕਨ ਨ ਪਾਵੈਂ।
ਨਿਸ ਦਿਨ ਮੁਸ਼ਕਲ ਫਿਰਤ ਬਿਤਾਵੈਂ।
ਭੋਜਨ ਛਕਯਾਂ ਭਏ ਮਹੀਨੇ।
ਕੱਚੇ ਦਾਣੇ ਕਰੈਂ ਚਬੀਨੇ ॥ ੨੪ ॥
ਸੋ ਭੀ ਕਬੀ ਕਬੀ ਕਿਤ ਮਿਲਹੀਂ।
ਨਹੀਂ ਤ ਸਾਗ ਪਾਤ ਕੁਛ ਗਿਲਹੀਂ[1]।
ਵਹਿ ਭੀ ਮਿਲੈਂ ਨ ਕਈ ਕਈ ਦਿਨ।
ਕਈ ਮਹੀਨੇ ਬਿਤੇ ਨੀਂਦ ਬਿਨ ॥ ੨੫ ॥
ਜਤੀ ਸਤੀ ਰਹਿਂ ਸਭਿ ਪ੍ਰਕਾਰੈਂ।
ਪ੍ਰਗਟੇ ਲਛਮਨ ਮਨੋ ਹਜ਼ਾਰੈਂ।
ਸਾਤਕ ਸੌ ਸਿੰਘ ਤੁਰਕਨ ਘੇਰਾ।
ਕਰਯੋ ਲਚਾਰ ਜਬੈ ਬਹੁਤੇਰਾ ॥ ੨੬ ॥
ਰਾਵੀ ਤਟੈਂ[1] ਭਰਤ-ਗਢ ਗ੍ਰਾਮੂੰ।
ਤਹਿਂ ਭਗਵੰਤ ਖੱਤਰੀ ਨਾਮੂੰ।
ਹੁਤੋ ਹਵੇਲੀ ਨਈ ਬਨਾਈ।
ਧਸੇ ਸਿੰਘ ਤਿਸ ਮੈਂ ਬਰਿਆਈ[1] ॥ ੨੭ ॥
ਪੇਸ਼ ਨ ਚਲੀ ਤਾਂਹਿ ਕੀ ਕਾਈ।
ਐਪਰ ਫਿਰ ਉਨ ਕਰੀ ਦਨਾਈ[1]।
ਲੈ ਨਿਜ ਟੱਬਰੀ ਯੁਤ ਅਸਵਾਬੈਂ[1]।
ਸਾਥ ਸਲਾਹੈਂ ਸਿੰਘਨ ਸ਼ਿਤਾਬੈਂ[1] ॥ ੨੮ ॥
ਔਰ ਗ੍ਰਾਮ ਮੈਂ ਠਹਿਰਯੋ ਜਾਏ।
ਸਿੰਘ ਮਵਾਸ[1] ਭਏ ਤਿਸ ਠਾਂਏ।
ਕੋਠੇ ਤੁੜੀ ਦਾਨਯੋਂ ਕੇਰੇ।
ਭਰੇ ਮਿਲੇ ਖੱਤ੍ਰੀ ਕੇ ਹੇਰੇ ॥ ੨੯ ॥

[1]ਵੈਰੀਆਂ ਨੂੰ ਮਾਰਦੇ।
[1]ਆਪਣਾ ਵੈਰੀ ਵੇਖਦੇ ਹਨ।
[1]ਛਕਦੇ ਹਨ।
[1]ਰਾਵੀ ਨਦੀ ਦੇ ਕਿਨਾਰੇ।
[1]ਬਦੋ-ਬਦੀ।
[1]ਸਿਆਣਪ।
[1]ਸਣੇ ਸਾਮਾਨ ਦੇ।
[1]ਸਿੰਘਾਂ ਦੀ ਸਲਾਹ ਨਾਲ ਛੇਤੀ।
[1]ਆਕੀ।

ਹਾਇ ਹਾਇ ਕਰਿ ਮਨ ਮੁਰਝਾਵੈਂ।
ਭਈ ਤੁਫੰਗ ਸਿੰਘਨ ਖਾਲੀ ਜਬਿ।
ਗਹੀ ਕ੍ਰਿਪਾਨੈਂ ਜ੍ਵਾਨੈਂ ਫਿਰ ਤਬਿ ॥੧੪੪॥
ਉਛਰਿ ਉਛਰਿ ਚੀਤੇ ਸਮ ਪਰ ਕੈ।
ਰਿਦੈ ਕੋਪ ਕੇਹਰ ਜਿਮ ਭਰ ਕੈ।
ਮਾਰੈਂ ਤੇਗ ਬੇਗ ਸਿਰਿ ਤੁਰਕਨ।
ਧਰੈਂ ਉਤਾਰ ਮੂੰਡ ਸਮ ਬੁਰਕਨ[1] ॥੧੪੫॥ — [1]ਬੁਰਕਿਆਂ (ਪੜਦਿਆਂ) ਵਾਂਗ।
ਸਿੰਘ ਪਰੇ ਜਬਿ ਝੁਕਿ ਸਮ ਬਾਜਨ।
ਮੁਗਲ ਚੁਗਲ ਸਮ ਲੱਗੇ ਭਾਜਨ।
ਜੈਸ ਕਪੋਤਨ ਧਾਮ ਮਝਾਰੂ[1]। — [1]ਜਿਵੇਂ ਕਬੂਤਰਾਂ ਦੇ ਘਰ ਵਿੱਚ ਬਿੱਲੇ।
ਅਜਾ ਬ੍ਰਿੰਦ ਮੈਂ ਜੈਸ ਬਘਜਾਰੂ[1] ॥੧੪੬॥ — [1]ਜਿਵੇਂ ਬਹੁਤੀਆਂ ਬਕਰੀਆਂ ਵਿੱਚ ਬਘਿਆੜ।
ਜਯੋਂ ਬਹੁ ਬਾਢੀ ਬਨ ਮੈਂ ਪੈਠਨ[1]। — [1]ਜਿਵੇਂ ਬਹੁਤੇ ਤਰਖਾਣ ਜੰਗਲ 'ਚ ਵੜ ਜਾਣ।
ਸਿੰਘ ਧਸੇ ਤਯੋਂ ਤੁਰਕੈਂ ਐਂਠਨ[1]। — [1]ਮਰੋੜਨ ਭਾਵ ਮਾਰਨ ਲਈ।
ਮੌਲਵਿ ਮੁੱਲਾਂ ਮੁਫਤੀ[1] ਕਾਜੀ। — [1]ਫਤਵਾ ਦੇਣ ਵਾਲੇ।
ਭੇਡਨ ਸਮ ਦਿਹਂ ਜਾਨੈਂ ਪਾਜੀ[1] ॥੧੪੭॥ — [1]ਕਾਇਰ।
ਆਇ ਸੁਦਾਗਰ ਮੁਰਤਜ਼ਾ ਖਾਨੈ।
ਕਰੀ ਤਜਾਰਤ[1] ਮੌਤ ਮਹਾਨੈ। — [1]ਵਪਾਰ।
ਟੋਡਰ ਪੌਤਰ ਟੋਟਰ[1] ਭੰਨਾਂ। — [1]ਮੋਨਾ ਸਿਰ।
ਨਮਕ ਸਰਤ ਸਿਰ ਕੀਨੋ ਬੰਨ੍ਹਾਂ[1] ॥੧੪੮॥ — [1](ਸਰਤ) ਵਗਦੇ ਸਿਰ ਭਾਵ ਸਿਰ ਦੇ ਜ਼ਖਮ ਵਿੱਚ ਲੂਣ ਬੰਨ੍ਹਿਆ।
ਬਾਬਰ ਬੇਗ ਹਾਜੀ ਕੋ ਹੱਜੈਂ।
ਖਤਮ ਭਯੋ ਰਣ ਮੱਕਾ ਅੱਜੈਂ[1]। — [1]ਜੰਗ ਰੂਪ ਮੱਕੇ ਦਾ ਹੱਜ ਅੱਜ ਮੁਕ ਗਿਆ ਹੈ।
ਮੀਰ ਬੇਗ ਲਖਿ[1] ਭਾਗਜੋ ਬੇਗਾ[2]। — [1]ਜਾਣ ਕੇ। [2]ਛੇਤੀ।
ਬਗਿ ਪਾਛੇ[1] ਸਿੰਘ ਬਖਸ਼ਜੋ ਤੇਗਾ ॥੧੪੯॥ — [1]ਪਿੱਛੇ ਤੇਜ਼ ਚਲ ਕੇ।
ਸਨਮੁਖ ਭਯੋ ਜੁ ਖਾਨ ਇਨਯਾਤ।
ਇਕ ਸਿੰਘ ਕੀਨੀ ਸਾਂਗ ਇਨਾਯਤ[1]। — [1]ਬਰਛੀ ਬਖ਼ਸ਼ ਦਿੱਤੀ ਭਾਵ ਮਾਰ ਦਿੱਤੀ।
ਸੈਫ ਖਾਨ ਇਕ ਖਾ ਕਰਿ ਸੈਫੈਂ[1]। — [1]ਸਿੱਧੀ ਤਲਵਾਰ।
ਪਰਜੋ ਮਸਤ ਹ੍ਵੈ ਜਨੁ ਛਕਿ ਕੈਫੈਂ[1] ॥੧੫੦॥ — [1]ਸ਼ਰਾਬ।
ਹਰਫ ਕਹਤ ਸਿੰਘ, ਆ ਇਤ ਤਰਫੈਂ[1]। — [1]ਸਿੰਘ ਨੇ ਇਹ ਲਫ਼ਜ਼ ਕਹੇ-ਤੂੰ ਇਸ ਤਰਫ ਆ।
ਸਰਫ ਖਾਨ ਝਟ ਸਿਰ ਕਿਯ ਸਰਫੈਂ[1]। — [1]ਸਿਰ ਖ਼ਰਚ ਕਰ ਦਿੱਤਾ ਭਾਵ ਦੇ ਦਿੱਤਾ।

ਜ਼ੁਲਫ ਕਾਰ ਖਾਂ ਜ਼ੁਲਫ ਖਿਲਾਰੀ[1]।
ਮੁਹੱਬਤ ਖਾਨ ਮੁਹਬਤ ਪਾਰੀ[1] ॥੧੫੧॥
ਹੈਬਤ ਖਾਂ ਹੈਬਤ ਖਾ[1] ਮਰਯੋ।
ਪੀਰ ਬਖਸ਼ ਤਨ ਬਖਸ਼ਨ ਕਰਯੋ।
ਮੁਹੰਮਦ ਖਾਂ ਅਲਹਮਦ[1] ਉਚਾਰਜੋ।
ਕੰਮ ਸਿੰਘ ਕਿਯ, ਦੰਮ ਨ ਮਾਰਜੋ[1] ॥੧੫੨॥

ਅਲੀਯਾਰ ਖਾਂ ਅਲਾ ਸੰਭਾਰਾ[1]।
ਭਾਲਾ ਆਲਾ ਸਿੰਘ ਕਿਯ ਪਾਰਾ[1]।
ਹਸਨ ਹੁਸੈਨ ਖਾਨ ਹਸ ਹਸ ਕੈ।
ਬਾਨ੍ਹੇ ਥੇ[1] ਗਾਨੇ ਜੋ ਕਸ ਕੈ ॥੧੫੩॥
ਜਾਨੇਂ ਦੀਨੀ ਦੀਨੀ ਬਨ ਕੈ[1]।
ਮਰੇ ਏਕ ਇਕ ਸਿੰਘ ਕੋ[1] ਹਨ ਕੈ।
ਸਾਦਕ ਅਲੀ ਸਿਦਕ ਨੇਬਾਹਜੋ।
ਲਈ ਰਸੀਦ[1] ਸ਼ਹੀਦ ਥਵਾਹਜੋ[2] ॥੧੫੪॥
ਖਾਨ ਸਲਾਮਤ, ਜਾਂਨ ਸਲਾਮਤ।
ਰਾਖੀ, ਇਕ ਹੇਤੈ ਕਹਿਨਾਵਤ[1]।
ਖਾਨ ਬੁਲੰਦ, ਬੁਲੰਦ[1] ਅਵਾਜੈਂ।
ਦੈ, ਜਿੰਦ ਦੀਨ, ਦੀਨ ਕੇ ਕਾਜੈਂ ॥੧੫੫॥
ਪੀਰ ਸਿਕੰਦਰ ਸ਼ਾਹਿ ਮਲੰਗੈਂ[1]।

ਖੇਤ ਅੰਦਰਰਹਿ ਪਾਲਜੋ ਅੰਗੈਂ[1]।
ਕਾਜੀ ਹਾਜੀ, ਸ਼ਾਹ ਰਜ਼ਾਕੈਂ।
ਪਾਜੀ ਬਾਜੀ ਕੀਨ ਹਲਾਕੈਂ[1] ॥੧੫੬॥
ਅਏ ਰੁਹੇਲੇ ਥੇ ਜੁ ਬਘੇਲੈਂ[1]।
ਹੇਲੈ ਪਹਿਲ ਮਰੇ ਸਮ ਛੇਲੈਂ[1]।
ਖਾਂ ਜਲਾਲ ਹ੍ਵੈ ਮਰਜੋ ਜ਼ਲੀਲੈਂ[1]।
ਇਸਮਾ ਭਾਗਜੋ ਇਸਮਾਈਲੈਂ[1] ॥੧੫੭॥

ਦੋਹਰਾ:
ਮੁੱਲਾਂ ਪੀਰ ਮੁਹੰਮਦੈਂ,

[1]ਸਿਰ ਦੀਆਂ ਲਿਟਾਂ ਖਿਲਾਰ ਲਈਆਂ ਭਾਵ ਮਰ ਗਿਆ।
[1]ਪਾਲੀ ਭਾਵ ਖ਼ਤਮ ਹੋ ਗਿਆ।
[1]ਭੈ ਖਾ ਕੇ।
[1]ਉਸਤਤ।
[1]ਸਿੰਘ ਨੇ (ਮਾਰਨ ਦਾ) ਕੰਮ ਕਰ ਦਿੱਤਾ, ਉਸ ਨੇ ਸਾਹ ਨਹੀਂ ਲਿਆ ਭਾਵ ਮਰ ਗਿਆ।
[1]ਅੱਲਾ ਨੇ ਸੰਭਾਲ ਲਿਆ ਭਾਵ ਮਰ ਗਿਆ।
[1]ਬਰਛਾ ਪਾਰ ਲੰਘਾ ਦਿੱਤਾ।
[1]ਬੰਨ੍ਹੇ ਸਨ।
[1]ਇਸਲਾਮ ਧਰਮ ਦੇ ਮੰਨਣ ਵਾਲੇ ਬਣ ਕੇ।
[1]ਇੱਕ ਇੱਕ ਸਿੰਘ ਨੂੰ ਮਾਰ ਕੇ ਮਰੇ।
[1]ਮੁਕਤੀ। [2]ਹੋ ਗਿਆ।
[1](ਸਿਰਫ਼ ਇਹ) ਕਹਿਣ ਵਾਸਤੇ ਕਿ ਇਕ ਤਾਂ ਬਚ ਗਿਆ ਹੈ।
[1]ਉੱਚੀ।
[1]ਮਲੰਗ ਨੇ। (ਮਲੰਗ-ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ।)
[1]ਜੰਗ ਦੇ ਅੰਦਰਰਹਿ ਕੇ ਪੱਖ ਕੀਤਾ।
[1]ਕਾਇਰ ਦਾ ਘੋੜਾ ਮਾਰ ਦਿੱਤਾ।
[1]ਸ਼ੇਰ ਬਣਕੇ ਜੋਰੁਹੇਲੇ ਆਏ ਸਨ।
[1]ਉਹ ਪਹਿਲੇ ਹੱਲੇ ਹੀ ਬਕਰਿਆਂ ਵਾਂਗ ਮਰ ਗਏ।
[1]ਖੁਆਰ ਹੋ ਕੇ, ਬੇਇਜ਼ਤ ਹੋ ਕੇ।
[1]ਇਸਮਾਈਲ ਦਾ (ਇਸਮਾ) ਨਾਮ ਹੀ ਭਜ ਗਿਆ ਭਾਵ ਮਰ ਗਿਆ।

ਉੱਲਾਂ ਉੱਠੀ ਜੋਇ[1]। — [1]ਜੋ ਐਸੀਆਂ ਉੱਲਾਂ ਦੇ (ਰੋਗ ਦੀਆਂ ਪੀੜਾਂ) ਉੱਠੀਆਂ।
ਗੋਲੀ ਪੁੜਪੁੜਿ ਮੈਂ ਲਗੀ,
ਸੁਖ ਸੋਂ ਪਰਯੋ ਸੋਇ ॥ ੧੫੮ ॥

ਚੌਪਈ:

ਅਤਾਉਲਾ-ਖਾਂ ਜੋ ਰਜਪੂਤਾ।
ਭਾਗਜੋ ਰਣ ਤੇ ਹੋਇ ਕਪੂਤਾ।
ਜਿਤਿਕ ਤੁਰਕ ਥੇ ਤਾਂ ਮਧ ਮੀਰਾ[1]। — [1]ਤਿਨ੍ਹਾਂ ਵਿੱਚ ਜਿਹੜੇ ਤੁਰਕ (ਮੀਰਾਂ) ਸੈਨਾਪਤੀ ਸਨ।
ਮਾਰੇ ਸਿੰਘਨ ਕਰਿ ਵਡ ਲੀਰਾਂ ॥ ੧੫੯ ॥
ਜਿਨ ਜਿਨ ਦੰਤ ਘਾਸ ਮੁਖ ਲੀਨਾ।
ਤਜਜੋ ਸਿੰਘਨ ਸੋ ਜਾਨਿ ਕਮੀਨਾ[1]। — [1]ਨੀਚ।
ਨਾਕ ਬਿਨਾ ਇਕ ਮਿਰਜਾ ਨੱਕੀ।
ਸੋ ਬਚਿ ਭਾਗਜੋ ਲਵਪੁਰਿ ਤੱਕੀ ॥ ੧੬੦ ॥
ਜੇ ਜੇ ਤੁਰਕ ਅਗਾੜੀ ਅਕੜੇ।
ਤਿਨ ਕੇ ਕੂਟੇ ਸਿਰ ਵਡ ਤਕੜੇ।
ਹਾਥ ਲੀਏ ਜੇ ਭਾਗੇ ਬਧਨੇ[1]। — [1]ਲੋਟੇ।
ਤਿਨ ਕੋ ਮਾਰਜੋ ਕਰਿ ਵਡ ਅਦਨੇ[1] ॥ ੧੬੧ ॥ — [1]ਤੁੱਛ, ਕਮੀਨੇ।
ਜੇ ਜੇ ਕਰਤ ਹੁਤੇ ਅਸਤੰਜੇ[1]। — [1]ਲਿੰਗ ਦੀ ਸਫ਼ਾਈ।
ਤੇ ਸਭਿ ਚੜ੍ਹਗੇ ਮੌਤ ਸ਼ਿਕੰਜੇ।
ਜਿਤਿਕ ਕਰਤ ਪਾਏ ਤਬਿ ਢੇਲਾ[1]। — [1]ਮਿੱਟੀ ਦੇ ਡਲੇ ਨਾਲ ਸਫ਼ਾਈ।
ਤਿਨ ਕੋ ਕਾਲ ਨਦੀ ਮਧ ਠੇਲਾ[1] ॥ ੧੬੨ ॥ — [1]ਰੋੜ੍ਹ ਦਿੱਤਾ।
ਜੇ ਜੇ ਝੁਕਿ ਝੁਕਿ ਪੜ੍ਹਤ ਨਿਵਾਜਾਂ।
ਤਿਨ ਕੋ ਤੇਗਨ ਬੇਗ ਨਿਵਾਜਾ[1]। — [1]ਭਾਵ ਛੇਤੀ ਨਾਸ਼ ਕੀਤਾ।
ਜੇਤਿਕ ਥੇ ਬੈਠੇ ਕਿਤ ਖਤਰੇ[1]। — [1]ਟੱਟੀ।
ਤਿਨ ਕੋ ਬਜਾਪੇ ਜਾਂਨਨ ਖਤਰੇ ॥ ੧੬੩ ॥
ਜਾਰਬੰਦ ਭਜਿ ਕਸਨ ਨ ਪਾਵੈਂ[1]। — [1]ਦੌੜਦਿਆਂ ਨਾਲੇ ਚੰਗੀ ਤਰ੍ਹਾਂ ਕੱਸੇ ਨਹੀਂ ਜਾਂਦੇ।
ਫਸਿ ਫਸਿ ਤੰਬੇ[1] ਟਾਂਗਨ ਜਾਵੈਂ। — [1]ਤੇੜ ਦੀਆਂ ਚਾਦਰਾਂ।
ਔਰ ਨਹੀਂ ਤਿਨ ਤੈ ਕੁਛ ਹੋਵਾ।
ਗਿਰੇ ਧਰਨ ਕਰਿ ਤੋਵਾ ਤੋਵਾ ॥ ੧੬੪ ॥
ਜਿਤਿਕ ਜਾਇ ਢਿਗ ਰਾਂਡਨ ਪਰੇ[1]। — [1]ਵੇਸਵਾਵਾਂ ਪਾਸ ਪਏ ਸਨ।
ਤੇ ਡਾਂਡਨ ਸੋਂ ਡਾਂਡਨ ਕਰੇ[1]। — [1]ਉਹ ਡੰਡਿਆਂ ਨਾਲ ਡੰਨਨਾ ਕੀਤੇ।

ਤੜਫ ਤੜਫ ਬਿਨ ਪਾਣੀ, ਜਾਨਾਂ ਦਿੱਤੀਆਂ* ॥੧੭੫॥
ਕਹਿਰ ਤਰੀਕ ਬਿਹਾਣੀ[1], ਸਿਰ ਤੁਰਕਾਨ ਸੋ।
ਦੀਨ ਬਢਾਵਣ ਆਏ, ਗਏ ਗਵਾਇ ਕੈ।
ਭਾਈਆਂ ਮਾਈਆਂ, ਜਾਈਆਂ[1] ਮਿਲਣੇ ਨਾ ਮਿਲੇ।
ਸੱਯਦਾਣੀ ਮੁਗਲਾਨੀ, ਤੁਰਕਨ ਜੋਰੂਆਂ[1] ॥੧੭੬॥
ਤੇਲ ਫੁਲੇਲਣ[1] ਮੱਖਣ* ਪਾਲੀ ਪੱਟੀਆਂ।
ਪਟ ਪਟ ਰੇਤ ਰੁਲਾਈਆਂ, ਚਾਂਗਾਂ ਮਾਰ ਕੈ।
ਖੁਸ਼ੀਆਂ ਦੇ ਵਿਚ ਲਾੜੇ ਜਿਨ ਪਰ ਲੇਟਦੇ।
ਪਿਟ ਪਿਟ ਪੱਟ ਸੁਜਾਏ ਸੋਈ ਛਾਤੀਆਂ ॥੧੭੭॥
ਚੁੰਮਣ ਜੋਗ ਕਪੋਲ[1], ਪੱਕੇ ਸੇਉ ਸੀ।
ਮਾਰਿ ਤਮਾਚੇ[1] ਤਿਨ ਤੈ, ਰੱਤ ਬਹਾਇਯੋ।
ਘਰ ਘਰ ਪਰੇ ਸਯਾਪੇ, ਤੁਰਕਨ ਕੇ ਤਬੈ।
ਸਮਰ ਸਮੁੰਦਰ[1], ਬੇੜਾ ਤੁਰਕਨ ਡੂਬਯੋ ॥੧੭੮॥
ਸਿੰਘਨ ਸੋਂ ਹਿਤ ਲੜਨੇ ਕਸਮਾਂ ਪਾਈਆਂ।
ਲੋਥਨ ਊਪਰ ਲੋਥਾਂ ਚਢੀਆਂ ਖੇਤ ਮੈਂ।
ਮਖਮਲ ਸੇਜਾਂ ਸੌਂਦੇ ਰੁਲਹੀਂ ਰੇਤ ਮੈਂ।
ਸ਼ੀਸ਼ੇ[1] ਸ਼ਰਬਤ ਅਰਕਨ[2], ਖਾਲੀ ਕਰਿ ਤਜੇ ॥੧੭੯॥
ਮੰਗ ਮੰਗ ਮਰ ਗੇ ਪਾਣੀ, ਤਿਨ ਕੋ ਨਾ ਮਿਲਯੋ।
ਚੀਲਾਂ[1] ਕਾਗਾਂ[2] ਗਿਰਝਾਂ[3], ਖਾਧੇ ਕੁੱਤਿਆਂ।
ਕਾਲੀ ਖੱਪਰ ਪੀਤੇ, ਭਰਿ ਭਰਿ ਰੱਤ ਦੇ।
ਕੱਟੇ ਸੱਥਲ[1] ਹੱਥ, ਤੜਫਨ ਮੱਛੀਆਂ[2] ॥੧੮੦॥
ਧਰਾ ਤਰਾ ਤਰ[1] ਹੋਈ, ਲੋਹੂ ਸੋਂ ਭਿਗੀ।
ਸਾਰੀ ਮਨੋ ਸੁਹਾਗ ਉਢਾਈ ਪੰਥ ਨੈ[1]।
ਰੁਲੇ ਸਕੀਰਣ ਅੰਗ, ਮਾਸਰੱਤ ਗੱਤਲੇ[1]।

*ਅੰਕ ਨੰ. ੧੭੫ ਦੀਆਂ ਕੇਵਲ ਤਿੰਨ ਹੀ ਤੁਕਾਂ ਹਨ, ਚੌਥੀ ਛਪਣ ਸਮੇਂ ਰਹਿ ਗਈ ਜਾਪਦੀ ਹੈ।

[1]ਕਹਿਰ ਦਾ ਦਿਨ ਲੰਘਿਆ।

[1]ਧੀਆਂ।

[1]ਇਸਤ੍ਰੀਆਂ।

[1]ਫੁੱਲਾਂ ਦਾ ਤੇਲ ਭਾਵ ਅਤਰ ਜਾਂ ਸੈਂਟ। *'ਮੱਖਣ' ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ। ਏਥੇ ਮੂਲ 'ਚ ਪਾਠ 'ਲਾਏ' ਹੈ।

[1]ਗੱਲ੍ਹਾਂ।

[1]ਲਫੇੜੇ, ਥੱਪੜ।

[1]ਜੰਗ ਦੇ ਸਮੁੰਦਰ ਵਿੱਚ।

[1]ਬੋਤਲਾਂ। [2]ਅਰਕਾਂ ਦੀਆਂ।

[1]ਇੱਲਾਂ। [2]ਕਾਵਾਂ। [3]ਗਿਲ੍ਹਜਾਂ।

[1]ਪੱਟ। [2]ਮੱਛੀਆਂ ਵਾਂਗ।

[1]ਬਹੁਤ ਗਿੱਲੀ।

[1]ਮਾਨੋ ਪੰਥ ਨੇ ਸੁਹਾਗ ਦੀ ਸਾੜ੍ਹੀ ਪਹਿਨਾਈ ਹੈ।

[1]ਲਹੂ ਵਿੱਚ (ਸੰਕੀਰਣ) ਮਿਲੇ ਹੋਏ ਅੰਗ ਤੇ ਮਾਸ ਦੇ (ਗਤਲੇ)

ਢਿਗ ਨੁਵਾਬ ਸਭਿ ਐਸੇ ਟੇਰੇ[1]।
[1]ਕਹਿੰਦੇ ਹਨ।

ਸਿੰਘ ਕਰੋੜੈਂ ਹਮ ਨੈ ਹੇਰੇ[1] ॥੧੯੪॥
[1]ਦੇਖੇ।

ਯਹਿ ਤੋ ਕੋਊ ਦਿਗਰ ਜਹਾਨੈਂ[1]।
[1]ਦੂਜੇ ਸੰਸਾਰ ਚੋਂ।

ਮਾਰਨ ਆਯੋ ਮੁੱਸਲਮਾਨੈਂ।

ਜਾਨੀ ਪਰੈ ਖਲਕ ਅਸਮਾਨੀ[1]।
[1]ਇਹ ਗੱਲ ਜਾਣੀ ਜਾਂਦੀ ਹੈ ਕਿ ਅਕਾਸ਼ੀ ਖ਼ਲਕਤ ਭਾਵ ਦੇਵਤੇ ਜਾਂ ਸ਼ਹੀਦ।

ਕਸਮ ਖੁਦਾਇ ਅਈ ਹਿਤ ਫਾਨੀ[1] ॥੧੯੫॥
[1]ਸਾਡੇ ਨਾਸ਼ ਵਾਸਤੇ।

ਪੀਤਾਂਨਨ[1] ਸਭਿ, ਹੋਸ਼ ਉਡੇਊ।
[1]ਪੀਲੇ ਮੂੰਹ।

ਬੋਲ ਨ ਸਾਕੈਂ ਤਾਕੈਂ ਕੇਊ।

ਜਿਨੈ ਬੂਝਯੋ ਤਿਨੈ ਬਖਾਨਾ।

ਧੀਰ ਅਧੀਰਨ ਏਕ ਸਮਾਨਾ[1] ॥੧੯੬॥
[1]ਧੀਰਜਵਾਨਾਂ ਤੇ ਘਬਰਾਇਆਂ ਹੋਇਆਂ ਨੇ ਇੱਕੋ ਜੇਹਾ ਕਿਹਾ।

ਜੋ ਕਿਛ ਹਮਰੇ ਸਾਥ ਬਿਤਾਨਾ।

ਕਹਾ ਪਰਤ ਨਹਿਂ ਰਹਾ ਠਿਕਾਨਾ[1]।
[1]ਕਿਹਾ ਨਹੀਂ ਜਾਂਦਾ ਕੋਈ ਟਿਕਾਣਾ ਨਹੀਂ ਰਿਹਾ।

ਸੰਗ ਹਮਾਰੇ ਜੋ ਉਨ ਕੀਨਾ।

ਸੋ ਸਭਿ ਕਹਿਨੋ ਭਯੋ ਸੰਗੀਨਾ[1] ॥੧੯੭॥
[1]ਔਖਾ ਹੈ।

ਆਜ ਇਲਾਹੀ ਹਮ ਪਗ ਤੋਰੇ[1]।
[1]ਅੱਜ ਅੱਲਾਹ ਨੇ ਹੀ ਸਾਡੇ ਪੈਰ ਤੋੜ ਦਿੱਤੇ ਹਨ।

ਹਮਰੇ ਖੋਸ, ਦੀਨ ਉਨ ਘੋਰੇ[1]।
[1]ਸਾਡੇ ਘੋੜੇ ਖੋਹ ਕੇ ਉਨ੍ਹਾਂ ਨੂੰ ਦੇ ਦਿੱਤੇ।

ਕੈਸੋ ਹ੍ਵੈ ਇਨਸਾਨ ਅਵੱਲਾ[1]।
[1]ਅਣੋਖਾ।

ਜਾਤ ਪੇਸ਼ ਨਹਿਂ ਕੁਛ ਸੰਗ ਅੱਲਾ ॥੧੯੮॥

ਰੱਬ ਸਬੱਬ ਉਨੈਂ ਸਭਿ ਦਿੰਦਾ।

ਕਿਸਮਤ ਸਾਡੀ ਲਜਾਈ ਜਿੰਦਾਂ।

ਮੁੱਸਲਮਾਨ ਹਿੰਦੂ ਥੀਂ ਨਜਾਰਾ।

ਤੀਸਰ ਮਜਬ ਰਚਾ ਕਰਤਾਰਾ ॥੧੯੯॥

ਹੈ ਹਰਾਮ ਉਨ ਕੀ ਔਸਾਫਤ[1]।
[1]ਉਨ੍ਹਾਂ ਦੀਆਂ ਸਿਫ਼ਤਾਂ ਕਰਨੀਆਂ ਸਾਡੇ ਲਈ ਹਰਾਮ ਹਨ।

ਸਾਂਪ ਚੰਚੂਧਰ ਕੀ ਸੀ ਬਾਬਤ[1]।
[1]ਸਿੰਘਾਂ ਬਾਬਤ ਕਹਿਣਾ ਸੱਪ ਦੇ ਮੂੰਹ 'ਚ ਆਈ ਚਚੂੰਧਰ ਵਾਂਗ ਹੈ। ਨਾ ਕਹਿ ਸਕਦੇ ਹਾਂ, ਨਾ ਛੱਡ ਸਕਦੇ ਹਾਂ।

ਦੁਹੂੰ ਭਾਂਤਿ ਅਬਿ ਭਈ ਖਰਾਬੀ।

ਰਹੇ ਪਰਤ ਨਹਿਂ ਕਰੇ ਫਿਰਾਬੀ[1] ॥੨੦੦॥
[1](ਜੇ ਹਮਲਾ ਕਰ ਕੇ ਇਨ੍ਹਾਂ ਤੇ) ਪੈਂਦੇ ਰਹੀਏ (ਤਾਂ ਵੀ ਠੀਕ) ਨਹੀਂ ਤੇ ਜੇ (ਫਿਰਾਬੀ) ਟਾਲਾ ਕਰੀਏ ਤਾਂ ਵੀ ਠੀਕ ਨਹੀਂ।

ਸੁਣੀ ਬਾਤ ਜਬਿ ਦੀਨ ਮਬੂਬਾ[1]।
[1]ਇਸਲਾਮ ਧਰਮ ਦੇ ਪਿਆਰੇ (ਸੂਬੇ) ਨੇ।

ਸੋਚ ਨਦੀ ਮੱਧ ਡੂਬਾ ਸੂਬਾ।

ਸੂਰਬੀਰ ਸਭਿ ਬਨ ਹੈਂ ਆਲਮ[1]।
ਜਿਨ ਕੇ ਪੈਰਨ ਕੇਰ ਚਲਾਕੀ।
ਪਾਇ ਤੁਰੰਗ ਕੁਰੰਗ ਨ ਸਾਕੀ[1] ॥੨੩੭॥
ਜਿਸ ਬਨ ਮੈਂ ਮ੍ਰਿਗ ਸਕਤ ਨ ਘੁੱਸੈਂ[1]।
ਵਹਿ ਬਰ ਹੈਂ ਫਰ ਹੈਂ ਨਹਿਂ ਜੁੱਸੈਂ[1]।
ਬਿਜਲੀ ਸਮ ਅਬਿ ਚਮਕਤ ਸਾਰੇ।
ਜਹਾਂ ਤਹਾਂ ਵਹਿ ਫਿਰਤ ਕਰਾਰੇ ॥੨੩੮॥
ਗੋਸ਼ੇ ਮਧ[1] ਯਹਿ ਬਾਤੈਂ ਕੀਨੀ।
ਬਿਨ ਦਿਲ-ਜਾਨੀ ਅਵਰ ਨ ਚੀਨੀ[1]।
ਖਾਸ ਆਮ ਜੋ ਯਹਿ ਸੁਨ ਪਾਤੀ[1]।
ਤਬੈ ਦਬਾਗਤ ਤਿਨ ਉਠ ਜਾਤੀ[1] ॥੨੩੯॥
ਆਗੇ ਜਸੋਂ ਵਹਿ ਪਠਹਿਂ ਨਵਾਬੀ।
ਸੋ ਪ੍ਰਸੰਗ ਫਿਰ ਲਿਖੋਂ ਸ਼ਿਤਾਬੀ।
ਸਤਰਾਂ ਸੈ ਅਠਾਸੀਏ ਸਾਲੈਂ।
ਭਈ ਗਾਥ ਯਹਿ ਲਖੋ ਬਿਸਾਲੈਂ ॥੨੪੦॥
ਅਬਿ ਅੱਧਜਾਇ ਇਸੁ ਕਿਯ ਬਿਸ੍ਰਾਮਾ।
ਕਲਗੀਧਰ ਕੌਂ ਕਰਿ ਪ੍ਰਣਾਮਾ ॥੨੪੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਦੀਨੀਯੋਂ ਕਾ ਜੰਗ, ਪੰਥ ਕੀ ਫਤੇ ਹੋਵਨ', ਬਰਨਨੰ ਨਾਮ ਚੌਬੀਸਮੋਂ ਬਿਸ੍ਰਾਮ ॥੨੪॥

[1](ਸੰਸਾਰ ਵਿੱਚ ਆ ਕੇ)।
[1]ਘੋੜੇ ਤੇ ਹਰਨ (ਉਸ ਚਲਾਕੀ ਦੀ ਬਰਾਬਰੀ, ਨਹੀਂ ਪਾ ਸਕਦੇ।
[1]ਵੜ ਨਹੀਂ ਸਕਦੇ।
[1](ਉਸ ਜੰਗਲ ਵਿੱਚ) ਉਹ ਸਿੰਘ ਵੜ ਜਾਂਦੇ ਹਨ, ਉਨ੍ਹਾਂ ਦੇ ਸ਼ਰੀਰਾਂ ਨੂੰ ਕੋਈ ਫੜ ਨਹੀਂ ਸਕਦਾ।
[1]ਕਮਰੇ ਦੇ ਖੂੰਜੇ ਵਿੱਚ ਭਾਵ ਬਹੁਤ ਗੁਪਤ।
[1]ਦਿਲ ਦੇ ਪਿਆਰੇ ਤੋਂ ਬਿਨਾਂ ਹੋਰ ਕਿਸੇ ਨੇ ਨਹੀਂ ਜਾਣੀਆਂ।
[1]ਸੁਣ ਲੈਂਦੇ।
[1]ਰੁਅਬ ਦਾਬ ਚੁੱਕਿਆ ਜਾਂਦਾ।

ਕ੍ਰਿਪਾਲ ॥
ਸਾਧੁ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ *
ਤਬੈ ਸਿੰਘ ਇਕ ਬੋਲਯੋ ਐਸੇ।
ਸ਼ਬਦ ਗੁਰੂ ਯਹਿ ਭਾਖਤ ਜੈਸੇ ॥ ੨੩ ॥
ਟਹਿਲ ਕਰਤ ਕੋ ਮਹਲ ਪੁਚਾਵੇ[1]।
ਮਾਨੋ ਹੁਕਮ ਨ ਦੇਰ ਲਗਾਵੇ।
ਵਾਹਿ ਵਾਹਿ ਤਬਿ ਸਭਿਨਿ ਅਲਾਯੋ।
ਟਹਲ ਕਰਤ ਕਪੂਰ ਹਰਿ ਪਾਯੋ[1] ॥ ੨੪ ॥
ਤਰਣ ਤਾਰਣ ਪਰਗਣੇ[1] ਗੁਰੁ ਕਾ।
ਸਾਕਨ ਗ੍ਰਾਮ ਫਜ਼ੁੱਲਾ ਪੁਰਿ ਕਾ[1]।
ਬ੍ਰਿਕ ਗੋਤ ਜਟ ਸਿੱਖ ਸਚਾ ਥਾ।
ਸਿੰਘ ਬਿਨੋਦ ਤੈ ਸੁਧਾ ਅਚਾ[1] ਥਾ ॥ ੨੫ ॥
ਬੀਚ ਦਿਵਾਨ ਤਬੈ ਵਹਿ ਬਲ ਧਰਿ।
ਪੱਖਾ ਕਰਤ ਹੁਤੋ ਇਤ ਉਤ ਫਿਰਿ।
ਅਵਰ ਟਹਿਲ ਵਹਿ ਬਹੁਤ ਕਮਾਤੋ।
ਦੇਗ ਹੇਤ[1] ਜਲ ਲਕਰੀ ਲਜਾਤੋ ॥ ੨੬ ॥
ਬਰਤਨ ਜੂਠੇ ਮਾਂਜਤ ਸਭਿ ਕੇ।
ਕੱਛਾ ਧੋਇ ਨੁਲ੍ਹਾਵਤ ਲਭ ਕੇ।
ਲੀਦ[1] ਹਟਾਵਤ ਅਸ੍ਵਨ ਸਾਰੀ।
ਔਰ ਟਹਲ ਇਤਯਾਦਿਕ ਭਾਰੀ ॥ ੨੭ ॥
ਕਰਤ ਰਹਿਤ ਨਿਸ ਦਿਨ ਧਰਿ ਸ਼ਰਧਾ।
ਕਬੀ ਨ ਕਰਹੀ ਕਾਹਿੰ ਸਮਰਧਾ[1]।
ਜਤੀ ਸਤੀ ਦਾਤਾ ਵਡ ਸੂਰਾ।
ਥਾ ਫਲ ਇਸ ਤੇ ਮਿਲਯੋ ਪੂਰਾ ॥ ੨੮ ॥
ਅਵਰ ਜਖਮ ਥਾ ਤਿਸ ਮੁਖ ਅੱਲਾ[1]।
ਸੋਭਤ ਜਨੁ ਸ਼ਿਵ ਸਸਿ ਕੀ ਕਲਾ[1]।
ਤੇਗ ਘਾਵ ਨਹਿੰ ਮੁਖ ਪਰ ਚੀਨਾ[1]।
ਯਹਿ ਉਪਾਵ ਕਛੁ ਕਰਤਾ ਕੀਨਾ ॥ ੨੯ ॥
ਭੁਲਿ ਭਾਲ[1] ਜੋ ਲਿਖੀ ਗਰੀਬੀ।

*ਇਹ ਦੋ ਤੁਕਾਂ ਗਉੜੀ ਬਾਵਨ ਅੱਖਰੀ ਮਹਲਾ ੫ ਦੇ ੨੭ਵੇਂ ਸਲੋਕ ਵਿੱਚੋਂ ਹਨ (ਪੰਨਾ ੨੫੫)।

[1]ਨਵਾਬੀ ਦੀ ਉੱਚੀ ਪਦਵੀ 'ਤੇ।

[1]ਲੱਭਾ, ਦੇਖਿਆ।

[1]ਇਲਾਕੇ ਦਾ।

[1]ਫਜ਼ੁੱਲਾ ਪੁਰ ਪਿੰਡ ਦੇ ਰਹਿਣ ਵਾਲਾ।

[1]ਅੰਮ੍ਰਿਤ ਛਕਿਆ ਸੀ।

[1]ਲੰਗਰ ਵਾਸਤੇ।

[1]ਲਿੱਦ।

[1]ਈਰਖਾ।

[1]ਕੱਚਾ।

[1]ਮਾਨੋ ਸ਼ਿਵ ਦੇ ਮੱਥੇ 'ਤੇ ਚੰਦ ਦੀ ਕਲਾ ਸੋਹ ਰਹੀ ਹੈ।

[1]ਮੁਖ ਉੱਪਰ ਤਲਵਾਰ ਦਾ ਜ਼ਖ਼ਮ ਨਹੀਂ ਜਾਣੀਦਾ।

[1]ਮੱਥੇ 'ਤੇ।

ਛੇਕਨ ਹਿਤ ਜਨੁ ਰੇਖਾ ਦੀਬੀ[1]।
ਉਪਮਾ ਔਰ ਮੋਰ ਮਨਿ ਆਈ।
ਸੋ ਸਭਿ ਸੁਨੋ ਲਖੋ ਗੁਨਿ[1] ਭਾਈ ॥੯੦॥
ਫੁਰੈਂ ਵਾਕ ਜੌ ਕਹੈ ਸਰਾਸਰ[1]।
ਯਾਂ ਤੇ ਦਿਯ ਬਿਧਿ ਬਾਸ ਸੁਧਾਸਰ[1]।
ਖਾਂਨ ਬਹਾਦਰ ਮੁਨਸ਼ੀ ਥਟਾ[1]।
ਤਿਨ ਲਿਖ ਦੀਨ ਨੁਵਾਬੀ ਪਟਾ ॥੯੧॥
ਤੇਗ ਕਲਮ ਸੰਗ ਭਾਲ ਪਟਾ ਪਰ[1]।
ਘਾਵ ਰੇਖ ਨਹਿਂ, ਦਸਖਤ ਸਤਿਗੁਰੁ[1]।
ਤਬੈ ਖਾਲਸੇ ਮਿਲ ਕਰਿ ਸਾਰੇ।
ਭਾਖਜੋ ਗੁਰੁ-ਬਚ ਮਾਨ ਪਯਾਰੇ ॥੯੨॥
ਸੱਤ ਬਚਨ ਜਬਿ ਹੀ ਉਨ ਭਾਖਾ।
ਸਿਰੇਪਾਉ ਤਬਿ ਉਸ ਸਿਰਿ ਰਾਖਾ।
ਯਹਿ ਅਕਰਾਰ ਸਿੰਘ ਤਬਿ ਕੀਆ।
ਮੈਂ ਨੁਵਾਬ ਸਿੰਘਨ ਕਾ ਥੀਆ ॥੯੩॥
ਤੁਰਕਨ ਕੀ ਜੋ ਕਹੋ ਨੁਵਾਬੀ।
ਸੋ ਮਨਜ਼ੂਰ ਨ ਮੋ ਕਹਿ ਫਾਬੀ[1] ॥੯੪॥

ਸ੍ਵੈਯਾ:

ਨਾਈ ਨੁਵਾਬ, ਸਬੇਗ[1] ਪਰੋਹਤ, ਬੋਲਿ ਦਿਲੇਸ[2] ਦੁਹੂੰਨ ਕੋ ਭਾਖਾ।
ਸ਼ਾਹਿਤ ਹੈ ਤਨੁਜਾ ਯਹਿ ਮੋਰ, ਮੁਨਾਸਬ ਹੈ ਪਤਿ ਚਹੀਏ ਲਾਖਾ[1]।
ਜਾਇ ਸੁਧਾਸਰ ਸਿੰਘਨ ਕੋ ਸੁਤ, ਸਿੰਘ ਕਪੂਰ ਪਸਿੰਦਹਿੰਰਾਖਾ[1]।
ਦੇਤ ਸ਼ੁਗੁਨ ਨੁਵਾਬ ਤ ਉਨਹਿ, ਸਿੰਘ ਦਮਾਦ ਭਯੋ ਸ਼ਹਿ ਸ਼ਾਖਾ[1] ॥੯੫॥

ਚੌਪਈ:

ਦੀਨ ਹੁਕਮ ਜਬਿ ਸਿੰਘਨ ਸਾਰੇ।

---

[1]ਮਾਨੋ ਕੱਟਣ ਵਾਸਤੇ ਇਹ ਨਵੀਂਰੇਖਾ (ਕਰਤੇ ਨੇ) ਦਿੱਤੀ ਹੈ।

[1]ਵਿਚਾਰ ਕੇ ਜਾਣੋ।

[1]ਜੋ ਵਾਕ ਕਹੇ ਉਹ (ਸਰਾਸਰ) ਸਾਰੇ ਦੇ ਸਾਰੇ (ਫੁਰੈਂ) ਪੂਰੇ ਹੋਣ।

[1]ਇਸੇ ਕਰ ਕੇ ਅਕਾਲ ਪੁਰਖ ਨੇ ਅੰਮ੍ਰਿਤਸਰ ਵਾਸ ਦਿੱਤਾ ਹੈ।

[1]ਬਣਾਇਆ।

[1]ਤਲਵਾਰ ਰੂਪ ਕਲਮ ਨਾਲ ਮੱਥੇ ਰੂਪ ਪਟੇ ਉਪਰ।

[1]ਇਹ ਜ਼ਖ਼ਮ ਦੀ ਲਕੀਰ ਨਹੀਂ ਇਹ ਤਾਂ ਸਤਿਗੁਰਾਂ ਦੇ ਦਸਤਖ਼ਤ ਹਨ।

[1]ਮੈਨੂੰ ਨਹੀਂ ਫਬਦੀ।

[1](ਸਿੰਘ)। [2]ਦਿੱਲੀ ਦੇ ਬਾਦਸ਼ਾਹ ਨੇ ਬੁਲਾ ਕੇ।

[1]ਇਹ ਬਾਦਸ਼ਾਹੀ ਮੇਰੀ ਲੜਕੀ ਹੈ ਇਸ ਲਈ ਯੋਗ ਪਤੀ (ਲਾਖਾ) ਦੇਖਣਾ ਚਾਹੀਦਾ ਹੈ।

[1]ਪਸੰਦ ਕਰ ਲਿਆ ਹੈ।

[1](ਤਉਨਹਿ) ਤਿਸ ਕਪੂਰ ਸਿੰਘ ਨੂੰ ਨੁਵਾਬ ਖਾਨ ਬਹਾਦਰ ਨੇ ਸ਼ਗਨ ਦਿੱਤਾ, ਹੁਣ ਕਪੂਰ ਸਿੰਘ (ਸ਼ਹਿ) ਬਾਦਸ਼ਾਹ ਦੀ (ਸ਼ਾਖਾ) ਕੁਲ ਦਾ (ਦਾਮਾਦ) ਜਵਾਈ ਹੋ ਗਿਆ।

ਜਾਨਕਾਰ ਲਖਿ ਤਿਨੈਂ ਬੁਲਾਯਾ[1]।
ਕੌਨ ਸਕੈ ਅਬਿ ਯਾਹਿਂ ਚਲਾਯਾ।
ਤਬਿ ਤਿਨ ਭਾਖਯੋ ਗੁਰੂ ਚਲਾਉ।
ਉਲਟਿ ਮੁਹਰ ਸਮ ਸੁਲਟਿ ਕਰਾਉ[1] ॥੧੩੯॥

[1]ਜਾਣਕਾਰਾਂ ਨੇ ਦੇਖ ਕੇ ਉਨ੍ਹਾਂ ਨੂੰ ਬੁਲਾ ਕੇ (ਕਿਹਾ)।

[1]ਜਿਵੇਂ ਮੁਹਰ ਦੇ ਲਾਉਣ ਲਗਿਆਂ ਉਸਦੇ ਅੱਖਰ ਸਿੱਧੇ ਹੋ ਜਾਂਦੇ ਹਨ ਤਿਵੇਂ ਸਾਡੀਆਂ ਪੁੱਠੀਆਂ ਗੋਲੀਆਂ ਨੂੰ ਗੁਰੂ (ਸੁਲਟ) ਸਿਧੀਆਂ ਕਰ ਦੇਵੇਗਾ।

ਦੁਹੂੰ ਦਲਨ ਕਾ ਪਰਯੋ ਮਕਾਬਲ।
ਤੁਰਕਨ ਪਰ ਸਿੰਘ ਕੀਨੇ ਕਾਬਲ[1]।
ਸਾਂਣ ਚਢੀ ਤੁਰਕਨ ਤਰਵਾਰੈਂ।
ਮਾਰਤ ਸਿੰਘੈਂ ਨ ਕਾਟੈਂ ਬਾਰੈਂ[1] ॥੧੪੦॥

[1]ਲਾਇਕ ਕਰ ਦਿੱਤੇ ਭਾਵ ਤੁਰਕਾਂ ਉਪਰ ਭਾਰੂ ਕਰ ਦਿੱਤੇ।

[1]ਰੋਮ ਨਹੀਂ ਕਟਦੀਆਂ।

ਜਯੋਂ ਜਯੋਂ ਘਾਵ ਚੀਰ ਸਮ ਲਾਗੈਂ।
ਤਯੋਂ ਤਯੋਂ ਰੋਸ ਕੇਹਰੈਂ[1] ਜਾਗੈਂ।
ਜਰ ਕੀ ਭਰੀ ਕਿਨੈਂ ਯੁਤ ਮਜਾਨੈਂ[1]।
ਮਾਰੀ ਉਛਰਿ ਉਛਰਿ ਸਿੰਘ ਜ੍ਵਾਨੈਂ ॥੧੪੧॥

[1]ਸਿੰਘਾਂ ਨੂੰ।

[1]ਜ਼ੰਗਾਲ ਦੀਆਂ ਭਰੀਆਂ ਹੋਈਆਂ ਤਲਵਾਰਾਂ ਮਿਆਨਾਂ ਦੇ ਸਣੇ ਹੀ।

ਸਹਿਤ ਸੰਜੋਇਨ ਤੁਰਕਨ ਕਟ ਕੈ।
ਜੀਨ ਕਾਟਿ ਘੋਰਨ ਮਧ ਸਟਕੈਂ[1]।
ਮੁਰਦੇ ਸੇ ਜੋ ਸਿੰਘਨ ਘੋੜੇ।
ਦੌੜਤ ਨਾਹਿਂ ਜੰਗ ਮੈਂ ਥੋੜੇ[1] ॥੧੪੨॥

[1]ਕਾਠੀਆਂ ਨੂੰ ਕੱਟ ਕੇ ਘੋੜਿਆਂ ਵਿੱਚ ਦੀ ਨਿਕਲ ਜਾਂਦੀਆਂ ਹਨ।

[1]ਭਾਵ ਬਹੁਤੇ ਦੌੜਦੇ ਹਨ।

ਕੂਦ ਕੂਦ ਤੁਰਕਨ ਪਰ ਚਰਹੀਂ[1]।
ਪਾਉਂ ਜਾਇ ਫੀਲਨ ਸਿਰ ਧਰਹੀਂ[1]।
ਗਜ ਗੱਟਾ ਕਹਿ ਲੈਂ ਸਿੰਘ ਛਾਲੀਂ[1]।
ਮਾਰਿ ਤੇਗ ਕਰਿ ਹੌਦਾ ਖਾਲੀ ॥੧੪੩॥

[1]ਚੜ੍ਹਦੇ ਹਨ।

[1]ਆਪਣੇ ਪੈਰ ਹਾਥੀਆਂ ਦੇ ਸਿਰਾਂ 'ਤੇ ਜਾ ਰੱਖਦੇ ਹਨ।

[1]ਸਿੰਘ ਹਾਥੀ ਨੂੰ ਕੱਟਾ ਕਹਿ ਕੇ ਛਾਲਾਂ ਮਾਰਦੇ ਹਨ।

ਤੁਰਕਨ ਬਾਰ ਜਾਇਂ ਜਬਿ ਫੇਟੇ[1]।
ਮਾਰਿ ਗਿਰਾਵਤ ਸਿੰਘ ਜਟੇਟੇ[1]।
ਲਗੈਂ ਘਾਉ[1] ਸਿੰਘਨ ਤਨ ਜੇਤੇ।
ਗੈਂਡੇ ਚਰਮ ਸਮਾਨ ਸੁ ਤੇਤੇ[1] ॥੧੪੪॥

[1]ਜਦੋਂ ਤੁਰਕਾਂ ਦੇ ਵਾਰ ਫੇਟੇ (ਟੇਢੇ-ਵਿੰਗੇ) ਜਾਂਦੇ ਹਨ।

[1]ਜੱਟ ਸਿੰਘ (ਤੁਰਕਾਂ ਨੂੰ) ਮਾਰ ਕੇ ਸੁੱਟ ਦੇਂਦੇ ਹਨ।

[1]ਜ਼ਖ਼ਮ।

[1]ਉਤਨੇ ਹੀ ਉਹ ਗੈਂਡੇ ਦੇ ਚੰਮ ਵਾਂਗ (ਛੇਤੀ ਮਿਲ ਜਾਂਦੇ ਹਨ)।

ਬੂੰਦੈਂ ਨਿਕਸ ਲਹੂ ਕਿਛ ਜਮ ਹੈ।
ਗਿਰੈਂ ਸਿੰਘ, ਨਹਿਂ ਮਾਨੈਂ ਗਮ ਹੈਂ।
ਤੇਗਾਂ ਤੁਰਕਨ ਤਨ ਯੌਂ ਧਸ ਹੈਂ।

ਸ਼ਾਹਿ ਕਹੇ ਜਿਮ ਹ੍ਵੈ ਭਲੀ,
ਤਜੋਂ ਤੁਮ ਲੇਹੁ ਬਨਾਇ।
ਮੈਂ ਮੁਖਤਜਾਰੀ ਤੁਹਿ ਦਈ,
ਤੁਝ ਥੀਂ ਕੌਨ ਦਨਾਇ[1] ॥ ੧੨ ॥

[1]ਤੇਰੇ ਨਾਲੋਂ ਕੌਣ ਸਿਆਣਾ ਹੈ।

ਦ੍ਵੈਯਾ ਛੰਦ:
ਬਾਤ ਸੁਨੋਂ ਅਬਿ ਸਿੰਘਨ ਕੇਰੀ,
ਥਿਰੇ ਜੁ ਗੁਰੁ-ਚਕ[1] ਮਾਹੀਂ।
ਭੀਲੋਵਾਲ ਕਤਲ ਮੁਲਖੱਯੇ[1],
ਕੀਨੇ ਜਬਿ ਤੈ ਚਾਹੀ[1]।
ਆਯੁਧ ਅੱਸ੍ਵ ਲੂਟ ਬਹੁ ਤਹਿੰ ਤੇ,
ਪੰਥ ਸਖੀਮੀ ਖੋਈ[1]।
ਮਕਰ ਬਿਤੇ ਜਿਮ ਬਢਤ ਤੇਜ ਦਿਨ,
ਭਈ ਪੰਤ ਗਤਿ ਸੋਈ[1] ॥ ੧੩ ॥

[1]ਅੰਮ੍ਰਿਤਸਰ ਵਿੱਚ।
[1]ਤੁਰਕ ਪਰਜਾ।
[1]ਉਤਸ਼ਾਹ ਨਾਲ।
[1]ਭੁੱਖ, ਗ਼ਰੀਬੀ ਦੂਰ ਕਰ ਲਈ।
[1]ਮਕਰਰਾਸ਼ੀ ਭਾਵ ਮਾਘ ਦੇ ਮਹੀਨੇ ਦੇ ਮੁੱਕਣ ਤੋਂ ਜਿਵੇਂ ਸੂਰਜ ਦਾ ਤੇਜ ਤੇ ਦਿਨ ਵਧਦੇ ਹਨ ਤਿਵੇਂ ਪੰਥ ਦੀ ਹਾਲਤ ਹੋਈ।

ਪੁਨਾ ਨੁਵਾਬੀ ਜਬਿ ਤੇ ਪਾਈ,
ਦਿਨ ਦਿਨ ਆਬੀ ਫਾਬੀ[1]।
ਦਾਣਾ ਘਾਸ ਗਰਾਮਨ ਤੈ ਬਹੁ,
ਛਕਨ ਜੋਗ ਨਿਤ ਆਬੀ[1]।
ਟਕੇ ਮਾਸ ਪ੍ਰਤਿ ਪਾਂਚ ਸਹਿਸ ਜੋ[1],
ਪਠਤ ਨੁਵਾਬ ਲਹੌਰੋਂ।
ਸਭਿ ਕੋ ਬਾਂਟ ਨੁਵਾਬ[1] ਦੇਤ ਸਮ[2],
ਕਰੈ ਨ ਕੋਊ ਰੌਰੋ ॥ ੧੪ ॥

[1]ਤਰਾਵਤ ਫਬ ਗਈ।
[1]ਆਉਂਦਾ ਹੈ।
[1]ਹਰ ਮਹੀਨੇ ਜੋ ਪੰਜ ਹਜ਼ਾਰ ਰੁਪਏ।
[1]ਕਪੂਰ ਸਿੰਘ। [2]ਇੱਕੋ ਜਿਹਾ।

ਉਸ ਪਰ ਪੰਥ ਸਭੀ ਨਿਤ ਖੁਸ਼ ਰਹਿ,
ਆਗਜਾ ਉਸ ਕੀ ਮਾਨੈ।
ਵਹਿ ਭੀ ਖਾਤਰ[1] ਟਹਿਲ ਪੰਥ ਕੀ,
ਨਿਸ ਦਿਨ ਰਖੈ ਮਹਾਨੈ।
ਪਾਇ ਅਧਿਕ ਫਲ ਬ੍ਰਿੱਛ ਝੁਕਤ ਜਜੋਂ,
ਮੇਘ ਦੇਤ ਝੁਕ ਬਾਰੀ[1]।
ਤਜੋਂ ਨੁਵਾਬ ਨੈ ਗਹੀ ਗਰੀਬੀ,
ਸਦ-ਗੁਨ ਔਰ ਹਜ਼ਾਰੀ[1] ॥ ੧੫ ॥

[1]ਆਦਰ।
[1]ਪਾਣੀ।
[1]ਹੋਰ ਹਜ਼ਾਰਾਂ ਸ੍ਰੇਸ਼ਟ ਗੁਣ।

ਮੱਤ ਵਾਲੇ ਸਾਰੇ ਸ੍ਰੋਤਾ ਜਨੋ (ਤੁਸੀਂ) ਸੁਣੋ।

ਫਿਰ ਬਿਰੋਧ ਜਿਮ ਪੰਥ ਸੈਂ,
ਤੁਰਕੈਂ ਕੀਨ ਬੁਲੰਦ[1]।
ਪੰਥ ਮਾਲਵੇ ਜਾ ਰਹਜੋ,
ਲੂਟੀ ਜੈਸ ਸਰ੍ਹੰਦ ॥ ੪ ॥
ਸੋ ਗਾਥਾ ਇਸ ਧਜਾਇ ਮੈਂ,
ਬਰਨਨ ਕਰੋਂ ਵਿਚਾਰ।
ਸੁਨੋ ਖਾਲਸਾ ਜੀ ਭਲੇ,
ਸਿਦਕ ਰਖੈ ਕਰਤਾਰ ॥ ੫ ॥

[1]ਬਹੁਤਾ।

ਗੀਆ ਛੰਦ:
ਜਬਿ ਜਥੇ ਬਨਿ ਸਿੰਘਾਨ ਕੇ,
ਪੁਨਿ ਗਏ ਦੇਸ ਬਿਦੇਸ ਹੈਂ।
ਕਰਿ ਪੁਰੀ ਆਨੰਦ ਹੋਲਾ ਮੇਲਾ,
ਖੇਲ ਝੇਲ ਬਿਸੇਸ[1] ਹੈਂ।

[1]ਬਹੁਤੇ ਖੇਲ (ਝੇਲ) ਕਰਦੇ ਹੋਏ।

ਗੁਰਬਖਸ਼ ਸਿੰਘ ਨਿਜ ਜਥੇ ਯੁਤ,
ਚਲਿ ਦੇਸ ਦੂਾਬੇ ਮੈਂ ਧਸਜੋ।
ਸਿੰਘ ਮਜ਼ਬੀਓਂ ਕਾ ਜਥਾ,
ਪੁਰਿ-ਗੁਰਦਾਸ ਓਰੈਂ ਥਾ ਰਸਜੋ[1] ॥ ੬ ॥

[1](ਰਸਜੋ) ਖ਼ੁਸ਼ੀ ਨਾਲ (ਜਾ ਰਿਹਾ) ਸੀ।

ਸਿੰਘ ਹਰੀ ਭੰਗੀ, ਕੌਰ ਸਿੰਘ,
ਇਹੁ ਚੂਹਣੀਆਂ ਕੀ ਦਿਸ ਗਏ।
ਜੁਗ[1] ਜਥੇ ਮਾਲਵ ਦੇਸ ਮੈਂ,
ਇਮ ਬਿਥਰਤੇ ਹੀ ਸਭਿ ਭਏ[1]।
ਤਬਿ ਦੀਪ ਸਿੰਘ ਸ਼ਹੀਦ ਪਹੁੰਚਜੋ,
ਦੇਸ ਸਾਬੋ ਕੇ ਵਿਖੈ[1]* ॥ ੭ ॥

[1]ਦੋ।

[1]ਇਸ ਤਰ੍ਹਾਂ ਸਾਰੇ ਜੱਥੇ ਖਿੰਡ ਗਏ।

[1]ਸਾਬੋ ਕੇ ਬੈਰਾੜਾਂ ਦੇ ਦੇਸ ਵਿੱਚ ਭਾਵ ਸ੍ਰੀ ਦਮਦਮਾ ਸਾਹਿਬ ਦੇ ਇਲਾਕੇ ਵਿੱਚ। *ਅੰਕ ਨੰ: ੭ ਦੀਆਂ ਤਿੰਨ ਹੀ ਤੁਕਾਂ ਹਨ। ਮੂਲ 'ਚ ਛਪਣ ਸਮੇਂ ਹੀ ਇਕ ਤੁਕ ਰਹਿ ਗਈ ਜਾਪਦੀ ਹੈ।

ਤਬਿ ਹੁਤੋ ਜੰਗਲ ਦਾਇ-ਮੰਗਲ[1],
ਸਿੰਘ ਉਦੰਗਲ ਕਰਿ ਘਨੇ[1]।
ਰਹਿੰ ਵੀਚ ਬਨ ਮਨ ਭਾਵਤੇ,
ਸ਼ਿੱਕਾਰ ਦੁਵਿਧਾ ਹੀ ਹਨੇਂ[1]।

[1]ਖ਼ੁਸ਼ੀ ਦੇਣ ਵਾਲਾ।

[1]ਸਿੰਘ ਬਹੁਤੇ (ਉਦੰਗਲ) ਇਕੱਠੇ ਹੋ ਕੇ।

[1]ਦੋ ਤਰ੍ਹਾਂ ਦਾ ਹੀ (ਅਉਗਣਾਂ ਤੇ ਜਾਨਵਰਾਂ ਦਾ) ਸ਼ਿਕਾਰ ਮਾਰਦੇ ਹਨ।

ਬਹੁ ਸਿੰਘਨ ਦਿਸ ਤੈ ਖੋਟ ਹੈ[1]। — [1]ਖ਼ਾਨ ਬਹਾਦਰ ਨੂੰ ਸਿੰਘਾਂ ਦੀ ਤਰਫ਼ੋਂ ਬਹੁਤ ਖੋਟੀ ਸਿੱਖਿਆ ਦਿੱਤੀ।

ਅਬਿ ਹਈ ਵੇਲਾ ਹਤਨ ਕਾ,
ਸਿੰਘਾਨ ਕੇਰੋ ਮੋਟ ਹੈ[1]। — [1]ਸਿੰਘਾਂ ਨੂੰ ਮਾਰਨ ਦਾ (ਮੋਟ) ਚੰਗਾ ਸਮਾਂ ਹੈ।
ਗੁਰੁ ਚੱਕ ਮੈਂ ਸਿੰਘ ਰਹੇ ਥੋਰੇ,
ਖਿੰਡੇ ਦੇਸ ਬਿਦੇਸ ਹੈਂ।
ਇਹੁ ਲੈਤ ਖਰਚ ਜਗੀਰ ਤੁਮ ਤੈ,
ਫੇਰ ਲੂਟਤ ਦੇਸ ਹੈਂ ॥ ੧੨ ॥
ਉਨ ਕੇ ਸੁ ਮੁਖੀਏ ਜਿਤਿਕ ਹੈਂ,
ਅਬਿ ਸੁਧਾਸਰ[1] ਤੈ ਬੋਲ ਕੈ[2]। — [1]ਅੰਮ੍ਰਿਤਸਰ। [2]ਬੁਲਾ ਕੇ।
ਪਠ ਦੇਹੁ ਤਰਫ ਪਿਸ਼ਾਵਰੈਂ,
ਮਰਵਾਹੁ ਉਤ ਹੀ ਰੋਲ ਕੈ।
ਇਨ ਬਿਨਾ ਫਿਰ ਕਿਨ ਜੰਗ ਕਰਨੋ,
ਹੋਣ ਇਕਠੇ ਨਾ ਦਿਵੈਂ।
ਇਸ ਕੌਮ ਕੇ ਬਿਨ ਕੀਏ ਨੇਸਤ[1] — [1]ਨਾਸ਼।
ਬੰਦੋਬਸਤੀ ਨਾ ਥਿਵੈ[1] ॥ ੧੩ ॥ — [1]ਪ੍ਰਬੰਧ ਨਹੀਂ ਹੋ ਸਕਦਾ।
ਸੁਨਿ ਐਸ ਸੂਬੇ ਮਾਨਿ ਖੂਬੇ[1], — [1]ਚੰਗੀ ਗੱਲ ਮੰਨ ਕੇ।
ਸਿੰਘ ਸਬੇਗ ਬੁਲਾਇਓ।
ਤੁਮ ਜਾਹੁ, ਸਿੰਘਨ ਤਈਂ ਲੌਪੁਰ[1] — [1]ਲਾਹੌਰ।
ਲਜਾਉ, ਐਸ ਸੁਨਾਇਓ।
ਅਰ ਕਹਜੋ ਹਾਜ਼ਰ ਰਹੈਂ ਸਦਹੀ,
ਕਾਮ ਹਮ ਕੋ ਜੋ ਪਰੈ।
ਸੋ ਕਰੈਂ, ਤੌ ਜਾਗੀਰ ਖਰਚਾ
ਮਿਲੈ, ਨਾਹਿਂ ਤ ਹਮ ਹਰੈਂ[1] ॥ ੧੪ ॥ — [1]ਅਸੀਂ ਖੋਹ ਲਵਾਂਗੇ।
ਸੁਨਿ ਹੁਕਮ ਇਹੁ ਸਬੇਗ ਸਿੰਘ,
ਮਨਿ ਸ਼ੁਕਰ ਸਿਜਦਾ ਹੈ ਕਰਜੋ[1]। — [1](ਗੁਰੂ ਨੂੰ) ਨਮਸ਼ਕਾਰ ਕੀਤੀ।
ਇਸ਼ਨਾਨ ਦਰਸ਼ਨ ਸੁਧਾਸਰ ਹ੍ਵੈ,
ਪੰਥ ਪਗ ਪਰਸੈਂ ਭਰਜੋ[1]। — [1]ਚੰਗੀ ਤਰ੍ਹਾਂ ਪੰਥ ਦੇ ਚਰਨ ਛੋਹਾਂਗਾ।
ਚਲਿ ਬੇਗ[1], ਸਿੰਘ ਸਬੇਗ ਆਯੋ, — [1]ਛੇਤੀ।
ਪੰਥ ਮੈਂ ਮੁਦ ਮਾਨ ਕੈ।

ਥਿਰਿ।
ਮਿਲੇ ਜਥੇ ਤਬਿ ਆਇ, ਪੰਥ ਬਹੁ ਭਯੋ ਇਕੱਠਾ।
ਇਕ ਦਿਨ ਸਿੰਘਨ ਬੈਸਿ, ਐਸ ਗੁਰਮੱਤਾ ਠੱਟਾ[1] ॥ ੩੨ ॥
ਗ੍ਰਾਮ ਜੁ ਬਡ ਬਡ, ਦੇਸ ਏਸ ਮੈਂ ਤੁਰਕਨ ਕੇਰੈਂ।
ਲੂਟ ਮਾਰਿ ਸਭਿ ਛਕੋ, ਕਰੋ ਨਹਿਂ ਕਿੰਚਤ ਡੇਰੈਂ[1]।
ਗ੍ਰਾਮ ਕਾਕੜਾ ਏਕ ਦਿਵਸ, ਤਹਿਂ ਤੈ ਚਢਿ ਲੂਟਯੋ।
ਛਕਯੋ ਬੈਠਿ ਸਭਿ ਪੰਥ, ਫੇਰ ਜਬਿ ਖਰਚ ਨਿਖੁਟਯੋ ॥ ੩੩ ॥
ਇਕ ਦਿਨ ਫੇਰ, ਮਲੇਰ ਕੋਟਲਾ ਲੁਟਯੋ ਆਛੇ।
ਆਲਾ ਸਿੰਘ ਜਿਤ ਚਢੈ, ਸਿੰਘ ਚਢਹੀਂ ਤਿਸ ਪਾਛੇ।
ਜੋ ਜੋ ਆਲਾ ਸਿੰਘ ਸੰਗ, ਮੁਸਲੇ ਥੇ ਅੜਤੇ।
ਕਰਯੋ ਪੰਥ ਨੇ ਲੂਟ ਮਾਰ ਸੀਧੇ ਸੋ ਫੜਤੇ[1] ॥ ੩੪ ॥
ਚੌਪਈ:
ਕੁਛ ਦਿਨ ਬਾਦ ਮਤਾ ਫਿਰ ਕਰਿ ਕੈ।
ਲੂਟਨ ਚਢੇ ਸਿਰ੍ਹੰਦ ਵਿਚਰ ਕੈ[1]।
ਕਹੈਂ ਸਿੰਘ ਜੋ ਲੁਟੈ ਸਰ੍ਹੰਦੈਂ।
ਤਿਸ ਕੋ ਮਰਤਬ ਮਿਲੈ ਬੁਲੰਦੈਂ[1] ॥ ੩੫ ॥
ਤਹਿਂ ਠਾਂ ਸਿੰਘ ਸੀਸ ਜੋ ਲਾਵੈ।
ਪਾਸ ਸਜ਼ਾਦਯੋਂ ਕੇ[1] ਸੋ ਜਾਵੈ।
ਸਤਿਗੁਰੁ ਭੀ ਯੌਂ ਬਚਨ ਉਚਾਰੇ।
ਸੋ ਮਮ ਸਿਖ ਜੋ ਯਾਹਿ ਉਜਾਰੇ ॥ ੩੬ ॥
ਇਕ ਦਿਨ ਥੇਹ ਯਾਹਿ ਕਾ ਥੈਹੈ।
ਲਾਭ ਯਹੀ ਜੋ ਅਬਿ ਲੁਟ ਲੈਹੈਂ।
ਯੌਂ ਬਾਤੈਂ ਕਰਤੇ ਮਗ ਮਾਹੀਂ।
ਪਹੁਂਚੇ ਢਿਗ ਸਰ੍ਹੰਦ ਜਬਿ ਜਾਹੀਂ ॥ ੩੭ ॥
ਦਾਵ ਲਗਾਵਨ ਕੌ ਛਪ ਬਹੇ।

[1]ਕੀਤਾ।
[1]ਥੋੜ੍ਹੀ ਜਿਹੀ ਵੀ ਦੇਰ ਨਾ ਕਰੋ।
[1]ਫੜ ਕੇ।
[1]ਵਿਚਾਰ ਕੇ।
[1]ਉੱਚਾ ਦਰਜਾ ਮਿਲੇਗਾ।
[1]ਸਾਹਿਬਜ਼ਾਦਿਆਂ ਦੇ ਪਾਸ।

ਮਿਲੇ ਤਿਨੈ ਸਿੰਘ ਜ਼ਾਲਮ ਅੱੜ੍ਰੀ[1]। [1]ਬਹੁਤੇ ਸਖ਼ਤ ਹੋ ਕੇ।
ਫੜਿ ਫੜਿ ਬਾਂਧਿ ਬਾਂਧਿ ਦੈ ਚੋਕੈਂ[1]। [1]ਹੁੱਜਾਂ ਮਾਰ ਮਾਰ ਕੇ।
ਕਢਵਾਏ ਧਨ ਜ਼ੇਵਰਰੋਕੈਂ[1] ॥੪੫॥ [1]ਰੋਕੜ, ਨਕਦ।
ਭੇਤੀ ਲੋਗਨ ਭੇਤ ਬਤਾਯਾ।
ਜਿਨ ਜਿਨ ਕੀ ਲੂਟੀ ਤਿਨ ਮਾਯਾ।
ਦੂਧ ਉਬਾਲ ਨਿਆਈ ਤਿਖਸੇ[1]। [1]ਦੁੱਧ ਦੇ ਉਬਾਲ ਵਾਂਗ ਤਿੱਖੇ ਸਿੰਘ।
ਝਟਪਟ ਲੂਟ ਮਾਰਿ ਸਿੰਘ ਨਿਕਸੇ ॥੪੬॥
ਜਬਿ ਲੌ ਨਾਜਮ ਫੌਜ ਬਟੋਰੀ।
ਤਬਿ ਲੌ ਦੌਰ ਗਏ ਸਿੰਘ ਜੋਰੀ[1]। [1]ਜ਼ੋਰ ਨਾਲ।
ਬਹੁਤ ਠੌਰ ਹ੍ਵੈ ਧਸੇ ਮਾਲਵੇ।
ਤ੍ਰੁੱਕ ਇਤ ਉਤ ਫਿਰ ਕੈ ਉਤਾਲਵੇ[1] ॥੪੭॥ [1]ਛੇਤੀ।
ਬੀਸ ਪਚਾਸਕ ਗਹੇ ਮੁਸਾਫਰ।
ਫੜੇ ਪੈਂਚ ਪਿੰਡਨ ਕੇ ਕਾਫਰ[1]। [1]ਹਿੰਦੂ।
ਚੀਕ ਚਿੰਘਾਰਾ ਔਰਹਿਂ ਪਰਜੋ।
ਸਿੰਘ ਨ ਏਕ ਤਿਨੈ ਹਥ ਚਰ੍ਹਜੋ ॥੪੮॥
ਜਿਤਿਕ ਲੂਟਿ ਧਨ ਸਿੰਘ ਲਿਆਏ।
ਛਕਜੋ ਠੀਕਰੀ-ਵਾਲ ਥਿਰਾਏ।
ਪੰਥ ਦਿਵਸ ਬਹੁ ਤਹਾਂ ਗੁਜਾਰੇ।
ਭਏ ਸੁਧਾਸਰ ਕੋ ਫਿਰ ਤਜਾਰੇ ॥੪੯॥
ਮੇਲਾ ਦੀਪ ਮਾਲ ਕਾ ਆਯੋ।
ਪੰਥ ਚਲਜੋ ਚਢਿ ਮੋਦ ਬਢਾਯੋ।
ਸੁਨਿ ਸਭਿ ਸਿੰਘ ਅਏ ਮਲਵਈ।
ਭੇਟਾ ਬਹੁਤ ਪੰਥ ਕੋ ਦਈ ॥੫੦॥
ਡੱਬੇ ਖੇਸ, ਲੁੰਙੀਆਂ, ਘੋੜੇ।
ਆਲੇ ਸਿੰਘ ਦਏ ਨਹਿਂ ਥੋੜੇ।
ਹਾਥ ਜੋੜਿ ਫਿਰ ਐਸ ਅਲਾਯੋ।
ਮੇਲਾ ਕਰਿ ਇਸ ਹੀ ਦਿਸ ਆਯੋ ॥੫੧॥
ਹਮ ਪਰ ਤੁਰਕ ਜੋਰ ਜੇ ਪੈਹੈਂ।
ਖਬਰ ਲਯੋ ਹਮਰੀ ਇਤ ਐਹੈਂ।
ਕਹਜੋ ਪੰਥ ਹਮ ਆਵਹਿਂ ਧਾਈ।

| | |
|---|---|
| ਜਨਕ ਬਿਦੇਹੀ[1] ਭਏ ਉਦਾਰਾ। | [1]ਜਿਸ ਦਾ ਦੇਹ ਅਭਿਮਾਨ ਦੂਰ ਹੋ ਗਿਆ ਹੈ। |
| ਤਿਨ ਭੀ ਏਕ ਪਾਉਂ ਥਾ ਜਾਰਾ[1]। | [1]ਇਕ ਪੈਰ ਹੀ ਸਾੜਿਆ ਸੀ। |
| ਸ਼ੱਮਸਤ੍ਰੇਜ ਔਰ ਮਨਸੂਰੈਂ। | |
| ਇਕ ਇਕ ਅੰਗ ਕਟਜੋ ਜਾਰੂਰੈਂ ॥ ੮ ॥ | |
| ਕਰਨੀ ਜੈਸ ਮਨੀ ਸਿੰਘ ਕੀਨੀ। | |
| ਐਸੀ ਕਰੀ ਨ ਕਿਨਹੂੰ ਪੀਨੀ[1]। | [1]ਵੱਡੀ। |
| ਬੈਠਿ ਕਟਾਏ ਨਿਜ ਸਭਿ ਅੰਗਾ। | |
| ਜਰਾ ਸਿਦਕ ਨਹਿਂ ਕੀਨ ਵਿਭੰਗਾ[1] ॥ ੯ ॥ | [1]ਨਾਸ਼। |
| ਰਾਖਜੋ ਹਠ, ਨਹਿਂ ਵੱਟਜੋ ਅੰਗਾ। | |
| ਜਗ ਮੈਂ ਜਸ ਭਰ ਗਯੋ ਅਭੰਗਾ[1]। | [1]ਲਗਾਤਾਰ। |
| ਮਾਤ ਕਰਜੋ ਜਿਨ ਜਨਕ ਬਿਦੇਹੀ। | |
| ਕਰੀ ਪਿਤਾਮਾ ਭੀਸ਼ਮ ਜੇਹੀ[1] ॥ ੧੦ ॥ | [1]ਭੀਸ਼ਮ ਪਿਤਾਮੇ ਵਰਗੀ, ਜੋ ਬਾਣਾਂ ਦੀ ਸੇਜਾ ਤੇ ਪਿਆ ਰਿਹਾ। |
| ਸੀਤ[1] ਦਸਮ ਗੁਰੁ ਕਾ ਉਨ ਛਕਯੋ। | [1]ਸੀਤ ਪ੍ਰਸ਼ਾਦ। |
| ਯਾਂ ਤੈ ਨਾਹਿਂ ਧਰਮ ਤੈ ਥਕਯੋ। | |
| ਗੁਰੂ ਕ੍ਰਿਪਾ ਤੈ ਬੁੱਧਿ ਪਵਿੱਤ੍ਰ। | |
| ਭਈ ਤਾਹਿਂ ਕੀ ਅਧਿਕ ਬਿਚਿੱਤ੍ਰ[1] ॥ ੧੧ ॥ | [1]ਅਸਚਰਜ। |
| ਗੁਰੁ ਢਿਗ ਬਾਲ ਅਵਸਥਾ ਆਯੋ। | |
| ਨਾਹਿਂ ਬਜਾਹਿ ਫਿਰ ਤਾਹਿਂ ਕਰਾਯੋ। | |
| ਬਾਲ ਜਤੀਰਹਿ ਸਤੀ[1] ਸਦਾਯਾ। | [1]ਸੱਚ ਬੋਲਣ ਵਾਲਾ। |
| ਜਪੀ ਤਪੀ ਹਠ ਅਤੀ ਰਖਾਯਾ ॥ ੧੨ ॥ | |
| ਬਿੱਦਜਾ ਪਠੀ ਦਸਮ ਗੁਰੁ ਪੈਹੈਂ[1]। | [1]ਪਾਸੋਂ। |
| ਨਿਪੁਨ ਭਯੋ ਗਜਾਨੀ ਗੁਨ ਮੈਂਹੈਂ[1] ॥ ੧੩ ॥ | [1]ਗੁਣਾਂ ਵਿੱਚ ਚਤੁਰ ਹੋ ਕੇ ਗਿਆਨੀ ਹੋ ਗਿਆ। |
| ਦੋਹਰਾ: | |
| ਰਹਜੋ ਸਦਾ ਗੁਰੁ ਦਸਮ ਢਿਗ, | |
| ਕੈ ਫਿਰ ਮਾਤਾ ਪਾਸ। | |
| ਮਨ ਤਨ ਤੈ ਸੇਵਾ ਕਰੀ, | |
| ਭਯੋ ਮਾਤਬਰ ਖਾਸ[1] ॥ ੧੪ ॥ | [1]ਖ਼ਾਸ ਇਤਬਾਰ ਵਾਲਾ। |
| ਚੌਪਈ: | |
| ਅਬਿ ਸਾਖੀ ਉਤਪਤਿ ਯੁਤ[1] ਤਾਂ ਕੀ। | [1]ਉਤਪਤੀ ਸਹਿਤ ਭਾਵ ਜਨਮ ਤੋਂ ਲੈ ਕੇ। |

ਜਾਂ ਤੈ ਮਹਿਲ ਸਹਿਲ ਜਨ ਪੈਹੈਂ[1]।
ਤਿਨ ਕੋ ਗੁਰੁ ਨਿਜ ਦਿਸ ਖਿਚ ਲੈਹੈਂ ॥੩੭॥
ਬੱਤਕ ਕੋਕਿਲ ਨ੍ਰਿਪਨਿ ਜਾਏ।
ਮੁਰਗੀ ਕਾਕ ਪਾਲ ਹੈਂ ਦਾਏ[1]।
ਪੈ ਵਹਿ ਜਾਤਿ ਪਿਤਾ ਕੀ ਰੈਹੈਂ।
ਸੁਰਤਿ ਸੰਭਾਲ ਪਿਤਾ ਢਿਗ ਐਹੈਂ ॥੩੮॥
ਤੈਸੇ ਪਜਾਰੋ ਪ੍ਰਭੁ ਕਾ ਜੋਈ।
ਜਗ ਤਜਿ ਆਇ ਸੰਤ ਢਿਗ ਸੋਈ।
ਮੱਨੀ[1] ਸਤਿਗੁਰੁ ਪਾਸ ਰਹਾਯੋ।
ਭਯੋ ਮਾਤਬਰ[1] ਗੁਰੁ ਮਨਿ ਭਾਯੋ ॥੩੯॥
ਬਿਦਯਾ ਪਢਯੋ ਭਲੈ ਇਹੁ ਜੌਂਪੀ[1]।
ਟਹਿਲ ਪੁਸਤਕੋਂ ਕੀ ਗੁਰੁ ਸੌਂਪੀ।
ਜੋ ਸਤਿਗੁਰੁ ਉਪਦੇਸ਼ ਦਿਢਾਯੋ।
ਮਨ ਤਨ ਕਰਿ ਦਿਢ ਸੋਊ ਕਮਾਯੋ ॥੪੦॥
ਰਹਿ ਇਕੰਤ ਸਦ ਸੰਤ ਸੁਭਾਏ।
ਸ਼ਸਤ੍ਰ ਗਹਯੋ ਨ ਉਮਰ ਭਰਾਏ[1]।
ਬਾਣੀ ਨੌਮ ਗੁਰੂ ਕੀ ਜੇਤੀ।
ਪਢੈ ਜਰੂਰ ਨਿਤਾ-ਪ੍ਰਤਿ ਤੇਤੀ ॥੪੧॥
ਬਿੱਦਯਾ ਕਾ ਅੱਭਯਾਸ ਬਿਸ਼ੇਸ਼ੈ।
ਕਰੈ ਆਪ ਔਰੈਂ ਉਪਦੇਸ਼ੈ।
ਸੇਵੀ ਦੇਵੀ* ਜਬੈ ਅਭੇਵੀ[1]।
ਪੰਥ ਖਾਲਸਾ ਰਚਯੋ ਹਛੇਵੀ[1] ॥੪੨॥
ਤਬਿ ਅੰਮ੍ਰਿਤ ਇਸ ਕੋ ਗੁਰੁ ਦੀਨਾ।
ਮਨੀ ਸਿੰਘ ਮੱਨੀ ਤੇ ਕੀਨਾ।
ਧਰਮ ਸਿੰਘ, ਸੈਣਾ ਸਿੰਘ, ਰਾਮਾ[1]।
ਕਰਮ ਸਿੰਘ, ਗੰਡਾ, ਹਰਿਨਾਮਾ ॥੪੩॥
ਰਾਮ ਕੌਰ, ਭਾਈ ਨੰਦ ਲਾਲ।

[1]ਜਿਸ ਕਰ ਕੇ ਸੇਵਕ ਸੌਖਿਆਂ ਹੀ (ਮਹਿਲ) ਪਦਵੀ ਪ੍ਰਾਪਤ ਕਰ ਲੈਂਦਾ ਹੈ।

[1]ਬੱਤਕ ਦੇ ਬੱਚੇ ਮੁਰਗੀ, ਕੋਇਲ ਦੇ ਬੱਚੇ ਕਾਂ ਤੇ ਰਾਜਿਆਂ ਦੇ ਬੱਚੇ ਦਾਏ ਪਾਲਦੇ ਹਨ।

[1]ਮਨੀ ਸਿੰਘ।

[1]ਇਤਬਾਰ ਵਾਲਾ।

[1]ਜਦੋਂ ਇਹ ਚੰਗੀ ਵਿੱਦਿਆ ਪੜ੍ਹ ਗਿਆ।

[1]ਉਮਰ ਭਰ, ਸਾਰੀ ਉਮਰ।

[1]ਜਦੋਂ (ਅਭੇਵੀ) ਇਕਰਸ (ਦੇਵੀ) ਚੰਡੀ ਦੀ ਸੇਵਾ ਕੀਤੀ।
*ਦੇਵੀ ਪ੍ਰਗਟ ਕਰਨ ਬਾਰੇ ਦੇਖੋ ਪੂਰਬਾਰਧ ਬਿਸ੍ਰਾਮ ਨੰ: ੬੦ ਦੇ ਅੰਕ ਨੰ: ੨੮ ਤੇ * ਨਿਸ਼ਾਨ ਦੀ ਪੈਰ ਟੂਕ।

[1]ਅੱਛਾ, ਚੰਗਾ।

[1](ਸਿੰਘ)।

ਸਭਿਨਿ ਦਿਢਾਵਤ ਬ੍ਰਹਮ ਗਿਆਨਾ।
ਤਨਖਾਹੀਅਨ ਕੇ ਐਂਠਤ ਕਾਨਾ[1]। [1]ਕੰਨ ਖਿੱਚਦਾ ਹੈ, ਭਾਵ ਦੰਡ ਦਿੰਦਾ ਹੈ।
ਤਾਂ ਕੇ ਬਚਨ ਊਪਰ ਸਭਿ ਸ਼ਰਧਾ।
ਪੰਥ ਰਖਤ ਥਾ, ਤਜਾਗ ਸਪ੍ਰਧਾ[1] ॥ ੧੧੨ ॥ [1]ਈਰਖਾ।
ਯਾਹੀ ਤੇ ਅਬਿ ਲੌ ਹੈ ਤਾਂ ਕਾ।
ਬਚਨ ਪ੍ਰਮਾਨ ਪੰਥ ਮੈਂ ਬਾਂਕਾ[1]। [1]ਸੁੰਦਰ।
ਬਲਕਿਨ ਅੰਮ੍ਰਿਤਸਰ ਦਰਬਾਰੈਂ।
ਹੈ ਜੇਤਿਕ ਮਰਯਾਦ ਉਦਾਰੈਂ ॥ ੧੧੩ ॥
ਯਹਿ ਸਭਿ ਹੈ ਉਸ ਹੀ ਕੀ ਰਾਚੀ[1]। [1]ਰਚੀ, ਬਣਾਈ ਭਾਵ ਪ੍ਰਚਲਤ ਕੀਤੀ ਹੋਈ ਹੈ।
ਅਬਿ ਲੌ ਚਲੀ ਜਾਤ ਦਿਢ ਸਾਚੀ।
ਗੁਰੁ ਗ੍ਰੰਥ ਕੇ ਅਰਥਨ ਵਾਲੀ।
ਸੰਪ੍ਰਦਾਯ ਭੀ ਤਿਸ ਤੇ ਚਾਲੀ* ॥ ੧੧੪ ॥ *ਦੇਖੋ ਇਸੇ ਬਿਸ੍ਰਾਮ ਦੇ ਅੰਕ ਨੰ. ੬੩ ਤੇ *ਨਿਸ਼ਾਨ ਦੀ ਪੈਰ ਟੂਕ।

ਮਨੀ ਸਿੰਘ ਥਾ ਪੁਰਖ ਬਿਵੇਕੀ।
ਗਜਾਨੀ ਗੁਨੀ ਸਾਂਤਕੀ ਏਕੀ[1]। [1]ਏਕਾ ਕਰਾਉਣ ਵਾਲਾ।
ਕਵਿ ਕੋਵਿਦ[1] ਜਪਿ ਤਪੀ ਅਪਾਰੇ। [1]ਵਿਦਵਾਨ।
ਰਹਿਤ ਬਿਰਕਤ ਨਿਵਿਰਤੀ ਧਾਰੇ[1] ॥ ੧੧੫ ॥ [1]ਤਿਆਗੀ ਹੋ ਕੇ।
ਕਈ ਬਾਰ ਜਬਿ ਪੰਥ ਅਸੇਸੈਂ[1]। [1]ਸਾਰਾ।
ਤੁਰਕਨ ਦਯੋ ਨਿਕਾਰ ਸੁ ਦੇਸੈਂ।
ਦੈ ਅਜ਼ਾਬ[1] ਸਿੰਘ ਦੇਸ ਪੰਜਾਬੋਂ। [1]ਦੁੱਖ।
ਕਰਿ ਖਰਾਬ ਬਹੁ ਕਢੇ ਸ਼ਿਤਾਬੋਂ[1] ॥ ੧੧੬ ॥ [1]ਛੇਤੀ।
ਤੌ ਭੀ ਮਨੀ ਸਿੰਘ ਬਹੁ ਹਠ ਧਰਿ।
ਜੀਵਤ ਕਬੀ ਨ ਤਜਜੋ ਸੁਧਾਸਰ।
ਹੁਤੋ ਜਮਾਨੇ ਸਾਜ ਸਯਾਨਾ।
ਆਕਲ[1] ਆਲਮ[2] ਆਮਲ[3] ਦਾਨਾ[11] ॥ ੧੧੭ ॥ [1]ਅਕਲ ਵਾਲਾ। [2]ਵਿਦਵਾਨ। [3]ਕਰਨੀ ਵਾਲਾ। [11]ਚਤੁਰ, ਸਿਆਣਾ।

ਗਜ਼ਲ[1] ਰੁਬਾਈ ਬੈਂਤ ਅਪਾਰੈਂ। [1]ਛੰਦ ਦਾ ਨਾਮ।
ਯਾਦ ਫਾਰਸੀ ਰਖੈ ਉਦਾਰੈਂ।
ਜੋ ਜੈਸਾ ਜਨ ਤਹਿਂ ਚਲਿ ਆਵੈ।
ਤਾਂ ਕੋ ਤੈਸੀ ਬਾਤ ਸੁਨਾਵੈ ॥ ੧੧੮ ॥

ਸਦਾ ਪ੍ਰਸੰਨ ਬਦਨ[1] ਹੀਰਹਿਣਾ ॥ ੧੫੪ ॥
ਜਿਨ ਬ੍ਰਹਮਾਤਮ ਸਭਿ ਮੈਂ ਪਿਖਣਾ।
ਏਹੀ ਗੁਰੁਸਿਖ ਹ੍ਵੈ ਕੈ ਸਿਖਣਾ।
ਖੰਡਤੋਂ ਤਿੱਖੀ ਵਾਲਹੁਂ ਨਿੱਕੀ।
ਹੈ ਸਿੱਖੀ ਐਸੀ ਗੁਰੁਸਿੱਖੀ[1] ॥ ੧੫੫ ॥
ਸੋ ਸਿੱਖੀ ਜਿਸ ਸਿੱਖ ਨਿਬਾਹੀ।
ਤਾਂ ਕੋ ਪੁਨ ਭਵ[1] ਦੁਖ ਹ੍ਵੈ ਨਾਹੀਂ।
ਸੋ ਬਰ ਦਾਨ ਦੇਹੁ ਮੁਹਿ ਖਾਸੈਂ[1]।
ਸਿੱਖੀ ਸਿਦਕ ਨਿਭੈ ਸੰਗ ਸ੍ਵਾਸੈਂ ॥ ੧੫੬ ॥
ਯਹਿ ਸੁਨਿ ਸੰਗਤ ਮੁਦ[1] ਹ੍ਵੈ ਕਹਤੋ।
ਸਿੱਖੀ ਸਿਦਕ ਤੁਮਾਰਾ ਰਹਤੋ[1]।
ਮਨੀ ਸਿੰਘ ਯਹਿ ਸੁਨਿ ਮੁਦ ਧਾਰੀ।
ਕਹਤੋ ਧੰਨਜ ਸੰਗਤ ਗੁਰੁ ਪਜਾਰੀ ॥ ੧੫੭ ॥
ਜੋਊ ਬੀੜ ਥੀ ਤਾਹਿਂ ਹਿਲਾਈ।
ਫੇਰ ਵੈਸ ਹੀ ਜਿਲਦ ਬੰਧਾਈ।
ਨਿਤ ਪ੍ਰਤਿ ਜਤੋਂ ਸੇਵੈ ਦਰਵਾਰੈਂ।
ਕਥਾ ਸੁਨਾਵੈ ਤਿਸ ਹੀ ਢਾਰੈਂ[1] ॥ ੧੫੮ ॥
ਏਕ ਸਾਲ ਜਬਿ ਐਸ ਬਿਤਾਯੋ।
ਸਮਾਂ ਸਰਾਪ ਕੇਰ ਨਿਯਰਾਯੋ[1]।
ਹੋਨਹਾਰ ਫਿਰ ਅਕਲ ਭੁਲਾਈ।
ਇਕ ਦਿਨ ਮਨ ਮੈਂ ਇਮ ਠਹਿਰਾਈ ॥ ੧੫੯ ॥
ਕਈ ਸਾਲ ਅਬਿ ਗਏ ਬਿਤਾਈ।
ਮੇਲਾ ਪੰਥ ਕਰਤੋ ਨਹਿਂ ਆਈ।
ਤਾਰਨ ਤਰਨ ਸੁਧਾਸਰ ਮਾਹੀਂ।
ਮੇਲੇ ਤੁਰਕ ਲਗਨ ਦਿਹਂ ਨਾਹੀਂ ॥ ੧੬੦ ॥
ਪੰਥ ਨ ਇਕਠਾ ਹੋਵਨ ਪਾਵੈ।
ਤੁਰਨ ਖਬਰ ਰਾਖੈਂ ਸਭਿ ਥਾਵੈਂ।
ਬਲਕਿਨ[1] ਦਸਕ ਸਿੱਖ ਭੀ ਔਰੈਂ[2]।
ਨਹਿਂ ਦੈਹੈਂ ਮਿਲਨੇਂ ਕਿਸ ਠੌਰੈਂ ॥ ੧੬੧ ॥
ਮੇਲਾ ਦੀਪਮਾਲ ਕਾ ਲਾਈਏ।

[1]ਪ੍ਰਸੰਨ ਮੁੱਖ।
[1]ਐਸੀ ਗੁਰਸਿੱਖੀ ਸਿੱਖੀ ਹੈ।
[1]ਸੰਸਾਰ ਦਾ। (ਅ) ਜੰਮਣ (ਮਰਣ) ਦਾ।
[1]ਆਪ।
[1]ਪ੍ਰਸੰਨ ਹੋ ਕੇ।
[1](ਕਾਇਮ) ਰਹੇਗਾ।
[1]ਉਸੇ ਢੰਗ ਨਾਲ।
[1]ਨੇੜੇ ਆਇਆ।
[1]ਸਗੋਂ। [2]ਹੋਰ (ਕਿਸੇ ਥਾਂ ਵੀ)।

| | |
|---|---|
| ਸੰਗਤ ਕਾ ਨਹਿਂ ਟਰ ਹੈ। | |
| ਘੋਰ ਸਰਾਪ ਪਰੈ ਤਿਸ ਪਰ ਫਿਰ, | |
| ਜੋ ਮੁਹਿ ਅਬੈ ਉਬਰ ਹੈ[1]। | [1]ਬਚਾਵੇਗਾ। |
| ਧਰਮ ਹੇਤ ਜਯੋਂ ਗੁਰੂਅਨ ਦਿਯ ਸਿਰ, | |
| ਤਯੋਂ ਹਮ ਨਿਜ ਸਿਰ ਦੈਹੈਂ। | |
| ਸਿਰ ਸਿੱਖਨ ਕੇ ਜਬਿ ਯੌਂ ਲਗ ਹੈਂ, | |
| ਤੁਰਕਨ ਜਰ[1] ਤਬਿ ਜੈਹੈ ॥੧੭੯॥ | [1]ਜੜ੍ਹ। |
| ਯਹਿ ਸੁਨਿ ਖਾਨ ਬਹਾਦਰ ਜਰ ਕਰਿ[1], | [1]ਸੜ ਕੇ। |
| ਕਹਯੋ ਜਲਾਦਨ ਤਾਂਈਂ। | |
| ਜਾਇ ਨਿਖਾਸ ਚੌਂਕ ਮੈਂ[1] ਇਸ ਕੇ, | [1]ਮੰਡੀ ਦੇ ਚੌਕ ਵਿੱਚ। |
| ਦਿਹੁ ਬੰਦ ਬੰਦ ਛੁਡਾਈ[1]। | [1]ਜੋੜ ਜੋੜ ਨੂੰ ਛੁਡਾ ਦਿਉ ਭਾਵ ਹਰ ਜੋੜ ਨੂੰ ਕੱਟੋ। |
| ਤਬਿ ਹੀ ਪਕਰਿ ਜਲਾਦਨ ਸਿੰਘ ਕੋ, | |
| ਚੌਂਕ ਨਿਖਾਸ ਲਜੈ ਕੈ। | |
| ਦਸਕ ਠੌਰ ਤੈ ਕਟਨਾ ਚਹਯੋ, | |
| ਕਹਯੋ ਸਿੰਘ ਹਠ ਕੈ ਕੈ ॥੧੮੦॥ | |
| ਸੁਨੋ ਜਲਾਦ ਖੁਦਾ ਕੇ ਪਯਾਰੇ, | |
| ਹ੍ਵੈ ਸਵਾਬ[1] ਤੁਮ ਤਾਂਈਂ। | [1]ਪੁੰਨ। |
| ਜਯੋਂ ਮੈਂ ਕਹੋਂ ਅੰਗ ਤੁਮ ਮੇਰੇ, | |
| ਕਾਟਹੁ ਤੈਸ ਬਨਾਈ। | |
| ਛੋਟੇ ਬਡੇ ਬੰਦ[1] ਜੋ ਤਨ ਕੇ, | [1]ਜੋੜ। |
| ਜੁਦੇ ਜੁਦੇ ਸਭਿ ਕੀਜੋ। | |
| ਭਲਾ ਖੁਦਾਇ ਤੁਮਾਰਾ ਕਰਿ ਹੈ, | |
| ਹਮ ਸੋਂ ਤੁਮ ਇਮ ਸੀਝੋ[1] ॥੧੮੧॥ | [1]ਵਰਤੋ। |
| ਬੇਸ਼ਕ ਹੋਇ ਬਿਦਰਦ ਕਟੋ ਤੁਮ, | |
| ਹਮ ਨਾਹੀ ਦੁਖ ਮਨਤੇ। | |
| ਮੈ ਹੂੰ ਆਰਫ[1] ਬ੍ਰਹਮ-ਗਯਾਨੀ, | [1]ਗਿਆਨਵਾਨ। |
| ਨਯਾਰਾ ਸਦ ਤ੍ਰੈ ਤਨ ਤੇ[1]। | [1]ਤਿੰਨ ਸ਼ਰੀਰਾਂ (ਸੁਖਮ, ਸਥੂਲ ਤੇ ਕਾਰਨ) ਤੋਂ ਸਦਾ ਵੱਖਰਾ। |
| ਮਾਨਿ ਜਲਾਦਨ ਲਯੋ ਜਬੈ ਯਹਿ, | |
| ਵਾਹਿ ਵਾਹਿ ਸਿੰਘ ਕੈ ਕੈ[1]। | [1]ਮਨੀ ਸਿੰਘ ਨੇ ਜਲਾਦਾਂ ਨੂੰ ਸ਼ਾਬਾਸ਼ ਸ਼ਾਬਾਸ਼ ਕਰਕੇ। |
| ਵਾਹਿਗੁਰੂ ਕਹਿ ਭੁਜਾ ਦਾਹਿਨੀ[1], | [1]ਸੱਜੀ ਬਾਂਹ। |

ਲੜਕੀ ਲੜਕਾ ਅਰਧ ਲਖ,
ਪਕੜਿ ਲਿ-ਗਏ ਬਿਸੇਸ[1] ॥੭੪॥

[1]ਅੱਧੇ ਲੱਖ (੫੦੦੦੦) ਤੋਂ ਵੀ ਬਹੁਤ ਪਕੜ ਕੇ ਲੈ ਗਏ।

ਲਲਿਤ ਪਦ ਛੰਦ:
ਹਿੰਦੁਸਤਾਨ ਮਾਹਿਂ ਤਬਿ ਪਰਜੋ,
ਗਦਲ ਜਦਲ[1] ਅਤਿ ਭਾਰੈਂ।
ਸਿੰਘਨ ਕਾ ਤਬਿ ਦਾਉ ਲਗਜੋ ਫਿਰ,
ਲੂਟੈਂ ਨਿਤ ਬਹੁ ਮਾਰੈਂ।
ਜਯੋਂ ਜਲ ਹੜ੍ਹ ਲੋਗਹਿਂ ਦੁਖ ਦੈ ਹੈ,
ਜਲ ਜੰਤੂ ਸੁਖ ਪੈਹੈਂ।
ਅਰ ਮੂਸੇ ਮਕਰੀ ਅਧਿਕਾਈ,
ਔਰ ਸਭਿਨਿ ਦੁਖ ਦੈਹੈਂ[1] ॥੭੫॥

[1]ਹਲਚਲ ਤੇ ਜੰਗ।

[1]ਹੋਰ ਚੂਹੇ ਤੇ ਮੱਕੜੀਆਂ ਆਦਿ ਸਾਰਿਆਂ ਨੂੰ ਬਹੁਤਾ ਦੁਖ ਦਿੰਦਾ ਹੈ।

ਚੀਲਾਂ ਬਾਇਸ ਬਿਹੰਗ ਬਿਲਾਈਂ[1],
ਇਨ ਕੋ ਆਨੰਦ ਦਾਈ।
ਤਯੋਂ ਹਲਚਾਲ ਗਦਲ[1] ਸਿੰਘਨ ਕੋ,
ਅਧਿਕ ਹੋਤ ਸੁਖਦਾਈ।
ਜਾਤਿ ਗੋਤ ਸਿੰਘਨ ਕੀ ਦੰਗਾ,
ਚਹਿਤ ਰੈਨ ਦਿਨ ਸੋਈ।
ਜਯੋਂ ਜਯੋਂ ਗਦਲ ਮਚੈਂ ਬਹੁ ਜਗ ਮੈਂ,
ਜੋਰ ਸਿੰਘਨ ਕਾ ਹੋਈ ॥੭੬॥

[1]ਇੱਲਾਂ, ਕਾਂ ਆਦਿ ਪੰਛੀ ਤੇ ਬਿੱਲੀਆਂ।

[1]ਬਗ਼ਾਵਤ।

ਤੁਰਕ ਲਰੈਂ ਆਪਸ ਮੈਂ ਜਯੋਂ ਜਯੋਂ,
ਚੌਕੱਤੇ ਦੌਰਾਨੀ।
ਸਿੰਘਨ ਕੀ ਤਯੋਂ ਤਯੋਂ, ਪਗ ਬਾਰਾਂ
ਪੜੈਂ[1], ਮੋਦ ਮਨਿ ਠਾਨੀ।
ਦੌਲਤ ਲੈ ਦਿੱਲੀ ਕੀ ਤਰਫੋਂ,
ਹਟੈਂ ਦੁਰਾਨੀ ਜੇਹੀ[1]।
ਤਿਨੈਂ ਸਿੰਘ ਰਸਤ ਮੈਂ ਲੂਟੈਂ,
ਸਾਬਤ ਜਾਨ ਨ ਦੇਹੀਂ ॥੭੭॥
ਪੁਨ ਨਾਦਰ ਕਾ ਲੁਟਜੋ ਖਜਾਨਾ,
ਆਯੁਧ ਅਸ੍ਵ ਅਪਾਰੈਂ।

[1]ਪਉਂ ਬਾਰਾਂ ਪੈਂਦੇ ਹਨ, ਭਾਵ ਬਾਜ਼ੀ ਜਿੱਤ ਲੈਂਦੇ ਹਨ।

[1]ਜਿਹੜੇ।

ਸਵਾ ਲਾਖ ਕਹਿਂ ਏਕ ਤਨੇ ਕੋ[1]।
ਪਾਂਚ ਲਾਖ ਕਹਿਂ ਪਾਂਚ ਜਨੇ ਕੋ।
ਸੁਖ ਮਾਨੈਂ ਦੁਖ ਆਇ ਬਨੇ ਕੋ।
ਪੀਲੂ ਦਾਖ[1], ਬਦਾਮ ਚਨੇਂ ਕੋ ॥ ੧੧੩ ॥
ਜਾਂਡ ਫਲੀ ਕੋ ਕਹੈਂ ਜਲੇਬੀ।
ਬੇਰੀ ਫਲ ਕੋ ਖੁਰਮੇਂ ਲੇਬੀ[1]।
ਲੱਡੂ ਟੀਂਡ, ਬਿਦਾਨਾਂ ਬਾਟਾ[1]।
ਨਾਮ ਪਜਾਜ ਕਾਰੁੱਪਾ ਠਾਟਾ[1] ॥ ੧੧੪ ॥
ਸ਼ਲਗਮ[1] ਕੋ ਭੁਇਂ-ਸੂਰ ਬਤੈ ਹੈਂ।
ਰਾਮ-ਬਟੇਰੇ ਬੈਂਗਣ ਕੈਹੈਂ।
ਜਲ ਤੋਰੀ ਮਛਰੀ ਕੋ ਭਾਨੈਂ[1]।
ਸਾਂਟ ਸੂਰ ਖਰਬੂਜਹਿਂ ਗਾਨੈਂ[1] ॥ ੧੧੫ ॥
ਪਾਨੀ ਕੋ ਪਰਸਾ ਸਿੰਘ ਗਾਵੈਂ[1]।
ਖਾਣੇ ਕੋ ਪ੍ਰਸ਼ਾਦ ਆਲਾਵੈਂ।
ਦੁਖੀ ਰਹੈਂ ਤਬਿ ਸੁਖੀ ਬਤਾਵੈਂ।
ਭੁਖੇ, ਲੰਗਰ ਮਸਤ ਸੁਨਾਵੈਂ ॥ ੧੧੬ ॥
ਗੰਜੇ ਕੋ ਕਲਗਾ-ਸਿੰਘ ਭਾਖੈਂ।
ਕਾਣੇ ਕੋ ਪੰਜ-ਅੱਖਾ ਆਖੈਂ।
ਕਹੈਂ ਸੂਰਮਾਂ ਅੰਧੇ ਤਾਂਏਂ।
ਲੁੰਜੇ ਕੋ[1] ਲਖ-ਬਾਹਾਂ ਗਾਏਂ ॥ ੧੧੭ ॥
ਲੂਲੇ ਕੋ ਕਹਿਂ ਬੋਧ-ਅਵਤਾਰੈਂ[1]।
ਬਧਰੇ ਕੋ ਭਿਸ਼ਤੀ ਨਿਰਧਾਰੈਂ[1]।
ਲੰਗੜੇ ਕੋ ਕਹਿਂ ਸਿੰਘ ਸੁਚਾਲਾ।
ਨਕਟਹਿਂ[1] ਸ੍ਵਰਗ ਦੁਵਾਰੀ ਵਾਲਾ ॥ ੧੧੮ ॥
ਕਹਿਤ ਸੁਨਹਿਰਾ ਕੂੰਡੇ ਤਾਂਈਂ।
ਭੰਗ ਤਈਂ ਸੁੱਖਾ ਸਰਦਾਈ।
ਖੁਰਪਾ ਬਾਜ, ਕੁਹੀ ਕਹਿਂ ਦਾਤੀ।
ਕਹੀ ਪਤਾਲਪੁਰੀ ਬਖਜਾਤੀ[1] ॥ ੧੧੯ ॥
ਸਫਾਜੰਗ ਟਕੂਏ ਕੋ ਟੇਰੈਂ।

[1]ਇਕ ਸ਼ਰੀਰ ਨੂੰ।
[1]ਵਣ ਬ੍ਰਿੱਛ ਦੇ ਫਲਾਂ ਨੂੰ ਅੰਗੂਰ ਕਹਿੰਦੇ ਹਨ।
[1](ਖੁਰਮੇ) ਛੁਹਾਰੇ ਦਾ ਨਾਮ (ਲੇਬੀ) ਲੈਂਦੇ ਹਨ।
[1]ਟੀਂਡਿਆਂ ਨੂੰ ਲੱਡੂ ਤੇ (ਬਾਟਾ) ਕਰੀਰ ਦੇ ਫੁੱਲਾਂ ਨੂੰ ਬਿਦਾਣਾ (ਮਿਠਿਆਈ) ਕਹਿੰਦੇ ਹਨ।
[1]ਗੰਢੇ ਦਾ ਨਾਮਰੁੱਪਾਰੱਖ ਲਿਆ ਹੈ।
[1]ਗੋਂਗਲੂ।
[1]ਮੱਛੀ ਨੂੰ ਜਲ-ਤੋਰੀ ਕਹਿੰਦੇ ਹਨ।
[1]ਸਣੇ (ਸਾਂਟ) ਖੱਲ ਦੇ ਸੂਰਾਂ ਦੇ ਮਾਸ ਨੂੰ ਖ਼ਰਬੂਜ਼ੇ ਕਹਿੰਦੇ ਹਨ।
[1]ਪਾਣੀ ਨੂੰ ਸਿੰਘ ਪਰਸਾ ਕਹਿੰਦੇ ਹਨ।
[1]ਇਕ ਬਾਂਹ ਵਾਲੇ ਨੂੰ।
[1]ਬੁੱਧ ਅਵਤਾਰ ਕਹਿੰਦੇ ਹਨ।
[1]ਨਿਰਨਾ ਕਰ ਕੇ ਬੋਲੇ ਨੂੰ ਭਿਸ਼ਤੀ ਕਹਿੰਦੇ ਹਨ।
[1]ਨੱਕ ਕੱਟੇ ਨੂੰ।
[1]ਕਹੀ ਨੂੰ ਪ੍ਰਗਟ ਹੀ ਪਤਾਲ ਪੁਰੀ (ਕਹਿੰਦੇ ਹਨ)।

ਕੁਛ ਦਿਨ ਕੋ ਯਹਿ ਹੋਇ ਹੈਂ,
ਮਾਲਕ ਮੁਲਕ ਮਝਾਰ ॥੧੩੪॥
ਯੌਂ ਕਹਿ ਨਾਦਰ ਗਯੋ ਤਬਿ,
ਤਰਫ ਕੰਧਾਰ ਸਿਧਾਰ।
ਦਸ ਅੱਠ ਸੈ ਪਰ ਦੋਇ ਥਾ,
ਸੰਮਤ ਤਬਿ ਨਿਰਧਾਰ[1] ॥੧੩੫॥

[1]ਨਿਰਣਾ ਕਰੋ ਤਦੋਂ ਸੰਮਤ ੧੯੦੨ ਬਿ. ਸੀ।

ਗਦਰ ਜਦਰ ਕਹਿ ਨਾਦਰੀ,
ਕਤਲ ਸਦਰ ਤੁਰਕਾਨ[1]।

[1]ਨਾਦਰ ਦੀ ਬਗ਼ਾਵਤ ਤੇ ਜੰਗ ਅਤੇ ਤੁਰਕਾਂ ਦੇ ਵੱਡੇ ਅਫ਼ਸਰਾਂ ਦੇ ਕਤਲ ਦਾ ਪ੍ਰਸੰਗ ਕਹਿ ਕੇ।

ਬਿਸ੍ਰਾਮ ਕੀਨ ਬਿਸ੍ਰਾਮ ਅਬਿ,
ਅਵਸਰ ਅਵਸ ਪਛਾਨਿ[1] ॥੧੩੬॥

[1]ਧਿਆ ਨੇ (ਅਵਸ) ਚੰਗਾ (ਅਵਸਰ) ਸਮਾਂ ਪਛਾਣ ਕੇ (ਬਿਸ੍ਰਾਮ) ਟਿਕਾ ਕਰ ਲਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਨਾਦਰ ਸ਼ਾਹ ਕਾ ਆਵਨ', ਬਰਨਨੰ ਨਾਮ ਤੀਸਮੋਂ ਬਿਸ੍ਰਾਮ ॥੩੦॥

ਢਿਗ ਜਾਇ ਨੁਵਾਬ ਖਰਾਬ ਪੁਕਾਰੇ।
ਆਗ ਲਗੀ ਸੁਨਿ ਨਾਜ਼ਮ ਆਜ਼ਮ[1], — [1]ਵੱਡੇ ਸੂਬੇ ਨੂੰ।
ਟੌਂਡੀ ਕੇ[1] ਡੌਂਡੀ ਫਿਰਾ ਦਈ ਸਾਰੇ ॥੩॥ — [1]ਮੁਸਲੀ ਦੇ ਪੁੱਤਰ ਨੇ।
ਬੋਲਿ ਕਹ੍ਯੋ ਸਭਿ ਲੰਬਰਦਾਰਨ
ਸਿੰਘਨ ਕੋ ਤੁਮ ਦੇਹੁ ਫੜਾਈ।
ਲੇਹੁ ਇਨਾਮ ਕਰੋ ਵਹਿ ਕਾਮ,
ਜਿਮੈਂ ਕਹੂੰ ਸਿੰਘ ਕੋਰਹਿਨੋ ਨਹਿੰ ਪਾਈ।
ਲੋਭ ਪਗੇ[1] ਸੁ ਲਗੇ ਪਕਰਾਵਨ, — [1]ਰੰਗੇ ਹੋਏ।
ਲੋਗ ਤਬੈ ਬਹੁ ਸਿੰਘਨ ਤਾਂਈਂ।
ਫੌਜ ਅਪਾਰ ਪਠੀ ਦਿਸ ਚਾਰਨ,
ਮਾਰਨ ਸਿੰਘ ਹੇਤ ਤਦਾਈਂ ॥੪॥
ਧਾਮ ਲਏ ਲੁਟ ਸਿੰਘਨ ਕੇ,
ਹਤਿ[1] ਬਾਲ ਬਚੇ ਬਹੁ ਕੀਨ ਖ੍ਵਾਰੇ। — [1]ਮਾਰ ਕੇ।
ਛੋਰਿ ਗਰਾਮਨ ਧਾਮਨ ਕੋ ਸਿੰਘ,
ਕਾਨਨ ਮਾਹਿਂ[1] ਧਸੇ ਤਬਿ ਸਾਰੇ। — [1]ਜੰਗਲਾਂ ਵਿੱਚ।
ਫੌਜ ਰਹੈ ਗਿਰਦੈ ਤੁਰਕੀ ਬਹੁ,
ਲੋਗ ਭਏ ਸਭਿ ਮਾਰਨ ਵਾਰੇ।
ਲੈਨ ਨ ਚੈਨ ਮਿਲੈ ਦਿਨ ਰੈਨ,
ਸਿੰਘੈਂਨ[1] ਪਰੀ ਬਿਪਤਾ ਅਤਿ ਭਾਰੇ ॥੫॥ — [1]ਸਿੰਘਾਂ ਨੂੰ।
ਸਿੰਘ ਭਏ ਮਿਰਗਾਨ ਕੀ ਸੂਰਤ[1], — [1]ਹਰਨਾਂ ਦੀ ਤਰ੍ਹਾਂ।
ਮੂਰਤਿ ਭੀਲਨ[1] ਮਾਤ ਕਰੀ। — [1]ਭੀਲਾਂ ਦੀਆਂ ਸ਼ਕਲਾਂ।
ਨਹਿੰ ਖਾਨਰੁ ਪਾਨ ਮਿਲੈ ਤਿਨ ਕੋ,
ਗਿਰਦੇਰਹਿ ਦੁੱਜਨ ਭੀਰ ਅਰੀ[1]। — [1]ਦੁਸ਼ਟ ਵੈਰੀਆਂ ਦੀ ਭੀੜ।
ਫਿਰ ਸਿੰਘਨ ਭੀ ਤਜਿ ਜੀਵਨ ਆਸ,
ਤੁਕਾਨਿ ਹਿਰਾਨ ਬਿਰਾਨ ਕਰੀ।
ਨਿਤ ਜੰਗ ਅਭੰਗ[1] ਨਿਸੰਗ ਲਗ੍ਯੋ ਰਹਿ, — [1]ਲਗਾਤਾਰ।
ਅੰਗ ਕਟੇ ਧਰ ਰੰਗ ਭਰੀ[1] ॥੬॥ — [1]ਧਰਤੀ ਖ਼ੂਨ ਨਾਲ ਭਰ ਗਈ।
ਬਹੁ ਲੋਗਨ ਸਿੰਘ ਘਨੇ ਪਕਰਾਇ,
ਇਨਾਮ ਲਏ ਸੁ ਹਰਾਮ ਖਏ।
ਕਿਨ ਖੇਸਰੁ ਲੁੰਙੀ ਦੁਸ਼ਾਲੇ ਬਿਸਾਲੇ,

ਆਏ ਰਾਮੇ ਆਦਿ ਸਭਿ ਕਹਯੋ ਯੇ ਸੁਨਾਈਏ
॥ ੩੯ ॥
ਤੁਮ ਨੈ ਉਠਾਯੋ ਠੇਕਾ ਸਿੰਘਨ ਕੋ ਮਾਰਨੇ ਕਾ,
ਹਮ ਤੈ ਇਨਾਮ ਬਹੁ ਪਾਯੋ ਹਿਤ ਐਸ ਹੀ[1]। [1]ਏਸੇ ਵਾਸਤੇ ਹੀ।
ਤੁਮ ਜੋ ਕਹਯੋ ਥਾ ਯਾਹਿ ਨਾਹਿਂ ਕੋ ਪੰਜਾਬ ਮਾਹਿਂ,
ਸਿੰਘ ਹੈ ਰਹਿਨ ਦਯੋ ਹਮੈਂ ਕੋਊ ਕੈਸ ਹੀ।
ਆਏ ਤਬਿ ਕਿਤ ਤੈ ਤੁਮਾਰੇ ਯੇ ਦਮਾਦ[1] ਦੋਊ, [1]ਜਵਾਈ।
ਲਖੇ ਨਾਹਿਂ ਕਿਨਹੂੰ ਬਤਾਇ ਦੇਹੁ ਵੈ ਸਹੀ[1]। [1]ਕਿਸੇ ਨੇ ਨਹੀਂ ਦੇਖੇ, ਉਹ ਹੁਣ ਸਹੀ ਕਰ ਕੇ ਦਿਖਾ ਦਿਉ।
ਦੁਸ਼ਟ ਜੰਡਯਾਲੀਏ ਨੈਂ ਹਾਥ ਜੋਰਿ ਕਹਯੋ ਤਬਿ,
ਚੋਰ ਮੀਰਾਂ ਕੋਟੀਆ ਮਤਾਬ ਸਿੰਘ ਹੈ ਸਹੀ
॥ ੪੦ ॥
ਮੀਰ ਜੋ ਕਮਰ ਅਲੀ ਸੱਯਦ ਥਾ ਪੀਰ ਵਡ,
ਤਾਹਿਂ ਪੈ ਜਗੀਰ ਮੀਰਾਂ-ਕੋਟ ਹੁਤੋ ਜਾਨੀਏਂ।
ਤਾਂ ਹੀ ਕੋ ਬੁਲਾਇ ਕੈ ਨੁਵਾਬ ਯੌਂ ਸ਼ਿਤਾਬ ਕਹਯੋ,
ਤੁਮਰਾ ਗਰਾਮ ਜਾਨਿ ਛੋਡਹੋਂ ਪਛਾਨੀਏ।
ਤੁਮ ਨਾਹਿਂ ਡਰਤ ਅਨਰਥ[1] ਕਰਤ ਵਡ, [1]ਉਪੱਦ੍ਰਵ, ਪਾਪ।
ਸਿੰਘਨ ਕੋ ਰਾਖਤ ਨੱਗਰ ਨਿਜ ਮਾਨੀਏ।
ਐਸੇ ਕਹਿ ਤਬਿ ਹੀ ਨੁਵਾਬ ਨੈ ਚਢਾਈ ਫੌਜ,
ਨੂਰ-ਦੀਨ ਸਰਦਾਰ ਘੇਰਯੋ ਪਿੰਡ ਜਾਨੀਏ
॥ ੪੧ ॥
ਹੁਤੋ ਨੱਥਾ ਖੈਹਿਰਾ ਜੋ ਚੌਧਰੀ ਮਹਾਨ ਤਬਿ,
ਤਾਹਿਂ ਕੋ ਬੁਲਾਇ ਨੂਰ-ਦੀਨ ਯੌਂ ਸੁਨਾਯੋ ਹੈ।
ਕਰਿ ਦੇਹੁ ਹਾਜ਼ਰ ਮਤਾਬ ਸਿੰਘ ਤਾਂਈਂ ਤੁਮ,
ਨਾਂਹੀਂ ਤੋ ਤੁਮਾਰੀ ਜਾਂਨ ਜੈਹੈ ਅਬਿ ਗਾਯੋ ਹੈ[1]। [1]ਕਿਹਾ ਹੈ।
ਕਹਯੋ ਨੱਥੇ ਜਾਨ ਅਬਿ ਲੀਜੀਏ ਬੇਸ਼ੱਕ ਮੇਰੀ,
ਹਮ ਕੋ ਮਤਾਬ ਸਿੰਘ ਖੋਜਯੋ ਕਬਿ ਪਾਯੋ ਹੈ[1]। [1]ਭਾਲਿਆਂ ਕਦੋਂ ਜਾਂ ਕਿਵੇਂ ਮਿਲ ਸਕਦਾ ਹੈ।
ਕਹਯੋ ਫੇਰ ਨੂਰ-ਦੀਨ ਸੁਤ ਪਕਰਾਉ ਤਾਂਹਿ,
ਨੱਥੇ ਕਹਯੋ ਲਯਾਵੋਂ ਤਬਿ ਜੌ ਪੈ ਨਾਹਿਂ ਘਾਯੋ ਹੈ[1] [1]ਜੇ ਕਰ ਮਾਰਿਆ ਨਾ ਗਿਆ ਹੋਇਆ।
॥ ੪੨ ॥
ਹੁਤੋ ਸਾਤ ਸਾਲਕ ਕਾ ਬਾਲਕ ਮਤਾਬ ਸਿੰਘ

ਧਰ ਪਰ ਚਾਹਿ ਖਾਨ ਪਟਕਾਯੋ[1] ॥ ੮੧ ॥
ਅਤਿ ਸ਼ੀਘ੍ਰਤਾ ਸਿੰਘ ਅਸ ਕਰੀ।
ਮਾਰਿ ਛਾਰ ਉਤਰਯੋ ਤਿਸ ਘਰੀ।
ਤੇਗੇ ਖੈਂਚ ਉਭੈ ਫਿਰ ਭਿਰੇ।
ਪਟੇਬਾਜ ਦੋਊ ਤਹਿਂ ਫਿਰੈ ॥ ੮੨ ॥
ਲੋਹ ਕਾਲ ਤੇਗੇ ਅਤਿ ਭਾਰੈਂ[1]।
ਅਹਿਰਣ ਪਰ ਬਿਦਾਣ ਸਮ ਝਾਰੈਂ[1]।
ਉਭੇ ਦਿਸਾ ਦਲ ਦੋਊ ਹੇਰੈਂ।
ਵਾਹਿ ਵਾਹਿ ਧੁਨਿ[1] ਧੰਨ ਧੰਨ ਟੇਰੈਂ ॥ ੮੩ ॥
ਜਰਾਸੰਧ ਜਨੁ ਭੀਮ ਲਰਾਹੀਂ।
ਅੰਗਦ ਕਿਤ ਅਤਿ-ਕਾਯ ਜੁਝਾਹੀਂ[1]।
ਕਿਧੋ ਮੱਤ ਦੰਤੀ ਜੁਗ ਸੰਢੇ[1]।
ਭਿਰਹੀਂ ਕੇਹਰ ਸੇ ਹਤ ਖੰਡੇ[1] ॥ ੮੪ ॥
ਟੂਟ ਫੂਟਗੇ ਢਾਲੇ ਤੇਗੈਂ।
ਜਮਦਾਢੈਂ[1] ਕਾਢੀ ਫਿਰ ਬੇਗੈਂ।
ਤੀਨ ਘਰੀ ਲਰਤਜੋਂ ਕੋ ਭਈ।
ਤ੍ਰਿਖਾ ਖਾਨ ਕੋ ਅਧਿਕ ਲਗਈ ॥ ੮੫ ॥
ਦਮਚ[1] ਉਖੜਯੋ ਗਜੋ ਘਬਰਾਹੈ।
ਕਰੀ ਨ ਕਸਰਤ ਥੀ ਸੁ ਮਹਾਂਹੈ।
ਭੁਖ ਤ੍ਰਿਖਾ ਸਿੰਘ ਕਸ਼ਟ ਅਪਾਰੈਂ।
ਸਹੇ ਹੁਤੇ, ਕਸਰਤ ਯੁਤ ਭਾਰੈਂ ॥ ੮੬ ॥
ਯਾਂ ਤੇ ਬਿਹਬਲ[1] ਸਿੰਘ ਨ ਥੀਓ।
ਆਖਰ ਗੇਰ ਤੁਰਕ ਧਰ ਦੀਓ।
ਕਟੀ ਸੰਜੋਇ ਹੁਤੀ ਇਕ ਠੌਰੈਂ।
ਜਮਧਰ ਤਹਾਂ ਧਸਾਯੋ ਰੌਰੈਂ[1] ॥ ੮੭ ॥
ਮਾਨਿ[1] ਖਾਨ ਕੇ ਪ੍ਰਾਨ ਨਿਕਾਰੇ।
ਉਠਯੋ ਸਿੰਘ ਸਮ ਸਿੰਘ ਭਬਕਾਰੇ।
ਤਬਿ ਲੌਂ ਗਿਲਜੇ ਜੁਗ ਤਹਿਂ ਔਰੈਂ।
ਪਹੁੰਚੇ ਸਿੰਘ ਜੀ ਢਿਗ ਇਸ ਗੌਰੈਂ[1] ॥ ੮੮ ॥
ਇਕ ਨੈਂ ਕਹਯੋ ਲਰੋ ਹਮ ਸੰਗੈਂ।

[1]ਉਲਟਾ ਕੇ ਡੇਗਣਾ।
[1]ਕਾਲ ਵਰਗੀਆਂ ਲੋਹੇ ਦੀਆਂ ਭਾਰੀਆਂ ਤੇ ਗਾਂ।
[1]ਵੱਡੇ ਹਥੌੜੇ ਵਾਂਗ ਮਾਰਦੇ ਹਨ।
[1]ਅਵਾਜ਼।
[1]ਬਾਲੀ ਦਾ ਪੁੱਤਰ ਤੇਰਾਵਣ ਦਾ ਪੁੱਤਰ ਲੜ ਰਹੇ ਹਨ।
[1]ਜਾਂ ਦੋ ਮਸਤ ਹਾਥੀ ਹਨ ਜਾਂ ਦੋ ਸਾਨ੍ਹ।
[1]ਖੰਡੇ ਮਾਰ ਕੇ ਸ਼ੇਰਾਂ ਵਾਂਗ ਭਿੜਦੇ ਹਨ।
[1]ਕਟਾਰਾਂ।
[1]ਵਿਚੋਂ ਦਮ ਉੱਖੜ ਗਿਆ।
[1]ਘਬਰਾਹਟ ਸਹਿਤ।
[1]ਭਿਆਨਕ।
[1]ਹੰਕਾਰੀ।
[1]ਇਸ ਖ਼ਿਆਲ ਨਾਲ।

ਖਾਨ ਬਹਾਦਰ ਢਿਗ ਵਹਿ ਰਹਿਹੀ।
ਕਬੀ ਨ ਜੁਦਾ ਹੋਇ ਕਰਿ ਬਹਿਹੀ।
ਸਿੰਘਨ ਤਿਸ ਕੇ ਮਾਰਨ ਹੇਤੈਂ।
ਕਰਜੋ ਗੁਰੁਮਤਾ ਹੋਇ ਸੁਚੇਤੈਂ[1] ॥ ੧੩੯ ॥
[1]ਸਾਵਧਾਨ।

ਸਭਿ ਸਿੰਘਨ ਮਿਲਿ ਐਸ ਉਚਾਰਾ।
ਹੈ ਕੋਊ ਸਿੰਘ ਬੀਰ ਉਦਾਰਾ।
ਯਾਹਿ ਦੁਸ਼ਟ ਕੋ ਜੋਊ ਮਾਰੈ।
ਅਘੜ ਸਿੰਘ ਤਬਿ ਉਠਜੋ ਵਿਚਾਰੈ ॥ ੧੪੦ ॥

ਖਰ੍ਹਾ ਹੋਇ[1] ਇਮ ਖਰਾ[2] ਸੁ ਬੋਲਾ।
[1]ਖੜ੍ਹਾ ਹੋ ਕੇ। [2]ਚੰਗੀ ਤਰ੍ਹਾਂ।
ਪੰਥ ਜਿ ਕਿਰਪਾ ਕਰੈ ਅਤੋਲਾ[1]।
[1]ਬਹੁਤੀ।
ਤੌਂ ਯਹਿ ਹੈ ਪਾਜੀ ਕਜਾ ਤੁਰਕੈਂ।
ਲੈ ਐਹੋਂ ਜਮ ਕਾ ਸਿਰ ਕੁਰਕੈਂ[1] ॥ ੧੪੧ ॥
[1]ਕੱਟ ਕੇ।

ਪੰਥ ਕਹਜੋ ਤੁਮ ਸਾਚ ਅਲਾਵੋ।
ਪੈ ਅਬਿ ਸਿਰ ਇਸ ਹੀ ਕਾ ਲਜਾਵੋ।
ਗਯੋ ਸਿੰਘ ਤਬਿ ਆਗਜਾ ਪਾਏ।
ਧਸਜੋ ਲਹੌਰ ਸ਼ਹਿਰ ਮੈਂ ਜਾਏ ॥ ੧੪੨ ॥

ਤਨ ਪਰ ਤੁਰਕੀ ਭੇਸ ਸਜਯੋ।
ਬਨਜੋ ਅਮੀਰ ਕਚਹਿਰੀ ਗਯੋ।
ਸਾਂਝ ਸਮੇਂ ਜਬਿ ਖਾਨ ਬਹਾਦਰ।
ਮੋਮਨ ਖਾਂ ਕੋ ਲੈ ਸੰਗ ਸਾਦਰ ॥ ੧੪੩ ॥

ਹਵਾ ਖਾਨ ਕੋ[1] ਨਿਕਸਜੋ ਜਬਿ ਹੀ।
[1]ਹਵਾ ਖਾਣ ਨੂੰ ਭਾਵ ਸੈਰ ਕਰਨ ਨੂੰ।
ਸਿੰਗ ਭੀ ਚੜ੍ਹਜੋ ਸੰਗ ਤਿਨ ਤਬਿ ਹੀ।
ਤਟ ਦਰਯਾਵ ਪਹੁਚੇ ਜਬੈ।
ਦਾਉ ਪੇਖਿ ਸਿੰਘ ਢਿਗ ਢੁਕ ਤਬੈ ॥ ੧੪੪ ॥

ਬਾਤੈਂ ਕਰਨ ਲਗਜੋ ਸਿੰਘ ਐਸੇ।
ਵਹਿ ਜਾਨੈਂ ਅਪਨੋਂ ਹੀ ਜੈਸੇ।
ਦਾਉ ਤਕਾਇ ਖੈਂਚ ਤਰਵਾਰ।
ਮਾਰਿ ਮੁੰਡ ਤਿਹ ਸੁਟਜੋ ਉਤਾਰ* ॥ ੧੪੫ ॥
*ਇਹ ਤੁਕ ਅੰਮ੍ਰਿਤਸਰ ਐਡੀਸ਼ਨ ਚੋਂ ਲਈ ਹੈ, ਮੂਲ 'ਚ ਨਹੀਂ ਹੈ।

ਗਿਰਜੋ ਮੁੰਡ ਧਰ ਪਰ ਤਿਹ ਜਬਿਹੀ।

| | |
|---|---|
| ਸਿੰਘ ਧਸਾਇ ਪਿੱਪਲਾ[1] ਤਬਿਹੀ। | [1]ਤਲਵਾਰ ਦੀ ਨੋਕ। |
| ਮੂੰਡ ਉਠਾਇ ਝੱਟ ਕਰਿ ਲਯੋ। | |
| ਘੋੜੀ ਛੋੜਿ ਝੱਲ ਧਸ ਗਯੋ ॥੧੪੬॥ | |
| ਦੁਸ਼ਮਨ ਦੌਰੇ ਮਗਰ ਵਧੇਰੋ[1]। | [1]ਬਹੁਤ। |
| ਹਾਥ ਨ ਅਯੋ ਭਯੋ ਅੰਧੇਰੋ। | |
| ਥਾ ਸੋ ਸਿੰਘ ਕਾਨਨ ਕਾ[1] ਗਜਾਨੀ। | [1]ਜੰਗਲ ਦਾ। |
| ਪਹੁੰਚਯੋ ਪੰਥ ਪਾਸ ਬਲ ਠਾਨੀ ॥੧੪੭॥ | |
| ਦੁਸ਼ਮਨ ਕਾ ਸਿਰ ਪੰਥ ਅਗਾਰੀ। | |
| ਲਯਾਇ ਧਰਯੋ ਸਿੰਘ ਫਤੇ ਉਚਾਰੀ। | |
| ਪੰਥ ਖੁਸ਼ੀ ਤਿਸ ਪਰ ਬਹੁ ਭਯੋ। | |
| ਨਿਜ ਭੁਜ ਭਰ ਨੁਵਾਬ ਨੈਂ ਲਯੋ[1] ॥੧੪੮॥ | [1]ਨਵਾਬ ਕਪੂਰ ਸਿੰਘ ਨੇ ਆਪਣੀ ਜਫ਼ੀ 'ਚ ਲੈ ਲਿਆ। |
| ਕੀਨੋ ਅਪਨਾ ਤਿਹ ਅਗਵਾਨੀ[1]। | [1]ਆਗੂ। |
| ਦੀਨੋ ਤਾਂ ਕੋ ਵਡ ਸਨਮਾਨੀ। | |
| ਸਿਰੇਪਾਉ ਦੀਏ ਸਰਦਾਰੈਂ। | |
| ਧੰਨ ਧੰਨ ਕਹਿ ਸੁਜਸ ਉਚਾਰੈਂ ॥੧੪੯॥ | |
| ਐਸੀ ਐਸੀ ਬਹੁ ਬਹਾਦਰੀ। | |
| ਕਰਤੇ ਥੇ ਤਬਿ ਸਿੰਘ ਨਾਦਰੀ[1]। | [1]ਅਣੋਖੀ। |
| ਸੰਮਤ ਦਸ ਅਠ ਸੈ ਛੈ ਊਪੈਂ[1]। | [1]ਸੰਮਤ ਅਠਾਰਾਂ ਸੌ ਤੋਂ ਛੇ ਉਪਰ ਸੀ ਭਾਵ ੧੮੦੬ ਬਿ: ਸੀ। |
| ਹੁਤੋ ਤਬੈ ਲਖ ਲੀਜੈ ਖੂਪੈਂ[1] ॥੧੫੦॥ | [1]ਚੰਗੀ ਤਰ੍ਹਾਂ। |
| ਜੇ ਜੇ ਸਿਦਕੀ ਸਿੰਘ ਉਦਾਰੈਂ। | |
| ਰਹੇ ਲਰਤ ਅਰਿ ਹਰਤ ਅਪਾਰੈਂ[1]। | [1]ਬਹੁਤ ਵੈਰੀਆਂ ਨੂੰ ਮਾਰਦੇ ਰਹੇ। |
| ਡੇਰਾ ਸਿਰੋਂ ਪਰੇ ਥੇ ਰਖਤੇ। | |
| ਪਰਉਪਕਾਰ ਸਾਰ ਇਕ ਲਖਤੇ[1] ॥੧੫੧॥ | [1]ਇਕ ਪਰਉਪਕਾਰ ਨੂੰ ਹੀ ਸ੍ਰੇਸ਼ਟ (ਵਸਤੂ) ਜਾਣਦੇ ਸਨ। |
| ਐਸੀ ਐਸੀ ਵਡ ਬਹਾਦਰੀ। | |
| ਕਰਤ ਹੁਤੇ ਸਿੰਘ ਅਧਿਕ ਸਾਦਰੀ[1] ॥੧੫੨॥ | [1]ਨਿੱਡਰ ਹੋ ਕੇ। |

ਦੋਹਰਾ:

ਖਾਨ ਬਹਾਦਰ ਕਾ ਹਤਯੋ,
ਯੌਂ ਜਬਿ ਵਡ ਸਰਦਾਰ।
ਅਰ ਬਰਬਾਦੀ ਮੁਲਕ ਕੀ,
ਕੀਨੀ ਸਿੰਘਨਿ ਅਪਾਰ ॥੧੫੩॥

ਮੈਂ ਨਹਿਂ ਬਨਹੋਂ ਤੁਰਕ,
ਜਾਨ ਬੇਸ਼ਕ ਮਮ ਜਾਈ।
ਸੁਨਿ ਸਬੇਗ ਸਿੰਘ ਖੁਸ਼ੀ ਹੋਇ,
ਤਬਿ ਲਗਯੋ ਉਚਾਰਨ।
ਧਰਮ ਨ ਤਜੀਓ ਕਬੀ,
ਚਾਰ ਦਿਨ ਜੀਵਨ ਕਾਰਨ ॥੩੯॥
ਤਨ ਅਵਤਾਰਨ ਕੇ ਨ ਰਹੇ,
ਜਗ ਮੈਂ ਥਿਰ ਜਾਨੋਂ।
ਆਤਮ ਮਰੈ ਨ ਜਰੈ[1],
ਛਿਦੈ ਨਹਿਂ[1] ਨਿਸਚੈ ਮਾਨੋਂ।
ਸਫਲ ਜਨਮ ਅਰ ਮਰਨ ਤਾਹਿਂ ਕਾ,
ਧਰਮ ਜੁ ਰਾਖਤ।
ਲੋਕ ਬੇਦ ਜਸ ਕਰਨ ਤਾਂਹਿ,
ਜੋ ਧਰਮ ਨ ਨਾਖਤ[1] ॥੪੦॥
ਵਹੀ ਪੁਰਖ ਹੈਂ ਅਮਰ,
ਰਹੇ ਜਗ ਮੈਂ ਜਸ ਜਿਨ ਕੇ।
ਧਰਮ ਹੇਤ ਦੁਖ ਸਹੇ,
ਤਜੇ ਨਿਜ ਤਨ ਸਮ ਤਿਨਕੇ[1]।
ਹਰੀ ਚੰਦ, ਪ੍ਰਹਲਾਦ, ਸ਼ਿਵੀ,
ਦਾਧੀਚਹਿਂ ਪੇਖੋ।
ਮਨੀ ਸਿੰਘ, ਮਨਸੂਰ ਤਈਂ,
ਨਿਜ ਗੁਰਹਿਂ ਪਰੇਖੋ[1] ॥੪੧॥
ਛਿਨ ਭੰਗਰ[1] ਤਨ ਜਾਨਿ,
ਧਰਮ ਤੁਮ ਭਲੇ ਨਿਬਹੀਓ।
ਦੁਖ ਸੁਖ ਦੇਤ ਅਦ੍ਰਿਸ਼ਟ[1],
ਦੋਸ਼ ਨਹਿਂ ਕਿਸਹੂੰ ਦਈਓ।
ਇਤਯਾਦਿਕ ਬਹੁ ਜਬਿ
ਸਬੇਗ ਸਿੰਘ ਬਚਨ ਉਚਾਰੇ।
ਸੁਨਿ ਨੁਵਾਬ ਮਨਿ ਜਰਯੋ,
ਉਭੈ ਪੁਨ ਚਰਖੀ ਚਾੑੇ ॥੪੨॥

[1]ਸੜਦਾ ਨਹੀਂ।
[1]ਕੱਟੀਂਦਾ ਨਹੀਂ।
[1]ਜੋ ਧਰਮ ਨਹੀਂ ਤਿਆਗਦਾ।
[1]ਕੱਖ ਵਾਂਗ।
[1]ਪਛਾਣੋ।
[1]ਇਕ ਛਿਨ 'ਚ ਨਾਸ਼ ਹੋ ਜਾਣ ਵਾਲਾ।
[1]ਕਰਮ।

ਬੈਰੀ ਹੋਇ ਸਰਨ ਜੋ ਆਵੈ,
ਭਲੇ ਭਲਾਈ ਕਰਿ ਹੈਂ।
ਔਰ ਬਾਤ ਭੀ ਕਸਮ ਖਾਇ ਕਰਿ,
ਖਾਨੂੰ ਪਾਪੀ ਰਰ ਹੈ[1]। [1]ਕਹਿੰਦਾ ਹੈ।
ਦ੍ਵਾਦਸ ਨਗਰ, ਗੁਰੂ-ਚੱਕ ਵਾਰੇ,
ਔਰ ਪਾਂਚ ਵਡ[1] ਦੈਹੋਂ। [1]ਪੰਜ ਵੱਡੇ (ਪਿੰਡ)।
ਰਹੋਂ ਹਮੇਸ਼ ਮੁਰੀਦ ਪੰਥ ਕਾ,
ਬੈਰ ਨਹੀਂ ਫਿਰ ਕੈਹੋਂ[1] ॥ ੯੦ ॥ [1]ਨਹੀਂ ਕਰਾਂਗਾ।
ਯਹਿ ਸੁਨਿ ਪੁਨ ਕਪੂਰ ਸਿੰਘ ਬੋਲਜੋ,
ਕੋਪ ਹੋਇ ਯੌਂ ਭਾਰੇ।
ਦਈ ਜਗੀਰ ਨ ਲੈਹਂ ਤੁਰਕ ਕੀ,
ਲੈਂਹ ਰਾਜ ਬਲ ਧਾਰੇ।
ਪੈ ਉਨ ਪਾਪੀ ਬਚਨ ਜੁ ਗੁਰੁ ਕੇ,
ਜ਼ਾਮਨ ਦੀਨੇ ਬੀਚੇ।
ਸਰਨ ਪੰਥ ਕੀ ਗਹੀ, ਵਾਸਤੇ
ਰੱਬ ਜੁ ਪਾਏ ਨੀਚੇ[1] ॥ ੯੧ ॥ [1]ਨੀਚ ਨੇਰੱਬ ਦੇ ਵਾਸਤੇ ਪਾਏ ਹਨ।
ਯਾਂ ਤੈ ਬਾਤ ਤੁਰਕ ਕੀ ਹਮ ਕੋ,
ਪਰੀ ਮਾਨਨੀ ਠੀਕੈ।
ਯੌਂ ਕਹਿ ਤਬੈ ਕਪੂਰ ਸਿੰਘ ਨੈ
ਪੰਥਾਗਜਾ ਲੈ ਨੀਕੈ।
ਪਾਂਚ ਭੁਜੰਗੀ[1] ਖੜ੍ਹੇ ਕਰੇ, [1]ਸਿੰਘ।
ਫਿਰ ਯੌਂ ਅਰਦਾਸ ਕਰਾਈ।
ਛੁਟੇ ਪਿਸ਼ਾਬ ਨਿਬਾਬ ਕੇਰ ਤਬਿ,
ਜਬਿ ਯੌਂ ਕਰੈ ਬਨਾਈ[1] ॥ ੯੨ ॥ [1]ਜਦੋਂ ਇਸ ਤਰ੍ਹਾਂ ਬਣਾ ਕੇ ਕਰੇਗਾ।
ਤਾਰੂ ਸਿੰਘ ਕੀ ਪਨਹੀ[1] ਲੈ ਕਰਿ, [1]ਜੁੱਤੀ।
ਸਿੰਘ ਕੇ ਕਰ ਪਕਰਾਵੈ।
ਸਾਤ ਬੇਰ[1] ਫਿਰ ਤਿਸ ਤੇ, ਅਪੁਨੇ [1]ਸੱਤ ਵਾਰੀਂ।
ਸਿਰ ਪਰ ਤੁਰਕ ਲਵਾਵੈ।
ਤਬੈ ਪਿਸ਼ਾਬ ਤਾਂਹਿ ਕਾ ਛੂਟੇ,
ਫਿਰ ਕਿਛੁ ਦਿਨ ਮੈਂ ਮਰ ਹੈ।

ਬੈਠੇ ਕਰਿ ਕੱਠ ਰੋਸ ਠੱਟ[1] ਦੜ ਬੱਟ ਕੈ।
ਕਹੈਂ ਸਭਿ ਸਿੰਘ ਕਾਲ ਅਪਨੋ ਬੁਲਾਯੋ ਇਨ,
ਮੂਢ ਨੈਂ ਜਗਾਯੋ ਸੁੱਤਾ ਸ਼ੇਰ ਮੂਛ ਪੱਟ ਕੈ।
ਤਾਂਹੀਂ ਸਮੇਂ ਜਸਪਤ ਸ਼ਹਿਰ ਤੇ ਬਾਹਰ ਆਯੋ,
ਸੈਲ ਹਿਤ ਫੀਲ ਚਢਿ ਠਾਟ ਭਲ ਠੱਟ ਕੈ[1]।
ਪੇਖਿ ਸਭਿ ਸਿੰਘਨਿ ਚੁਫੇਰਜੋਂ ਘੇਰਜੋ ਜਾਇ ਤਬਿ,
ਗਜ ਕੋ ਬਿਠਾਇ ਸੁਟਜੋ ਜਸਪਤ ਕੱਟ ਕੈ ॥੭॥
ਲੋਗ ਤਾਂਹਿ ਸੰਗਿ ਔਰ ਆਏ ਥੇ ਜੋ ਤਾਂਹੀਂ ਠੌਰ,
ਗਏ ਡਰ ਮਾਨਿ ਦੌਰ ਰੌਰ ਅਤਿਸੈ ਪਰੇ।
ਸੰਮੁਖ ਭਏ ਥੇ ਜੇਊ ਸਿੰਘਨ ਬਿਦਾਰੇ ਤੇਊ[1],
ਜ਼ਖਮੀ ਬਨਾਏ ਕੇਊ ਹਾਨ ਪ੍ਰਾਨ ਤੈ ਕਰੇ[1]।
ਬੋਲਿ ਫਿਰ ਹੱਲਾ ਸਿੰਘ ਬਾਂਧ ਕਰਿ ਪੱਲਾ[1],
ਜਾਇ ਜੱਸੂ ਕੇ ਮਹੱਲਾ ਧਸੇ ਲੋਗ ਤਾਂਹਿ ਕੇ ਫਰੇ।
ਲੂਟਯੋ ਖਜਾਨਾ ਮਨ ਭਾਵਤ ਮਹਾਨਾ ਧਨ,
ਦੂਖ ਦੈ ਹੈਰਾਨਾ ਜਨ ਔਰ ਬਹੁਧਾ ਕਰੇ[1] ॥੮॥

ਔਰ ਸਭਿ ਸ਼ਹਿਰ ਵੀਚ ਜ਼ਹਿਰ ਕਹਿਰ ਹਹਿਰ ਪਰਜੋ[1],
ਲੂਟਬੋ ਬਜਾਰ ਔ ਅਗਾਰਨ[1] ਕੋ ਕਰਜੋ ਹੈ।
ਆਯੁਧ ਅਪਾਰ ਬਾਜੀ ਬਸਨ ਬਚਿਤ੍ਰ ਚਾਰੁ[1],
ਲੂਟਯੋ ਬਰੁਦ ਸਿੱਕਾ ਦਾਰਦ ਬਿਦਰਜੋ ਹੈ[1]।
ਫੇਰ ਸਭਿ ਸਿੰਘ ਧਾਇ ਕਾਨਨ ਮੈਂ[1] ਧਸੇ ਜਾਇ,
ਜੱਸੂ ਕਾ ਭਰਾਤ ਸੁਨਿ ਲੱਖੂ ਅਤਿ ਜਰਜੋ ਹੈ।
ਜਾਇ ਕੈ ਨੁਵਾਬ ਪੈ ਉਤਾਰ ਪਾਗ ਕਹਜੋ ਲੱਖੂ,
ਮੈਂ ਨ ਧਰੋਂ ਪਾਗ ਬਿਨ ਸਿੰਘਨ ਕੇ ਹਰਜੋ ਹੈ*[1] ॥੯॥

[1]ਗੁੱਸਾ ਕਰਕੇ।
[1]ਹਾਥੀ ਤੇ ਚੜ੍ਹ ਕੇ ਤੇ ਚੰਗਾ ਠਾਠ ਬਣਾ ਕੇ।
[1]ਉਹ ਮਾਰ ਦਿੱਤੇ।
[1]ਉਨ੍ਹਾਂ ਦੇ ਪ੍ਰਾਣ ਨਾਸ਼ ਕਰ ਦਿੱਤੇ।
[1]ਕਤਾਰ ਬੰਨ੍ਹ ਕੇ।
[1]ਹੋਰ ਬਹੁਤ ਸਾਰੇ (ਜਸੂ ਦੇ) ਲੋਕਾਂ ਨੂੰ ਦੁੱਖ ਦੇ ਕੇ ਹੈਰਾਨ ਕੀਤਾ।
[1]ਸ਼ਹਿਰ ਵਿੱਚ ਜ਼ਹਿਰ ਵਰਗਾ ਕਹਿਰ ਦਾ (ਹਹਿਰ) ਸਹਮ ਪੈ ਗਿਆ।
[1]ਘਰਾਂ ਨੂੰ।
[1]ਬਹੁਤੇ ਸ਼ਸਤ੍ਰ, ਘੋੜੇ ਤੇ ਅਨੇਕ ਤਰ੍ਹਾਂ ਦੇ ਸੁੰਦਰ ਬਸਤ੍ਰ।
[1]ਆਪਣਾ ਦਲਿਦ੍ਰ ਨਾਸ਼ ਕਰ ਲਿਆ।
[1]ਜੰਗਲਾਂ ਵਿੱਚ।
[1]ਸਿੰਘਾਂ ਨੂੰ ਮਾਰੇ ਤੋਂ ਬਿਨਾਂ। *ਅੰਕ ਨੰ: ੯ ਦੀ ਚੌਥੀ ਤੁਕ ਦਾ ਪਾਠ ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨਾਂ ਦਾ ਸ਼ੁੱਧ ਜਾਣ ਕੇ ਛਾਪਿਆ ਹੈ, ਲਾਹੌਰ ਐਡੀਸ਼ਨ ਉੱਤ੍ਰਾਰਧ ਦੇ ਪੰਨਾ ੩੪੧ ਤੋਂ ੩੪੪ ਤੱਕ ਦੇ ਚਾਰ ਸਫ਼ਿਆਂ ਦਾ ਪਾਠ ਦਿੱਲੀ ਐਡੀਸ਼ਨ ਨਾਲ ਮਿਲਦਾ ਹੈ, ਪਰ ਸ਼ਬਦ ਜੋੜ ਘਸੀਟਾ ਸਿੰਘ ਨਾਲ ਮਿਲਦੇ ਹਨ, ਜਾਪਦਾ ਹੈ ਕਿ ਇਹ ਚਾਰ ਸਫ਼ੇ ਘਸੀਟਾ ਸਿੰਘ ਨੇ ਛਾਪੇ ਹਨ।

ਢਾਈ ਫੱਟ ਕਹਿਤ ਲੜਾਈ ਕੇ ਮਹਾਨ ਜਨ,
ਭਾਗਨ ਮਿਲਨ ਏਊ ਸਾਰੇ ਸੁਖ ਦਾਇਕੈ[1] ॥ ੩੯ ॥

[1]ਭੱਜ ਜਾਣਾ ਤੇ ਮੇਲ ਕਰਾ ਲੈਣਾ ਇਹ ਦੋ ਸੁਖ ਦੇਣ ਵਾਲੇ (ਸਾਰੇ) ਪੂਰੇ ਫੱਟ ਹਨ।

ਸੰਮੁਖ ਹ੍ਵੈ ਸ਼ੱਤਰੂ ਕੇ ਲਰਨ ਮਰਨ ਮਾਰਿ,
ਯਾਹੀ ਕੋ ਅਰਧ ਨੀਤਿ ਨਿਪੁਨ ਬਤਾਏ ਹੈਂ[1]।
ਗੁਰੂ ਭੀ ਹਮਾਰੇ ਕਹਯੋ ਦੌਰ ਕੈ ਲਰਨ ਨੀਕ,
ਆਪ ਗੁਰੂ ਦੌਰਿ ਦੌਰਿ ਲਰਿ ਅਰਿ ਘਾਏ ਹੈਂ।
ਔਰ ਦੇਖ ਲੇਹੁ ਜਾਦੋਪਤਿ[1] ਨੈਂ ਅਭੰਗ ਜੰਗ,
ਕੀਏ ਹੈਂ ਨਿਸੰਗ ਭਾਗ ਖਾਇ ਖਾਇ ਗਾਏ ਹੈਂ[1]।
ਤਾਂ ਤੇ ਤੁਮ ਦੌਰਿ ਕਿਤ ਔਰ ਠੌਰ ਗੌਰਿ[1] ਚਾਲੋ,
ਈਹਾਂ ਲਰਿ ਮਰਨੋਂ ਨ ਹਮ ਕੋ ਸੁਹਾਏ ਹੈਂ ॥ ੪੦ ॥

[1]ਇਸ ਨੂੰ ਰਾਜਨੀਤੀ ਦੇ ਚਤੁਰ ਪੁਰਖ ਅੱਧਾ ਫੱਟ ਕਹਿੰਦੇ ਹਨ।

[1]ਕ੍ਰਿਸ਼ਨ।

[1]ਭਾਂਜ ਖਾ ਖਾ ਕੇ ਕਹੀਦੇ ਹਨ।

[1]ਖ਼ਿਆਲ ਨਾਲ।

ਬਾਤ ਯਾਹਿ ਮਾਨ ਲਈ ਪੰਥ ਨੈਂ ਮਹਾਨ ਜਾਨਿ,
ਆਧਕ ਨਿਸਾ ਮੈਂ[1] ਪਰੇ ਬੈਰਿਨ ਪੈ ਧਾਇ ਕੈ।
ਸੱਤ੍ਰੂ ਥੇ ਪਏ ਸੋਏ ਸੰਤਰੀ[1] ਸੁਸਤ ਹੋਏ,
ਬੀਜਰੀ ਸਮਾਨ ਸਿੰਘ ਪਰੇ ਔਚਕਾਇ ਕੈ[1]।
ਬੈਰੀ ਸਭਿ ਪਏ ਹੀ ਦਬਾਇ ਲਏ ਪੰਥ ਤਬਿ,
ਮਾਰਿ ਕੂਟਿ ਲੂਟਿ ਕਰਿ ਛੂਟ ਬਹੁ ਧਾਇ ਕੈ[1]।
ਸਿੰਘ ਯੌਂ ਸ਼ਗਨ ਕਰਿ ਧਸੇ ਫੇਰ ਧਾਇ ਬਨ,
ਸੁਨਿ ਪਛਤਾਯੋ ਲੱਖੂ ਮਨਿ ਦੁਖ ਪਾਇ ਕੈ ॥ ੪੧ ॥

[1]ਅੱਧੀ ਕੁਰਾਤ ਨੂੰ।

[1]ਪਹਿਰੇਦਾਰ।

[1]ਅਚਣਚੇਤ ਆ ਕੇ।

[1](ਛੂਟ) ਹੱਲਾ ਕਰ ਕੇ ਤੇ ਬਹੁਤ ਦੌੜ ਕੇ।

ਕੈਹੈਂ ਭਈ ਬੁਰੀ ਬਾਤ ਬਖਯਾਤ ਸਾਤ[1] ਏਹੁ,
ਬਿਨ ਤਤਬੀਰ[1] ਘਾਤ[2] ਭਯੋ ਨਿਜ ਦਲ ਕੋ।
ਫੇਰ ਯੌਂ ਬਨਾਈ ਬਯੋਂਤ ਰੱਯਤ ਬੁਲਾਈ ਸਭਿ,
ਝਾੜੀ ਕਟਵਾਈ ਔ ਲਵਾਈ ਅੱਗ ਝੱਲ ਕੋ।
ਫੇਰ ਕਰੀ ਧਾਈ ਤਬਿ ਆਗੇ ਲਾਈ ਤੋਪ ਸਭਿ,
ਗੈਲ ਤੋ ਜੰਜੈਲ ਔ ਜੰਮੂਰੇ ਕੀਏ ਭਲ ਕੋ[1]।

[1]ਸੱਚੀ।

[1]ਵਿਉਂਤ, ਜਤਨ। [2]ਨਾਸ਼।

[1](ਤੋਪਾਂ ਦੇ) (ਗੈਲ) ਪਿੱਛੇ ਤਾਂ (ਭਲ ਕੋ) ਚੰਗੇ (ਜਮੂਰੇ) ਛੋਟੀਆਂ ਤੋਪਾਂ ਤੇ (ਜੰਜੈਲ) ਲੰਬੀ ਨਾਲੀ ਦੀਆਂ ਬੰਦੂਕਾਂ ਕਰ ਲਈਆਂ।

ਪੀਛੇ ਕਰੀ ਪੈਦਲ ਸਿਪਾਹਿ ਅਸਵਾਰੀ ਸਭਿ,

ਵਹਿ ਹੁਤੋ ਅਤਿ ਹੀ ਕਠਨ ਗਿਰ,
ਨਹਿਂ ਚਢ੍ਯੋ ਤਿਸ ਪਰ ਜਾਇ।
ਪੁਨ ਸੈਨ ਸੱਤ੍ਰੁਨ ਕੀ ਪਰੀ,
ਦੈ ਜੋਰ ਪੀਛ੍ਯੋਂ ਆਇ।
ਬਹੁ ਤੀਰ ਗੋਲੀ ਬਰਖਹੀਂ,
ਪਿਖਿ ਮੇਂਹ ਜੇਂਹ ਲਜਾਇ ॥ ੫੨ ॥
ਬਹੁ ਬਨੀ ਮੁਸ਼ਕਲ ਆਨਿ, ਸਿੰਘਨ
ਤਈਂ ਤਬਿ ਤਿਸ ਠੌਰ।
ਸਭਿ ਬੀਚ ਘਾਟੀ[1] ਕੇ ਰੁਕੇ,
ਨਹਿਂ ਚਲੇ ਤਬਿ ਕਿਛੁ ਜੋਰ।
ਬਹੁ ਮਰੇ ਜ੍ਵਾਨ ਕਿਕਾਨ[1] ਤਹਿਂ,
ਤੁਰਕਾਨ ਸਿੰਘਨ ਕੇਰ।
ਤਬਿ ਸਿੰਘ ਚਢਨੇ ਲਗੇ ਗਿਰ ਪਰ,
ਪੈਰ ਪਜਾਦੇ[1] ਫੇਰ ॥ ੫੩ ॥
ਪਗ ਫਿਸਲ ਗਿਰ ਤੈ ਪਰੈਂ ਗਿਰ ਗਿਰ[1],
ਚਢ੍ਯੋ ਨਹਿਂ ਤਹਿਂ ਜਾਇ।
ਤਿਸ ਸੈਲ ਕੇ ਥਾ ਤਲੇ ਬਹਿਤੋ[1],
ਘੋਰ ਵਡ ਦਰਯਾਇ।
ਕਿਛ ਸਿੰਘ ਤਿਸ ਦਰਯਾਵ ਮੈਂ,
ਗਿਰ ਗਏ ਗੋਤੇ ਖਾਇ।
ਕਿਛ ਗਿਰੇ ਗਿਰ ਕੀ ਕੰਦਰਾਂ ਕੇ
ਅੰਦਰੈਂ ਤਹਿਂ ਜਾਇ ॥ ੫੪ ॥
ਕਿਛ ਚਢੇ ਪਰਬਤ ਸਿਖਰ ਪੈ,
ਸਿੰਘ ਅਤਿ ਮੁਸੀਬਤ ਪਾਇ।
ਵਹਿ ਪਾਰ ਹੋਏ ਉਤਰ ਗਿਰ,
ਨਿਜ ਗਏ ਜਾਂਨ ਬਚਾਇ।
ਜਬਿ ਯੌਂ ਸਜ਼ਾਦੇ[1] ਸਿੰਘ ਬਹੁ,
ਲਖਿ[1] ਭਏ ਪਰਬਤ ਪਾਰ।
ਇਤ ਰਹੇ ਪੀਛੇ ਜੰਗ ਕਰਤੇ,
ਸਿੰਘ ਜੇ ਅਸਵਾਰ ॥ ੫੫ ॥

[1]ਪਹਾੜੀਰਾਹ, ਪਹਾੜਾਂ ਦਾ ਦੱਰਾ।

[1]ਘੋੜੇ।

[1]ਪੈਦਲ ਹੋ ਕੇ ਪੈਰਾਂ ਨਾਲ।

[1]ਪੈਰ ਦੇ ਤਿਲਕਣ ਨਾਲ ਪਹਾੜ ਤੋਂ ਡਿੱਗ ਡਿੱਗ ਪੈਂਦੇ ਹਨ।

[1]ਹੇਠਾਂ ਵਗਦਾ ਸੀ।

[1](ਗੁਰੂ ਕੇ) ਸਾਹਿਬਜ਼ਾਦੇ।

[1]ਲੰਘ ਕੇ।

ਛਕਿ ਨਿਹਾਰੀਆਂ ਘੋੜੇ ਸਿੰਘ।
ਮਾਰਤ ਟਾਰਤ ਸੱਤ੍ਰੈਂ ਧਿੰਗ[1]।
ਰੈਨ ਦਿਵਸ ਕਰਿ ਦੌਰ ਅਪਾਰੀ।
ਭਏ ਪਾਰ ਸਤਲੁਜ ਨਦਿ ਭਾਰੀ ॥੧੨੫॥
ਲੱਖੂ ਦੁਸ਼ਟ ਲੌਟ ਤਬਿ ਗਯੋ।
ਦਾਖਲ ਜਾਇ ਲਹੌਰੈਂ ਭਯੋ।
ਸਿੰਘ ਮਾਲਵੇ ਦੇਸ ਮਝਾਰੀ।
ਧਸੇ ਜਾਇ ਕਰਿ ਸ਼ੁਕਰ ਗੁਜ਼ਾਰੀ ॥੧੨੬॥
ਮੁਲਖ ਪਠਾਂਨਨ ਅਰ ਰਜਪੂਤੈਂ।
ਕੇਰ ਛੋਡਿ, ਪਿਖਿ ਸਿੱਖਨਿ ਅਕੂਤੈਂ[1]।
ਤਾਂ ਮੈਂ ਧਸਜੋ ਪੰਥ ਦਰਹਾਲੀ[1]।
ਮਲਵੱਯਨ ਝਟ ਲੀਨ ਸੰਭਾਲੀ ॥੧੨੭॥
ਪਿਖਿ ਜਖਮੀਂ ਖਸਤਾਲ[1] ਅਪਾਰੀ।
ਦਯਾ ਧਾਰਿ ਮਲਵੱਯਨ ਭਾਰੀ।
ਨਿਜ ਨਿਜ ਘਰਿ ਉਤਾਰ ਸਭਿ ਲੀਏ।
ਲਖਿ ਗੁਰੁ-ਭਾਈ ਸੇਵ ਕਰੀਏ ॥੧੨੮॥
ਜੈਤੋ ਨਾਮ ਨਗਰ ਇਕ ਵਹਾਂ।
ਸੁੱਖਾ ਸਿੰਘ ਉੱਤਰਜੋ ਤਹਾਂ।
ਕੋਟ-ਕਪੂਰੇ[1] ਜੱਸਾ ਸਿੰਘ।
ਵਿੰਝੂ ਕੇ ਤਿਲੋਕ ਸਿੰਘ ਧਿੰਗ ॥੧੨੯॥
ਦਜਾਲ-ਪੁਰੇ ਮੈਂ ਹਰੀ ਸਿੰਘ ਪੁਨ।
ਸਿੰਘ ਨਕੱਈ[1] ਬਠਿੰਡੇ ਢਿਗ ਗੁਨਿ।
ਦੀਪ ਸਿੰਘ ਦਮਦਮੇਂ ਥਿਰਾਯੋ।
ਸਾਬੋ ਕੇ[1] ਲੋਗਨ ਸੇਵਾਯੋ[2] ॥੧੩੦॥
ਸਿੰਘ ਕਪੂਰਾਦਿਕ ਜੇ ਔਰੈਂ।
ਗਿਰਦ ਬੂਨਾਲੇ ਉਤਰੇ ਗੌਰੈਂ।
ਆਲਾ ਸਿੰਘ ਆਦਿਕ ਸਭਿ ਸੇਵੈਂ।
ਅਰ ਭਾਈ ਕੇ ਲੋਗ ਅਭੇਵੈਂ[1] ॥੧੩੧॥
ਚੜ੍ਹਤ ਸਿੰਘ ਪੱਕੇ ਪਥਰਾਲੇ।

[1]ਜ਼ੋਰਾਵਰ ਵੈਰੀਆਂ ਨੂੰ।

[1]ਬਹੁਤਾ ਸਿੱਖਾਂ ਦਾ (ਇਲਾਕਾ) ਦੇਖ ਕੇ। (ਅਕੂਤੈਂ-ਮਿਣਤੀ ਤੋਂ ਰਹਿਤ ਭਾਵ ਬਹੁਤਾ।)

[1]ਛੇਤੀ।

[1]ਖਸਤਹ-ਹਾਲ=ਬੁਰੀ ਹਾਲਤ ਵਿੱਚ।

[1]ਪਿੰਡ।

[1]ਨਕਈ ਮਿਸਲ ਦੇ, (ਅ) ਨੱਕੇ ਦੇਸ ਦੇ।

[1]ਗੋਤ ਦੇ (ਬਰਾੜਾਂ ਨੇ)। [2]ਸੇਵਾ ਕੀਤੀ।

[1]ਭਾਈ ਭਗਤੂ ਦੇ ਸੇਵਕਾਂ ਨੇ ਬਿਨਾਂ ਫ਼ਰਕ ਤੋਂ।

ਮਨ ਭਾਵਤ ਅਸਬਾਬ ਅਪਾਰੈਂ,
ਪੰਥ ਲੁਟੇਰੇ ਲੀਓ[1]।
ਐਸੇ ਸਖਤ ਵਖਤ ਮੈਂ,
ਔਰੈਂ ਕੌਨ ਲੁਟੇਰਾ ਆਵੈ।
ਬਿਨਾ ਮਲਾਹ ਸੁਤਨ ਕੇ, ਹੜ੍ਹ
ਜਲ ਮਾਹਿਂ ਨ ਔਰ ਧਸਾਵੈ ॥ ੪੫ ॥

[1]ਪੰਥ ਨੇ ਲੁੱਟ ਲਿਆ।

ਨਿਤ ਕੀ ਸੈਲੀ[1] ਥੀ ਇਹੁ ਸਿੰਘਨ,
ਯਾਂ ਤੇ ਡਰੈਂ ਨ ਰਾਈ।
ਘੋੜੇ ਖੱਚਰ ਊਟ ਲੱਦ ਕੈ,
ਇਤ ਉਤ ਦਏ ਚਲਾਈ।
ਤਬਿ ਲੌ ਚਾਲੇ ਦੌਰ ਦੁਰਾਨੀ,
ਭਾਜ ਪਰੀ ਇਸ ਹੇਤੈਂ।
ਲਜਾਏ ਥੇ ਲਹੌਰ ਤੈ ਲਦ ਕੈ,
ਕੁਹਕ ਬਾਣ[1] ਤਬਿ ਜੇਤੈਂ ॥ ੪੬ ॥

[1]ਰੀਤੀ।

[1]ਦੇਖੋ ਅੰਕ ਨੰ. ੨੩ ਵਿੱਚ ਟਿੱਪਣ ਨੰ. ੩ ਦਾ ਅਰਥ।

ਜਾਨਤ ਨਹੀਂ ਚਲਾਵਨ ਥੈ ਸੋ,
ਕਰਿ ਦੁਸ਼ਮਨ ਸਮੁਹਾਏ[1]।
ਮੁਖ ਤਿਨ ਕੇ ਇਨਹੀਂ ਦਿਸ ਰਹਿਗੇ,
ਦਈ ਆਗ ਜਬਿ ਲਾਏ।
ਦੌਰਿ ਦੁਰਾਨਨਿ ਦਿਸ ਸੋ ਆਏ,
ਮਾਰਤ ਸ਼ੱਹਿ ਸ਼ੱਹਿ ਬੋਲਤ[1]।
ਤਬਿ ਦੁਰਾਨੀਯੋਂ ਨੈ ਇਮ ਸਮਝਜੋ,
ਏਹੁ ਸ਼ਾਹਿ ਕੋ ਟੋਲਤ[1] ॥ ੪੭ ॥

[1]ਸਾਹਮਣੇ।

[1]ਸੀਟੀ ਵਾਂਗ ਸ਼ੱਹਿ ਸ਼ੱਹਿ ਸ਼ਬਦ ਬੋਲਦੇ ਹੋਏ (ਤੀਰ) ਮਾਰ ਕਰਦੇ ਹਨ।

[1]ਚੂੰਕਿ ਉਹ ਤੀਰ ਸ਼ੱਹਿ ਸ਼ੱਹਿ ਸ਼ਬਦ ਬੋਲਦੇ ਸਨ, ਉਨ੍ਹਾਂ ਜਾਣਿਆਂ ਇਹ (ਸ਼ਾਹ) ਬਾਦਸ਼ਾਹ ਨੂੰ ਟੋਲਦੇ ਹਨ,

ਭਾਗੇ ਜਾਂਹਿ ਅਗਾਰੀ ਬਾਨਨਿ[1],
ਅਰ ਤਿਨ ਪ੍ਰਤਿ ਇਮ ਕੈਹੈਂ।
ਵਲੇ ਸ਼ਾਹਿ ਹਮ ਜਾਨਬ ਨੇਸਤ,
ਉਤੈ ਜਾਹੁ ਸ਼ਹਿ ਤੈਹੈਂ[1]।
ਇਹੁ ਸੁਨਿ ਜਾਨਕਾਰ ਅਤਿ ਹਸਹੀਂ,
ਲਖਿ ਅਤਿ ਮੂਢ ਦੁਰਾਨਨਿ।

[1]ਤੀਰਾਂ ਦੇ ਅੱਗੇ।

[1]ਹੇ ਮਿੱਤ੍ਰ ਤੀਰ ! ਬਾਦਸ਼ਾਹ ਸਾਡੀ (ਜਾਨਬ) ਤਰਫ਼ ਨਹੀਂ ਹੈ, ਉਧਰ ਜਾਉ। ਬਾਦਸ਼ਾਹ ਓਥੇ ਹੈ।

ਭੇਜਯੋ ਦੁਰਾਨੀ ਸ਼ਾਹਿ ਹਿੰਦ ਪੈ ਚੜ੍ਹਾਇ ਕੈ।
ਪਰਜੋ ਜਬਿ ਠੌਰ ਠੌਰ ਰੌਰ ਥਾ ਪੰਜਾਬ ਵੀਚ,
ਖਾਲਸੇ ਕੇ ਬਾਰਾਂ ਪੱਕੇ ਦਾਉ ਪਰੇ[1] ਆਇ ਕੈ।
ਧਸ ਕੈ ਪੰਜਾਬ ਮਾਂਹਿ ਹਾਲ-ਚਾਲ ਦਈ ਪਾਇ,
ਸੱਤ੍ਰਨ ਕੇ ਧਾਮ ਗ੍ਰਾਮ ਲੂਟੇ ਹੈਂ ਬਨਾਇ ਕੈ ॥੬੭॥

[1]ਬਾਰਾਂ ਪੱਕੇ ਦਾਉ ਪੈ ਗਏ ਭਾਵ ਬਾਜ਼ੀ ਜਿੱਤ ਲਈ।

ਮਾਰ ਬਹੁ ਖਾਇ ਮੀਰ ਮੰਨੂੰ ਤੈ ਦੁਰਾਨੀ ਸ਼ਾਹਿ,
ਫਿਰਜੋ ਜਬਿ ਕਾਬਲ ਕੀ ਓਰ ਹਾਰ ਮਾਨ ਕੈ।
ਪੀਛੇ ਲਗਜੋ ਖਾਲਸਾ ਬਿਸਾਲਸਾ[1] ਦੈ ਜੋਰ ਤਾਂ ਕੇ,
ਲੂਟੇ ਖੂਬ ਸਿੰਘਨ ਦੁਰਾਨੀ ਬਲ ਠਾਨ ਕੈ।
ਜੇਹਲਮ ਤੈ ਪਾਰ ਕਰਿ ਪੰਥ ਬਲ ਧਾਰ ਕਰਿ,
ਬੈਰਨ ਪਛਾਰਿ ਥਿਰਜੋ ਸੁਧਾ-ਸਰ ਆਨ ਕੈ।
ਲਾਇ ਕੈ ਦਿਵਾਨ ਏਕ ਰੋਜ਼ ਪੰਥ ਮੋਦ ਮਾਨਿ,
ਕੀਨੋ ਗੁਰਮਤਾ ਬੈਠੋ ਗੜ੍ਹ ਕੋਊ ਠਾਨ ਕੈ[1] ॥੬੮॥

[1]ਬਹੁਤਾ।

[1]ਕੋਈ ਕਿਲ੍ਹਾ ਬਣਾ ਕੇ ਬੈਠੋ।

ਸ਼ੰਕਰ ਛੰਦ:

ਅਸਬਾਬ ਜਹਿ ਠਾਂ ਲੂਟ ਕਾ,
ਨਿਤ ਜਮ੍ਹਾਂ ਕਰਤ ਰਹਾਹਿਂ।
ਅਰ ਜੰਗ ਵਕਤ ਬਿਵਕਤ ਮੈਂ,
ਜਿਮ ਮਾਹਿਂ ਬੈਠਿ ਕਰਾਹਿਂ।
ਤਬਿ ਕਹਜੋ ਸੁੱਖਾ ਸਿੰਘ ਨੈਂ,
ਇਕ ਠੌਰ ਅਜ਼ਮਤ ਵਾਰ[1]।
ਢਿਗ ਰਾਮ-ਸਰ ਕੇ ਪਿਖੀ ਮੈਂ,
ਤਹਿਂਰਚੋ ਦੁਰਗ ਸੁਧਾਰਿ[1] ॥੬੯॥
ਇਕ ਦਿਵਸ ਅੱਚਾ-ਚੇਤ[1] ਮੈਂ,
ਤਿਸ ਠੌਰ ਪਹੁੰਚਜੋ ਜਾਇ।
ਇਕ ਅਜਾ[1] ਸਾਥ ਬਘਿਆੜ ਕੇ,
ਥੀ ਰਹੀ ਲਰ ਭਰ ਭਾਇ[1]।
ਮੁਹਿ ਪੇਖਿ ਸੋ ਤਜ ਗਯੋ ਤਿਹ,
ਹਮ ਰਹੇ ਅਚਰਜ ਹੋਇ।
ਤਿਸ ਠਾਂਇ ਦੁਰਗ ਬਨਾਇ ਲੇਹੁ,

[1]ਸ਼ਕਤੀ ਵਾਲੀ।

[1]ਸਵਾਰ ਕੇ ਕਿਲ੍ਹਾ ਬਣਾਉ।

[1]ਅੱਚਣਚੇਤ।

[1]ਬੱਕਰੀ।

[1]ਭਲੀ ਤਰ੍ਹਾਂ।

ਨਹਿਂ ਜੀਤ ਸਾਕੈ ਕੋਇ ॥੨੦॥
ਤਬਿ ਕਹਯੋ ਜੱਸਾ ਸਿੰਘ ਨੈ,
ਯਹਿ ਕਹਿਤ ਸਿੰਘ ਜੀ ਠੀਕ।
ਬਿਨ ਕੋਟ ਖਾਈ ਓਟ ਕੈ,
ਨਹਿਂ ਜੰਗ ਹੋਵਤ ਨੀਕ।
ਜਿਮ ਸ਼ੇਰ ਭੀ ਰਹਿ ਓਟ ਬਨ ਕੀ,
ਘੁਰਾ ਰਚ ਹੈ ਫੇਰ।
ਤਿਮ ਦੁਰਗ ਬਿਨ, ਨਹਿਂ ਹੋਇ ਸੂਰਤ[1] — [1]ਸ਼ਕਲ।
ਰਾਜਧਾਨੀ ਕੇਰ ॥੨੧॥
ਪੁਨਿ ਭੂਮਿ ਯਹਿ ਸਤਿਗੁਰੂ ਕੀ,
ਹੈ ਸ਼ਿਵ-ਪੁਰੀ ਤੈ ਨੀਕ।
ਜੋ ਚਢੈਗੋ[1] ਇਸ ਠੌਰ ਸਿੱਖ, — [1]ਸ਼ਹੀਦ ਹੋਵੇਗਾ।
ਸੋ ਬਸੈ ਗੁਰ-ਪੁਰਿ ਠੀਕ।
ਔਰ ਠੌਰ ਏਹ ਅਜੀਤ ਹੈ,
ਹਮ ਸੁਨੀ ਔਰੈਂ ਸਾਖ[1]। — [1]ਉਗਾਹੀ।
ਥਾ ਕਰਯੋ ਜੱਗਯ ਅਸਮੇਧ,
ਇਸ ਹੀ ਠੌਰ ਨ੍ਰਿਪ ਇਖਵਾਕ[1] ॥੨੨॥ — [1]ਇਖਵਾਕ ਰਾਜੇ ਨੇ।
ਪੁਨ ਲਊ ਕੁੱਸੁ ਫਤੇ ਪਾਈ,
ਰਾਮ ਪਰ ਇਸ ਠੌਰ।
ਬਰਸ੍ਵਾਇ ਅੰਮ੍ਰਿਤ ਇੰਦ੍ਰ ਤੇ,
ਫਿਰ ਕਰੇ ਜ਼ਿੰਦੇ ਗੌਰ[1]। — [1]ਇੰਦ੍ਰ ਤੋਂ ਅੰਮ੍ਰਿਤ ਦੀ ਵਰਖਾ ਕਰਵਾਕੇ ਬਹੁਤੇ ਜਿਊਂਦੇ ਕੀਤੇ।
ਯਹਿ ਨਾਮ ਅੰਮ੍ਰਿਤਸਰ ਭਯੋ,
ਇਸ ਹੇਤ ਹੀ ਤੈਂ ਜਾਨ।
ਫਿਰ ਲੋਪ ਹ੍ਵੈ ਯੇਹ ਰਹੀ ਭੂਮੀ,
ਚਿਰੰਕਾਲ ਮਹਾਨ ॥੨੩॥
ਅਬਿ ਕਲੀ ਮੈਂ ਅਵਿਤਾਰ ਹ੍ਵੈ
ਗੁਰ, ਕੀਨ ਪਰਗਟ ਠੀਕ।
ਲਖਿ ਭੂਮ ਪਾਵਨ ਅਤੀ ਯੇਹ,
ਗੁਰਪੁਰੀ ਬਾਂਧੀ ਨੀਕ।
ਜੋ ਮਰੈ ਕਿਸ ਹੀ ਤੌਰ ਸੈਂ,

ਇਸ ਪੁਰੀ ਮੈਂ ਨਰ ਨਾਰਿ।
ਵਹਿ ਜਾਇ ਸਭਿ ਹੈ ਬਿਨਾ ਸੰਸੇ,
ਸੱਚ-ਖੰਡ ਮਝਾਰ ॥ ੭੪ ॥
ਪੁਨ ਰਾਮ-ਚੰਦਰ ਗਿਰਯੋ ਥਾ,
ਜਿਸ ਠੌਰ ਮੁਰਛਾ ਖਾਇ[1]।
ਤਿਸ ਠੌਰ ਤੀਰਥ ਰਾਮ-ਸਰ,
ਗੁਰ ਰਚਯੋ ਉਸ ਹੀ ਭਾਇ।
ਫਿਰ ਗੁਰੂ ਅਰਜਨ ਬੈਠ ਤਹਿਂ,
ਲਖਿ[1] ਭੂਮ ਯਹਿ ਅਤਿ ਸਾਰ[2]।
ਰਚਿ ਸੁਖਮਨੀ, ਗੁਰ ਗ੍ਰੰਥ ਜੀ ਕੀ
ਬੀੜ, ਕੀਨੀ ਤਯਾਰ ॥ ੭੫ ॥
ਅਬਿ ਇਸੀ ਠੌਰ ਜ਼ਰੂਰ ਚਹੀਏ,
ਦੁਰਗ[1] ਰਚਬੋ ਭਾਰ।
ਸੁਨਿ ਬਾਤ ਯਹਿ ਪੁਨ ਖਾਲਸਾ,
ਗਢ ਰਚਨ ਕੋ ਭਯੋ ਤਯਾਰ।
ਲਿਖਿ ਪੰਥ ਚਿੱਠੇ ਦੇਸ ਦੇਸਨ,
ਦਏ ਤੁਰਤ ਪਠਾਇ।
ਸਭਿ ਸਿੰਘ ਦੇਸ ਬਿਦੇਸ ਤੈ,
ਸੁਨਿ ਅਏ ਫੌਰਨ[1] ਧਾਇ ॥ ੭੬ ॥
ਜਬਿ ਭਯੋ ਸਭਿ ਫਿਰ ਪੰਥ ਕੱਠਾ,
ਸੁਧਾ-ਸਰ ਤਟ[1] ਆਇ।
ਜੋ ਪੂਰਿ ਮੱਟੀ ਦੁਸ਼ਟ ਲੱਖੁ,
ਦਯੋ ਥਾ ਭਰਵਾਇ[1]।

ਸੋ ਠਾਨ ਬਲ ਸਭਿ ਕੱਢਿ ਮਿੱਟੀ,
ਸਿਟੀ ਦੂਰੈ ਦੂਰ।
ਪੁਟ ਕਰਯੋ ਤਾਲ ਸਫਾਇ ਫਿਰ,
ਥਾ ਪਹਿਲ ਜੈਸ ਜ਼ਰੂਰ ॥ ੭੭ ॥
ਪੁਨ ਪੰਥ ਥਿਰਿ ਦਰਵਾਰ ਮੈਂ,
ਅਰਦਾਸ ਕੀਨੀ ਐਸ।

[1]ਬੇਹੋਸ਼ ਹੋ ਕੇ।

[1]ਜਾਣ ਕੇ। [2]ਬਹੁਤ ਸ੍ਰੇਸ਼ਟ।

[1]ਕਿਲ੍ਹਾ।

[1]ਛੇਤੀ।

[1]ਅੰਮ੍ਰਿਤਸਰ ਦੇ ਕਿਨਾਰੇ।

[1]ਜੋ (ਸਰੋਵਰ) ਲੱਖੂ ਦੁਸ਼ਟ ਨੇ ਮਿੱਟੀ (ਪੂਰਿ) ਪਾ ਕੇ ਭਰਵਾ ਦਿੱਤਾ ਸੀ।

ਸੁ ਅਚੂਕ[1] ਤ੍ਰੁਕਾਨ ਕੇ ਪ੍ਰਾਨਹਿਂ ਖੋਈ ॥੯੯॥
ਜੰਗ ਭਯੋ ਦਿਨ ਕੇਤਿਕ ਯੌਂ,
ਤਬਿ ਮਿੱਟੀ ਰੁ ਮਾਸ ਕੋ ਭੂਰ ਮਹਾਂਹੀ[1]।
ਨਾਹਿਂ ਮਰੈਂ ਇਤ ਸਿੰਘ ਕੋਊ,
ਉਤ ਤੁਰਕ ਮਰੈਂ ਬਹੁ ਰੈਨ ਦਿਨਾਹੀਂ।
ਆਖਰ ਤੁਰਕਨ ਹੋਇ ਲਚਾਰ,
ਉਤਾਰ ਦਈ ਨਿਜ ਫੌਜ ਪਿਛਾਹੀਂ।
ਘੇਰ ਰਖ੍ਯੋ ਦਿਨ ਕੇਤਿਕ ਜੌ ਗਢ,
ਭੀਤ ਰਰਸਦ ਨ ਆਵਨ ਪਾਹੀ ॥੧੦੦॥
ਸਿੰਘਨ ਕਾ ਦਿਨ ਕੇਤਿਕ ਮਾਹਿਂ,
ਨਿਖੁਟ ਜਖੀਰਾ ਗਯੋ[1] ਸਭਿ ਹੀ।
ਫਿਰ ਤੰਗ ਭਏ ਜਬਿ ਘਾਸ ਰੁ ਅੰਨ ਤੈ,
ਹੋਇ ਦੁਖੀ ਸਭਿ ਨੈਂ ਤਬਿ ਹੀ।
ਮਨਿ ਹੋਨ ਸ਼ਹੀਦ ਚਹ੍ਯੋ ਤਹਿ ਠਾਂ,
ਜਿਨ ਧਰਮ ਨ ਤ੍ਯਾਗ ਚਹ੍ਯੋ ਕਬਿ ਹੀ।
ਤਬਿ ਧਾਇ ਪਰੇ ਨਿਸ ਕੋ ਤੁਰਕਾਨ ਪੈ,
ਹੀਲ ਕੈ ਜਾਂਨ ਨਿਜੰ ਸਭਿ ਹੀ[1] ॥੧੦੧॥
ਕਾਰੀ ਨਿਸਾ ਤਮਵਾਰੀ ਮਹਾਂ[1],
ਤਬਿ ਆਪਨ ਔ ਪਰ ਕਾ ਨ ਦਿਖਾਏ।
ਮੁੱਸਲਮਾਨ ਉਠੇ ਘਬਰਾਇ,
ਮਰੇ ਲੜਿ ਆਪਸ ਮੈਂ ਬਹੁਤਾਏ।
ਮੇਖ ਸੁ ਜੀਨ[1] ਲੁਟ੍ਯੋ ਤਬਿ ਸਿੰਘਨ,
ਤੁਰਕਨ ਕਾ ਬਹੁ ਭਾਂਤਿ ਤਦਾਏ।
ਚਾੜ੍ਹ ਮਤਾਬ[1] ਦਏ ਜਬਿ ਤੁਰਕਨ,
ਸਿੰਘ ਧਸੇ ਮਧ ਦੁਰਗ ਕੇ[1] ਆਏ ॥੧੦੨॥

ਦੋਹਰਾ:

ਕਈ ਬਾਰ ਯੌਂ ਸਿੰਘ ਤਬਿ,
ਪਰੇ ਤ੍ਰੁਕਨ ਪਰ ਧਾਇ।
ਲੂਟ ਮਾਰ ਕਰਿ ਨਿਸਾ ਕੋ,

[1]ਜੋ ਨਿਸ਼ਾਨੇ ਤੋਂ ਨਾ ਚੁੱਕੇ।

[1]ਮਿੱਟੀ ਤੇ ਮਾਸ ਦਾ ਬਹੁਤ ਜ਼ਿਆਦਾ ਜੰਗ ਹੋਇਆ।

[1]ਅੰਨ ਦਾ ਭੰਡਾਰ ਮੁੱਕ ਗਿਆ।

[1]ਸਾਰੇ ਆਪਣੀਆਂ ਜਾਨਾਂ ਨੂੰ (ਹੀਲ ਕੈ) ਖ਼ਤਰੇ ਵਿੱਚ ਪਾ ਕੇ।

[1]ਬਹੁਤੇ ਅਨ੍ਹੇਰੇ ਵਾਲੀ ਕਾਲੀ ਰਾਤ।

[1]ਮੇਗਜ਼ੀਨ-ਗੋਲੀਆਂ ਤੇ ਬਾਰੂਦ ਆਦਿ ਦਾ ਗੋਦਾਮ।

[1]ਗੰਧਕ ਆਦਿ ਪਦਾਰਥ ਮਿਲਾ ਕੇ ਬਣਾਈ ਬੱਤੀ ਜਿਸ ਦਾ ਚੰਦ ਜਿਹਾ ਚਾਨਣ ਹੁੰਦਾ ਹੈ।

[1]ਕਿਲ੍ਹੇ ਦੇ ਵਿੱਚ।

ਪੈ ਤਕਰਾਈ ਕੀਨੀ ਐਸੇ।
ਰਸਦ ਕਿਲੇ ਮੱਧ ਜਾਇ ਨ ਜੈਸੇ ॥੧੧੫॥
ਨਿਕਸ ਕਿਲੇ ਤੈ ਸਿੰਘ ਅਬੈ ਹੀ।
ਹੋਵਨ ਚਹਿਤ ਸ਼ਹੀਦ ਸਭੈ ਹੀ।
ਯਹੀ ਬਾਤ ਤੁਰਕੀ ਦਲ ਸੁਨ ਕੈ।
ਲਗੇ ਕਹਨ ਮਿਲਿ ਮਿਲਿ ਸਿਰ ਧੁਨ ਕੈ[1] ॥੧੧੬॥
ਇਕ ਇਕ ਸਿੰਘ ਮਾਰਿ ਦਸ ਦਸ ਕੋ।
ਮਰਹੈਂ ਲੈਂਹ ਸ਼ਹੀਦੀ ਜਸ ਕੋ।
ਕੋਊ ਕਹੈਂ ਯਹਿ ਨਾਹਿਂ ਮੁਕੈ ਹੈਂ।
ਮਾਰਿ ਕੁਟਿ ਕਿਤ ਦਿਸ ਭਜ ਜੈਹੈਂ ॥੧੧੭॥
ਆਇ ਸੰਮੁਖ ਜਬਿ ਸਿੰਘ ਪਰੈਂਗੇ।
ਤਿਨ ਆਗੇ ਕਹੁ ਕੌਨ ਅਰੈਂਗੇ।
ਹੜ੍ਹ ਕਾ ਜਲ ਦਰਜਾਵ-ਚੜ੍ਹਾਵੈ[1]।
ਡੌਂ ਕੀ ਅਗਨਿ ਚਹੋ ਰੁਕ ਜਾਵੈ[1] ॥੧੧੮॥
ਪੈ ਸਿੰਘਨ ਕਾ ਹੱਲਾ ਜੌਨ।
ਰੋਕਨ ਵਾਲਾ ਜੰਮਜੋਂ ਕੌਨ।
ਯੌਂ ਇਤ ਤੁਰਕ ਸਿੰਘਨ ਤੈ ਡਰਹੀਂ।
ਸਿੰਘ ਭੀ ਉਤ ਅਰਦਾਸੇ ਕਰਹੀਂ ॥੧੧੯॥
ਚਹੈਂ ਗੁਰੂ ਤੈ ਬੰਦ-ਖਲਾਸ[1]।
ਭੂਖੇ ਮਰੈਂ ਭਯੋ ਬਲ ਨਾਸ ॥੧੨੦॥

ਦੋਹਰਾ:

ਅਰਜ਼ ਪੰਥ ਕੀ ਸੁਨੀ ਤਬਿ,
ਆਪ ਗੁਰੂ ਕਰਤਾਰ।
ਪੰਥ ਬਚਾਵਨ ਹੇਤ ਭਲ,
ਦਈ ਬਜੋਂਤ ਰਚ ਸਾਰ[1] ॥੧੨੧॥

ਚੌਪਈ:

ਚੜ੍ਹਿ ਕਾਬਲ ਤੈ ਸ਼ਾਹਿ-ਨਿਵਾਜ।
ਆਯੋ ਲੈ ਨਿਜ ਮੱਦਦ ਸਾਜ[1]।
ਪਹੁੰਚਯੋ ਜਬੈ ਗਿਰਦ ਮੁਲਤਾਨ।

[1]ਸਿਰ ਹਿਲਾ ਕੇ।
[1]ਹੜ੍ਹ ਦਾ ਪਾਣੀ ਜਾਂ ਦਰਿਆ ਦਾ ਚੜ੍ਹਾ ਆ ਜਾਵੇ।
[1]ਜੰਗਲ ਦੀ ਅੱਗ ਇਹ (ਤਿੰਨੇ) ਤਾਂ ਭਾਵੇਂ ਰੁਕ ਜਾਣ।
[1]ਛੁਟਕਾਰਾ।
[1]ਸ੍ਰੇਸ਼ਟ।
[1]ਮਦਦ ਤੇ ਸਾਮਾਨ।

ਨਿਜ ਲਰੇ ਬਲ ਲਹੁ ਲਾਇ।
ਜਬਿ ਮਾਰ ਗਿਲਜਜੋਂ ਨੈ, ਦਏ
ਮੁਖ ਮੋੜ ਇਨ ਕੇ ਪੈਰ।
ਫਿਰ ਮਿਲਜੋ ਦੀਨਾ ਬੇਗ, ਸ਼ਾਹਿ
ਨਿਵਾਜ਼ ਸੋਂ ਤਜਿ ਬੈਰ ॥੧੪੦॥
ਤਬਿ ਪਿਖਜੋ ਕੌੜਾ-ਮੱਲ ਨੈਂ,
ਯਹਿ ਤੁਰਕ ਹੂਏ ਏਕ।
ਫਿਰ ਧਾਇ ਕੌੜਾ ਮਲ ਨੈ,
ਆ ਗਹੀ ਸਿੰਘਨ ਟੇਕ।
ਛਕਿ ਫੀਮ ਸੁੱਖਾ* ਸਿੰਘ ਸਭਿ,

*ਦੇਖੋ ਪੂਰਬਾਰਧ ਦੇ ਬਿਸ੍ਰਾਮ ਨੰ. ੧੨ ਦੇ ਅੰਕ ਨੰ. ੧੨੫ ਤੇ * ਨਿਸ਼ਾਨ ਦੀ ਪੈਰ ਟੂਕ।

ਵਡ ਦੁੰਦਬੀ[1] ਵਜਵਾਇ।
ਚੜ੍ਹਿ ਸੰਗ ਕੌੜਾ ਮਲ ਕੇ,
ਭਲ ਭਿਰੇ ਸਨਮੁਖ ਜਾਇ ॥੧੪੧॥

[1]ਧੌਂਸੇ।

ਭੁਯੰਗ ਪ੍ਰਯਾਤ ਛੰਦ:

ਭਿਰੇ ਜਾਇ ਆਛੇ, ਮਹਾਂਬੀਰ ਬੰਕੇ[1]।
ਭਏ ਹੱਥ ਵੱਥੰ, ਜਰਾ ਨਾਹਿਂ ਸ਼ੰਕੇ[1]।
ਕੜਾ ਕਾੜਾ ਮਾਰੈਂ, ਘਨੇ ਰਾਮਜੰਗੇ[1]।
ਦੜਾ ਦਾੜ ਗੇਰੈਂ, ਕਰੈਂ ਅੰਗ ਭੰਗੇ ॥੧੪੨॥
ਸੜਾ ਸਾੜ ਤੀਰਾਨ ਕੇ ਝੁੰਡ ਚਾਲੈਂ।
ਫਿਰੈਂ ਪ੍ਰਾਨ ਲੇਤੇ, ਮਨੋ ਨਾਗ ਕਾਲੈਂ।
ਕਹੂੰ ਮਾਰ ਕੈ ਸੈਹਥੀ[1] ਪਾਰ ਕੱਢੈਂ।
ਜਲੰ ਮੰਗਣੇ ਜੋਗ, ਨਾ ਤਾਂਹਿ ਛੱਡੈਂ ॥੧੪੩॥
ਘਨੇ ਘਾਇ ਸੁੱਟੇ, ਕਰੰਵਾਰ ਸੰਗੇ[1]।
ਭਏ ਲਾਲ ਬਾਗੇ, ਭਿਗੇ ਸ੍ਰੌਨਰੰਗੇ[1]।
ਰਸੰ ਬੀਰ ਛਾਕੇ[1], ਭਿਰੈਂ ਸਿੰਘ ਸੂਰੇ।
ਮਹਾਂ ਮੋਦ ਮੱਤੇ, ਚਹੈਂ ਜੀਤ ਰੂਰੇ[1] ॥੧੪੪॥
ਕਰਾਚੋਲ[1] ਬਾਹੈਂ, ਅੱਧਾ ਅੱਧ ਲਾਹੈਂ।
ਸਿਰੰ ਜ੍ਵਾਨ ਕੋ ਕੱਟਿ, ਕੈਕਾਨ[1] ਢਾਹੈਂ।
ਦਬਜੋ ਸੂਰ ਨੂਰੰ, ਭਈ ਧੂਰ ਧਾਰਾ[1]।

[1]ਬਹੁਤੇ ਸੁੰਦਰ ਸੂਰਮੇਂ।
[1]ਹੱਥੋ-ਪਾਈ ਹੋ ਪਏ ਜ਼ਰਾ ਵੀ ਨਹੀਂ ਡਰੇ।
[1]ਬੰਦੂਕਾਂ।
[1]ਬਰਛੀ।
[1]ਤਲਵਾਰਾਂ ਨਾਲ ਬਹੁਤੇ ਜ਼ਖ਼ਮੀਂ ਕਰ ਸੁੱਟੇ।
[1]ਲਹੂ ਦੇਰੰਗ ਨਾਲ ਭਿੱਜ ਕੇ ਪੁਸ਼ਾਕੇ ਲਾਲ ਹੋ ਗਏ।
[1]ਬੀਰ-ਰਸ ਨਾਲ ਭਰੇ ਹੋਏ।
[1]ਸੁੰਦਰ ਜਿੱਤ।
[1]ਤਲਵਾਰ।
[1]ਘੋੜੇ ਨੂੰ।
[1](ਧਾਰਾ) ਬਹੁਤੀ ਧੂੜ ਹੋ ਗਈ ਜਿਸ ਕਰ ਕੇ ਸੂਰਜ ਦਾ

ਏਕ ਬਾਤ ਪਾਇ ਤਰੇ ਫੀਲ ਕੇ ਤੁੜਾਤ ਹੈ[1]।
ਬਾਤਨ ਸੋਂ ਬਸੀਕਾਰ ਮੰਤ੍ਰ ਜੰਤ੍ਰ ਤੰਤ੍ਰ ਜਗ[1],
ਬਾਤ ਕਰਿ ਜਾਨੇ ਤਬਿ ਬਾਤ ਕਰਾਮਾਤ ਹੈ ॥ ੬੫ ॥

[1]ਹਾਥੀ ਦੇ (ਪੈਰਾਂ) ਹੇਠ ਤੁੜਾਏ ਜਾਂਦੇ ਹਨ।

[1]ਜਗਤ ਵਿੱਚ ਵਸ ਕਰਨ ਵਾਲੇ ਮੰਤ੍ਰ, ਜੰਤ੍ਰ ਤੇ ਤੰਤ੍ਰ ਗੱਲਾਂ ਨਾਲ ਹੀ ਹਨ।

ਦੋਹਰਾ:
ਬਾਤ ਚੁਕਨ ਤੈ ਘਾਤ ਭੌ,
ਯਦੀ ਗੰਗ ਕਵਿ ਆਪ।
ਵਹਿ ਫਿਰ ਪਾਪ ਸ੍ਰਾਪ ਜਯੋਂ,
ਭਯੋ ਵਜੀਰਹਿਂ ਬਾਪ[1] ॥ ੬੬ ॥

[1]ਉਹ ਪਾਪ ਦਾ ਸਰਾਪ ਵਜ਼ੀਰ ਦਾ ਪਿਉ ਹੋ ਕੇ ਮਿਲਿਆ ਭਾਵ ਵਜ਼ੀਰ ਦੁਖੀ ਹੋਇਆ।

ਜਬਿ ਤੈ ਹਿੰਦੁਸਤਾਨ ਤੈ,
ਗਾਜ਼ੀ-ਦੀਨ ਵਜ਼ੀਰ।
ਦਏ ਦੁਰਾਨੀ ਦੂਰ ਕਰਿ,
ਭਏ ਪਠਾਨ ਤਗੀਰ[1] ॥ ੬੭ ॥

[1]ਦੁਖੀ।

ਦਿਲ ਤੈ ਉਨ ਕੇ, ਲਾਗ ਕੀ,
ਆਗ ਰਹੀ ਥੀ ਲਾਗ[1]।
ਜੁਰਮ ਸਮੀਰ ਬਜੀਰ ਕੇ,
ਪਈ ਅਖੀਰੈਂ ਜਾਗ[1] ॥ ੬੮ ॥

[1]ਦੁਸ਼ਮਣੀ ਦੀ ਅੱਗ ਲੱਗ ਰਹੀ ਸੀ।

[1]ਵਜ਼ੀਰ ਦੇ ਜ਼ੁਲਮਾਂ ਰੂਪ ਹਵਾ ਨਾਲ ਅੰਤ ਨੂੰ ਬਲ ਪਈ।

ਖਾਨ ਨਜੀਬ ਪਠਾਨ ਜੋ,
ਹੁਤੋ ਰੁਹੇਲਾ[1] ਬੀਰ।
ਗਢ-ਨਜੀਬ ਮੈ ਤਾਂਹਿ ਕੋ,
ਘੇਰਯੋ ਜਾਇ ਵਜੀਰ ॥ ੬੯ ॥

[1]ਖ਼ੈਬਰ ਦੇ ਪਠਾਣਾਂ ਦੀ ਇਕ ਜ਼ਾਤੀ।

ਲਲਿਤ ਪਦ ਛੰਦ:
ਹ੍ਵੈ ਕਰਿ ਦੁਖੀ ਨਜੀਬ ਖਾਨ ਅਤਿ,
ਨਿਜ ਮੱਦਦ ਹਿਤ ਤਬਿ ਹੀ।
ਫੌਰਨ ਕਾਬਲੇਸ ਬੁਲਵਾਯੋ,
ਭੇਤ ਪਠਯੋ ਲਿਖਿ ਸਭਿ ਹੀ।
ਟਕਾ ਬੀਸ ਲਖ ਖਰਚ ਸਫਰ ਕਾ,
ਦੈਨਾ ਕੀਨੋ ਤਾਂਹੀਂ।
ਯਾਂ ਤੈ ਅਹਿਮਦ ਸ਼ਾਹਿ ਦੁਰਾਨੀ,

ਨੇਸਤ[1] ਕਰ ਸਿੰਘਨ ਕੋ ਚਾਹੈ ॥੯੩॥ — [1]ਨਾਸ਼।
ਸਿਪਹਿ ਸਾਲਾਰ[1] ਜਹਾਨ-ਖਾਨ ਕੋ। — [1]ਸੈਨਾਪਤੀ।
ਪਠਜੋ ਸੈਨ ਦੈ ਸਿੰਘਨ ਹਾਨਿ ਕੋ[1]। — [1]ਨਾਸ਼ ਕਰਨ ਨੂੰ।
ਕਈ ਠੌਰ ਸਰਦਾਰ ਦੁਰਾਨੀ।
ਲਗੇ ਫਿਰਨ ਲੈ ਫੌਜ ਮਹਾਂਨੀ ॥੯੪॥
ਫਿਰੈਂ ਸਿੰਘ ਸਭਿ ਆਗੇ ਭਾਗੇ।
ਗਿਲਜੇ ਫਿਰੈਂ ਪਿਛਾਰੀ ਲਾਗੇ।
ਜਿਸ ਜਿਸ ਝੱਲ ਮਾਂਹਿ ਸਿੰਘ ਧਸੈਂ।
ਗਿਲਜੇ ਜਾਇ ਤਹਾਂ ਹੀਂ ਗ੍ਰਸੈਂ ॥੯੫॥
ਕਈ ਬਾਰ ਹ੍ਵੈ ਸਨਮੁਖ ਲਰੇ।
ਮਾਰ ਘਨੇ ਸੱਤ੍ਰਨ ਕੋ ਮਰੇ।
ਤੌ ਭੀ ਕਹੂੰ ਨ ਟਿਕਨੇ ਪਾਏ।
ਆਖਰ ਛੋਰਿ ਪੰਜਾਬ ਸਿਧਾਏ ॥੯੬॥
ਕਿਤਿਕ ਮਾਲਵੇ ਕਿਤਿਕ ਪਹਾਰਨਿ।
ਇਤ ਉਤ ਧਸੇ ਸਿੰਘ ਸਭਿ ਝਾਰਨਿ।
ਧਾਮ ਗਰਾਮ ਸਿੰਘਨ ਕੇ ਲੂਟੇ।
ਪਕਰੇ ਗਏ ਜੁ ਸੋ ਨਹਿਂ ਛੂਟੇ ॥੯੭॥

ਦੋਹਰਾ:

ਹਾਠੂ ਸਿੰਘ ਲੌ ਸਿੰਘ ਤਬਿ,
ਦਸਕ ਬੀਰ ਵਡ ਭਾਰ।
ਪਕਰੇ ਆਏ ਸ਼ਾਹਿ ਢਿਗ,
ਸੁਨੋ ਗਾਥ ਤਿਨ ਸਾਰਿ[1] ॥੯੮॥ — [1]ਸਾਰੀ।

ਚੌਪਈ:

ਸਿਦਕੀ ਸਿੱਖ ਹੁਤੇ ਵਹਿ ਸੂਰੇ।
ਹਠੀ ਤਪੀ ਜਤ ਸਤ ਮੈਂ ਪੂਰੇ।
ਜਬਿ ਸ਼ਹਿ ਕੇ ਸਨਮੁਖ ਵਹਿ ਆਏ।
ਕਹਜੋ ਸ਼ਾਹਿ ਤੁਮ ਕੌਨ ਕਹਾਏ[1] ॥੯੯॥ — [1](ਆਪਣੇ ਆਪ ਨੂੰ) ਕੀ ਅਖਵਾਉਂਦੇ ਹੋ।
ਹਮ ਹੈਂ ਸਿੰਘ ਹਾਠੂ ਸਿੰਘ ਗਾਯੋ।
ਸ਼ਾਹਿ ਕਹਜੋ ਤੁਮ ਕੂਰ ਅਲਾਯੋ।
ਜੇ ਤੁਮ ਸਾਚੇ ਸਿੰਘ[1] ਸਦੈ ਹੈਂ। — [1]ਸ਼ੇਰ।

ਛੋਡੀ ਇੱਜ਼ਤ ਸਤਰ[1] ਨ ਕਾਹੂੰ ॥੧੮॥
ਲੋਗਨ ਕੀ ਕਿਛੁ ਪੇਸ਼ ਨ ਜਾਈ।
ਹਾਕਮ ਬਲੀ ਦੁਸ਼ਟ ਅੱਨਜਾਈ।
ਜਬਿ ਦੁਰਾਨੀਓਂ ਬਹੁ ਦੁਖ ਦਯੋ।
ਮੁਲਕ ਫੰਟ[1] ਉਨ ਤੈ ਸਭਿ ਭਯੋ ॥੧੯॥
ਮਿਲਿ ਸਿੱਖਨ ਸੋਂ ਤੁਰਕੈਂ ਲੂਟੈਂ।
ਦੈ ਦੈ ਤੁਹਮਤ[1] ਫਰਿ ਫਰਿ ਕੂਟੈਂ।
ਜੋ ਸਿੱਖਣੀਆਂ ਤੁਰਕਨ ਫਰੀਆਂ।
ਅਬਿ ਸੁਨ ਉਨ ਕੀ ਬਾਤੈਂ ਖਰੀਆਂ ॥੨੦॥
ਵਹਿ ਨਹਿਂ ਭਈ ਤੁਰਕਨੀ ਕਾਈ।
ਰਹੇ ਤੁਰਕ ਸਭਿ ਬਿਧਿ ਬਲ ਲਾਈ।
ਜਬਰਨ ਜਬਿ ਉਨ ਪਰ ਹਥ ਘਾਲੈਂ[1]।
ਤਬਿ ਵਹਿ ਮਾਰਨ ਮਰਨ ਸੰਭਾਲੈਂ ॥੨੧॥
ਬਲਿਕੈ ਐਸੇ ਕਰੇ ਜੁਵਾਬੈਂ।
ਲਾ-ਜਵਾਬ[1] ਹ੍ਵੈ ਤੁਰਕ ਖਰਾਬੈਂ।
ਜੈਨ ਖਾਨ ਜਬਿ ਕਹਜੋ ਸੁਨਾਈ।
ਬਨੋ ਤੁਰਕਣੀ ਲਿਹੁ ਸੁਖ ਪਾਈ ॥੨੨॥
ਦੁਹੂੰ ਲੋਕ ਤੈ ਹ੍ਵੈ ਛੁਟਕਾਰਾ।
ਮਿਟੈ ਹਮੇਸ਼ੀ ਕਸ਼ਟ ਤੁਮਾਰਾ।
ਜੋ ਉੱਤਰ ਸਿੱਖਣੀਆਂ ਦੀਨੇ।
ਸੁਨੋ ਕੁਛਕ ਗੁਰੁ-ਸਿੱਖ ਪ੍ਰਬੀਨੇ ॥੨੩॥
ਭਾਖਜੋ ਸਿੱਖਣੀਆਂ ਸੁਣ ਜੈਨੇ।
ਬੇਮੁਰਸ਼ਦ[1] ਬੇ-ਅਦਲੀ ਐਨੇ[2]।
ਬੇਸ਼ਕ ਜਾਨਾਂ ਦੈਂਹੈਂ ਅਬਿ-ਹੀ।
ਤੁਰਕਣੀਆਂ ਨਹਿਂ ਥੈਹੈਂ ਕਬਿ-ਹੀ ॥੨੪॥
ਅਹੋ ਬਿਦਰਦ ਮਰਦ ਮਰਦੂਦੈਂ[1]।
ਜਾਹਲ[1] ਜ਼ਾਲਮ ਮਹਾਂ ਗਦੂਦੈਂ[2]।
ਬਾਲਕ ਬਿਰਧ ਨਾਰਿ ਪਰ ਕਾਂਹੀਂ।
ਕਬੀ ਜੁਰਮ ਕੀਨੇ ਵਡ ਨਾਂਹੀਂ ॥੨੫॥
ਬੈਰ ਮਰਦ ਕਾ ਮਰਦਨ ਸੰਗੈਂ।

[1]ਪੜਦਾ।

[1]ਬੇ-ਕਾਬੂ (ਅ) ਵਿਰੁਧ।

[1]ਊਜ, ਇਲਜ਼ਾਮ, ਦੋਸ਼।

[1]ਪਾਉਂਦੇ ਹਨ।

[1]ਜਿਸ ਨੂੰ ਜਵਾਬ ਨਾ ਆਵੇ।

[1]ਬੇ-ਪੀਰਾ। [2]ਬੇਇਨਸਾਫ਼ੀ ਦੇ ਘਰ।

[1]ਕਾਇਰ।

[1]ਮੂਰਖ। [2]ਫੋੜੇ ਵਾਂਗ ਦੁਖਦਾਈ।

ਮਾਰ ਮਾਰ ਸੱਤਰੂ ਨਿਬੇਰਤੇ ਅਨੇਕ ਹੈਂ ॥੫੭॥
ਸ੍ਵੈਯਾ:
ਥਾਕ ਤੁਰੰਗ[1] ਗਯੋ ਤਬਿ ਹੀ, [1]ਘੋੜਾ।
ਇਤ ਤੈ ਉਤ ਦੌਰ ਫਿਰਯੋ ਬਹੁਤੇਰੋ।
ਚਾਬਕ ਮਾਰ ਰਹਯੋ ਸਰਦਾਰ,
ਚਲੈ ਨ ਤੁਰੰਗ ਸ਼ਿਤਾਬ[1] ਅਗੇਰੋ। [1]ਛੇਤੀ।
ਗੁਰਮੁਖਿ ਸਿੰਘ ਹੁਤੋ ਇਕ ਸੇਵਕ,
ਸੰਗ ਤਹਾਂ ਸਰਦਾਰਹਿੰ ਕੇਰੋ।
ਤਾਂਹਿ ਤੁਰੰਗ ਤਈਂ ਜਬਿ ਚਾਬਕ
ਲਾਯੋ, ਤਬੈ ਸਿੰਘ ਜੀ ਇਮ ਟੇਰੋ[1] ॥੫੮॥ [1]ਕਿਹਾ।
ਤੂੰ ਨਹਿੰ ਮਾਰ ਤੁਰੰਗ ਤਈਂ,
ਪਿਖ ਕੈ ਸਭਿ ਸਿੰਘ ਕਰੈਂ ਮੁਹਿ ਠੱਠਾ।
ਖਾਇ ਕੈ ਖੌਫ ਜੱਸਾ ਸਿੰਘ ਜੰਗ ਤੈ,
ਅੱਸ੍ਵ ਨਿਜੰ ਕੁਟਵਾਇ ਕੈ ਨੱਠਾ।
ਪੰਥ ਕਹੈ ਪਤਿਸ਼ਾਹਿ ਮੁਝੈ ਅਬਿ,
ਤੂੰ ਚਹਿੰ ਗੀਦੀ ਕਹਾਵਨ ਸੱਠਾ[1]। [1]ਮੂਰਖ।
ਜੀਵਣ ਤੈ ਮਰਣਾ ਭਲ ਹੈ ਤਿਸ,
ਗੀਦੀ ਕਹੈ ਜਿਸ ਪੰਥ ਇਕੱਠਾ ॥੫੯॥
ਗੁਰਮੁਖਿ ਸਿੰਘ ਨੈ ਆਪਨੈ ਅੱਸ੍ਵ ਪੈ,
ਫੇਰ ਸ੍ਰਦਾਰ ਚਢਾਇ ਲਯੋ ਹੈ।
ਆਗੇ ਚਲੇ ਲਰਤੇ ਤੁਰਕਾਨ ਸੋਂ,
ਆਨ ਮਹਾਂ ਪੁਨ ਜੰਗ ਪਯੋ ਹੈ।
ਤਾਂਹੀਂ ਸਮੇਂ ਚੜ੍ਹ ਸਿੰਘ ਸ੍ਰਦਾਰ ਕੋ,
ਯਾ ਬਿਧਿ ਕਾਹੂੰ ਨੈ ਆਨਿ ਕਹਯੋ ਹੈ।
ਤੂੰ ਕਹਿਤੋ ਹੁਤੋ, ਅਹਿਮਦ-ਸ਼ਾਹਿ ਸੋਂ
ਮੈਂ ਲਰਹੋਂ, ਅਬਿ ਕਾਹਿ ਭਯੋ ਹੈ ॥੬੦॥
ਭੁਜੰਗ ਪ੍ਰਯਾਤ ਛੰਦ:
ਸੁਨੀ ਬਾਤ ਜੌ, ਯੌਂ ਕਿਸੀ ਤੈ ਨਜੀਕੌਂ[1]। [1]ਨੇੜਿਓਂ।
ਗਈ ਖਾਇ ਬੋਲੀ, ਤਬੈ ਸਿੰਘ ਜੀ ਕੌਂ।
ਤਬੈ ਛੋੜਿ ਘੋੜਾ, ਚੜ੍ਹੰ ਸਿੰਘ ਧਾਯੋ।

| | |
|---|---|
| ਢੁਕਯੋ ਖਾਨ ਬੋਲਿੰਦ ਕੇ ਤੀਰ ਜਾਯੋ[1] ॥੮੨॥ | [1]ਬੁਲੰਦ ਖ਼ਾਨ ਕੋਲ ਜਾ ਪੁੱਜਿਆ। |
| ਧਰੀ ਵੀਚ ਛਾਤੀ, ਪਰੀ ਪਾਰ ਘਾਈ[1]। | [1]ਜ਼ਖ਼ਮੀਂ ਕਰਕੇ। |
| ਮਨੋ ਸੂਲ[1] ਸੂਲੀ[2], ਤ੍ਰਿਪੁਰ ਪੈ[3] ਚਲਾਈ। | [1]ਤ੍ਰਿਸੂਲ। [2]ਸ਼ਿਵ ਜੀ ਨੇ। [3]ਤ੍ਰਿਪੁਰ ਨਾਮ ਦੇ ਦੈਂਤ ਉੱਪਰ। |
| ਜੱਸਾ ਸਿੰਘ ਨੈ, ਤੱਕ ਕੈ ਤੀਰ ਮਾਰਜੋ। | |
| ਤਬੈ ਖਾਨ ਜਾਹਾਨ ਕੋ, ਭੂਮਿ ਡਾਰਜੋ ॥੮੩॥ | |
| ਪੁਨਾ ਰਾਮਗੜ੍ਹੀਆ ਜੱਸਾ ਸਿੰਘ ਕੋਪਜੋ। | |
| ਢਿਗੈਂ ਜਾਇ ਜੈਨੇ, ਤਿਨੈਂ ਪਾਉਂ ਰੋਪਜੋ[1]। | [1]ਪੈਰਰੋਕਿਆ ਭਾਵ ਸ਼ਿਸਤ ਬੰਨ੍ਹੀ। |
| ਕਰਜੋ ਘਾਇਲੈ[1], ਕੈਬਰੈਂ ਸੰਗ[2] ਸੋਈ। | [1]ਜ਼ਖਮੀਂ। [2]ਤੀਰਾਂ ਨਾਲ। |
| ਗਯੋ ਦੌਰ ਜੈਨਾ, ਨਿਜੈਂ ਅੰਗ ਖੋਈ ॥੮੪॥ | |
| ਇਤੈ ਸ਼ਜਾਮ ਸਿੰਘੰ, ਕੁਪਜੋ ਯੌਂ ਬਿਦਾਰੈ[1]। | [1]ਮਾਰ ਕੇ ਨਾਸ਼ ਕਰਦਾ ਹੈ। |
| ਜਿਮੈਂ ਮੱਤ ਦੰਤੀ, ਬਨੈ ਕੇਲ ਪਾਰੈ[1]। | [1]ਜਿਵੇਂ ਮਸਤ ਹਾਥੀ ਕੇਲਿਆਂ ਦਾ ਬਗੀਚਾ ਪੁੱਟ ਸੁੱਟਦਾ ਹੈ। |
| ਕਰਜੋ ਪੰਥ ਤੁਕਾਨ ਪੈ, ਯੌਂ ਉਠਾਨੋ[1]। | [1]ਹੱਲਾ। |
| ਗਜੰ ਪੁੰਜ ਪੈ, ਕੇਸਰੀ ਜੈਸ ਜਾਨੋ[1] ॥੮੫॥ | [1]ਜਾਣੋ ਜਿਵੇਂ ਬਹੁਤੇ ਹਾਥੀਆਂ ਤੇ ਸ਼ੇਰ (ਪੈਂਦਾ ਹੈ)। |
| ਭਿਰੈਂ ਰੋਹ ਮੱਤੇ[1], ਸਭੈ ਸਿੰਘ ਐਨੰ[2]। | [1]ਗ਼ੁੱਸੇ 'ਚ ਮਸਤ। [2]ਚੰਗੀ ਤਰ੍ਹਾਂ। |
| ਚਢਜੋ ਭਾਲ[1] ਨੂਰੰ, ਭਏ ਲਾਲ ਨੈਨੰ। | [1]ਮੱਥੇ 'ਤੇ। |
| ਫਿਰੈਂ ਤੇਜ ਤੱਤੇ, ਗੁਰੂ ਕੇ ਸੁ ਲਾਲੰ[1]। | [1]ਸੁਪੁੱਤ੍ਰ। |
| ਮਨੋ ਲਾਟ ਪੁੰਜੰ, ਦਵਾਨਲ ਜਵਾਲੰ[1] ॥੮੬॥ | [1]ਜਾਣੋ ਡਉਂ-ਅਗਨੀ ਦੀ ਅੱਗ ਦੀਆਂ ਸਮੂੰਹ ਲਾਟਾਂ ਹਨ। |
| ਕਢੈਂ ਤੇਗ ਤੀਖੀ, ਛਮਾ ਛੰਮ ਝਾਰੈਂ[1]। | [1]ਜਦੋਂ (ਝਾਰੈਂ) ਮਾਰਦੇ ਹਨ ਤਾਂ ਛਮ ਛਮ ਸ਼ਬਦ ਹੁੰਦਾ ਹੈ। |
| ਦਿਪੈ ਦਾਮਨੀ ਜਯੋਂ, ਘਨੰ ਕੈ ਮਝਾਰੈਂ[1]। | [1]ਬੱਦਲਾਂ ਦੇ ਵਿੱਚ ਚਮਕਦੀ ਬਿਜਲੀ ਵਾਂਗ (ਤਲਵਾਰ) ਚਮਕਦੀ ਹੈ। |
| ਨਟਾਂ ਵਾਂਗ ਦੈਹੈਂ, ਕਿਲੰਕਾਰ ਛਾਲੀ[1]। | [1]ਕਿਲਕਾਰੀਆਂ ਤੇ ਛਾਲਾਂ। |
| ਮਹਾਂ ਬੀਰ ਬਾਂਕੇ, ਬਡੇ ਜੇ ਅਕਾਲੀ ॥੮੭॥ | |
| ਜਰਾ ਨਾ ਕਰੱਕੈਂ[1], ਕੜਾ ਕਾੜ ਕੱਟੈਂ। | [1]ਕਿਰਕ (ਗਿਲਾਨੀ) ਨਹੀਂ ਕਰਦੇ। |
| ਜਿਮੈਂ ਬਾਢ ਬਾਢੀ[1], ਦੜਾ ਦਾੜ ਸੁੱਟੈਂ। | [1]ਜਿਵੇਂ ਤਰਖਾਣ ਵੱਢ ਵੱਢ ਕੇ। |
| ਪਟੇ-ਬਾਜ ਜਯੋਂ[1], ਕੱਟ ਕੈ ਝੱਟ-ਪਟੈਂ। | [1]ਗੱਤਕੇ ਬਾਜ ਵਾਂਗ। |
| ਮਹਾਂ ਮੱਦ ਮਾਤੇ, ਕਰੈਂ ਨਾਦ ਅੱਟੈਂ[1] ॥੮੮॥ | [1]ਬਹੁਤ ਅਨੰਦ 'ਚ ਮਸਤ (ਅਟੈਂ) ਉੱਚੀ ਸੁਰ ਨਾਲ ਸ਼ਬਦ ਕਰਦੇ ਹਨ। |
| ਕਹੂੰ ਹਾਥ ਕੱਟੇ, ਭੁਜਾ ਸੱਥਲਾਯੰ। | |
| ਪਰੇ, ਮੀਨ ਮਾਨੋ ਘਨੇ ਤੂੱਫਲਾਯੰ[1]। | [1]ਕਿਤੇ ਹੱਥ, ਬਾਹਾਂ ਤੇ ਪੱਟ ਕੱਟੇ ਪਏ (ਐਉਂ ਲੱਗਦੇ ਹਨ) ਜਾਣੋ ਬਹੁਤੀਆਂ ਮੱਛੀਆਂ ਤੜਫ ਰਹੀਆਂ ਹਨ। |

ਵਾਕ ਜਾਨੋ ਠੀਕ ਹੀ।
ਜਬਿ ਲਗੇ ਥੇ ਨਿਉਂ ਧਰਨ,
ਮੀਆਂ ਮੀਰ ਆਯੋ ਥਾ ਤਹੀਂ।
ਤਿਸ ਸੰਗ ਸ਼ਾਹ ਹੁਸੈਨ ਛੱਜੂ
ਭਗਤ ਸੇ ਜਨ ਥੇ ਅਏ।
ਗੁਰੁ ਜਾਨ ਮੀਆਂ-ਮੀਰ ਕੋ,
ਬਡ ਪੀਰ ਤੁਰਕੋਂ ਕਾ ਹਏ ॥ ੯੨ ॥
ਕਰਿ ਸਮੇਂ ਸਾਜੀ[1] ਦੂਰ ਬੀਨੀ[2],
ਗੁਰੂ ਜੀ ਤਬਿ ਤਾਂਹਿ ਤੈ।
ਤਬਿ ਨਿਉਂ ਧਰਾਈ ਥੀ ਭਲੇ,
ਉਨ ਧਰੀ ਈਂਟ ਸੁਛਾਹਿ ਤੈ[1]।
ਪੁਨ ਵਹੀ ਈਂਟ, ਉਠਾਇ ਕਾਰੀਗਰੈਂ,
ਦੁਤੀਆ ਦਿਸ ਧਰੀ[1]।
ਪਿਖਿ ਕਹਜੋ ਸਤਿਗੁਰੁ ਏਕ ਬਿਰ,
ਇਹੁ ਗਿਰੈ ਮੰਦਰ ਬਿਧਿ ਖਰੀ[1] ॥ ੯੩ ॥
ਇਹੁ ਪੀਰ ਤੁਰਕਨ ਕੇ ਧਰੀ,
ਨਿਉਂ ਮੀਰ-ਤੁਰਕ[1] ਪੁਟਾਇ ਹੈ।
ਫਿਰ ਨੀਂਵ ਧਰ ਹੈਂ ਸਿੱਖ ਗੁਰੁ ਕੇ,
ਅਚਲ ਸਦਾ ਰਹਾਇ ਹੈ।
ਇਹੁ ਗੁਰੂ ਅਰਜਨ ਦੇਵ ਕਾ ਹੀ,
ਬਚਨ ਸਾਚਾ ਹੈ ਭਯੋ।
ਅਬਿ ਰਚੋ ਮੰਦਰ ਖਾਲਸਾ ਜੀ,
ਹੋਵਨਾ ਸੋ ਹ੍ਵੈ ਗਯੋ ॥ ੯੪ ॥
ਯਹਿ ਗੁਰਮਤਾ ਕਰਿ ਪੰਥ,
ਚਿੱਠੀ ਪਠੀ ਦੇਸ ਬਿਦੇਸ ਹੈ।
ਸੁਨਿ ਦੀਪਮਾਲਾ ਕਰਨ ਹਿਤ,
ਮਿਲਿ ਅਈ ਸੰਗਤ ਸੇਸ[1] ਹੈ।
ਚਲਿ ਮਾਲਵੇ ਕੀ ਤਰਫ ਸੈਂ,
ਦਲ ਬ੍ਰਿੱਧ[1] ਪਹੁੰਚਜੋ ਧਾਇ ਕੈ।
ਸਭਿ ਚਾਰ ਦਿਸ ਤੈ ਸਿੱਖ ਗੁਰੁ ਕੇ,

[1]ਸਮੇਂ ਦੀ ਪਛਾਣ ਕਰਕੇ। [2]ਦੂਰ ਦ੍ਰਿਸ਼ਟੀ ਨਾਲ।
[1]ਚੰਗੀ ਇੱਛਾ ਕਰਕੇ।
[1]ਦੂਜੇ ਪਾਸੇ ਧਰ ਦਿੱਤੀ।
[1]ਚੰਗੀ ਤਰ੍ਹਾਂ ਢਹੇਗਾ।
[1]ਤੁਰਕਾਂ ਦਾ ਬਾਦਸ਼ਾਹ।
[1]ਬਹੁਤ।
[1]ਬੁੱਢਾ ਦਲ।

ਸ਼ਸਤ੍ਰ ਬਸਤ੍ਰ ਅਸ੍ਵ[1], ਲਏ ਬਹੁ ਮੋਲ ਕੇ।
ਹੋ ਸ਼ਹਿਰ ਲੁਟਜੋ ਫਿਰ ਧਾਇ, ਸਭਿਨਿ ਹਥ ਖੋਲ੍ਹ ਕੇ ॥੪੪॥

[1]ਘੋੜੇ।

ਮਦਰ ਦੇਸ[1] ਮੈਂ ਖਬਰ, ਜਬਰ[2] ਯਹਿ ਜਬਿ ਭਈ।
ਚਾਰ ਤਰਫ ਤੈ, ਖਲਕ-ਲੁਟੇਰੀ ਬਹੁ ਅਈ।
ਤੀਨ ਦਿਵਸ ਲੌ ਰਹੀ ਲੂਟ, ਤਹਿ ਠਾਂ ਤਬੈ।
ਹੋ ਲੋਗ ਲੁਟੇਰੇ ਗਏ ਰੱਜ ਧਨ ਲੈ ਸਭੈ ॥੪੫॥

[1]ਮਾਝੇ, (ਅ) ਪੰਜਾਬ। [2]ਵੱਡੀ।

ਉਮਦਾ ਉਮਦਾ[1] ਮਾਲ, ਪੰਥ ਬਹੁ ਲੂਟਯੋ।
ਤਬਿ ਤੈ ਸਿੰਘਨ ਕੇਰ ਦਲਿੱਦਰ ਟੂਟਯੋ[1]।
ਰਹੀ ਨ ਜਰਾ ਕਸੂਰ[1], ਲੁਟਨ ਕਾਸੂਰ ਮੈਂ।
ਹੋ ਤਬਿ ਤੈ ਫੇਰ ਕਸੂਰ, ਮਿਲ ਗਈ ਧੂਰ ਮੈਂ ॥੪੬॥

[1]ਚੰਗਾ ਚੰਗਾ।
[1]ਗ਼ਰੀਬੀ ਦੂਰ ਹੋ ਗਈ।
[1]ਕਸਰ।

ਮਸਲਾ ਯਹਿ ਮਸ਼ਹੂਰ, ਜਗਤ ਮੈਂ ਤਬਿ ਭਯੋ।
ਜਿਨ ਜਨ ਲੁਟੀ ਕਸੂਰ, ਪੂਰ ਘਰ ਧਨ ਲਯੋ।
ਪੁੱਤ੍ਰ ਪੌਤ੍ਰਨ ਕੇਰ, ਰੋਟੀਆਂ ਖੱਟੀਆਂ।
ਹੋ ਜੜ੍ਹਾਂ ਪਠਾਨਨ ਕੇਰ, ਕਸੂਰੋਂ ਪੱਟੀਆਂ ॥੪੭॥

ਦੋਹਰਾ:
ਔਰ ਸੁਨੋ ਇਕ ਤਹਾਂ ਤਬਿ,
ਭਈਰਾਰ[1] ਜਿਸ ਭਾਂਤਿ।
ਪਾਪ ਰਾਮਗੜ੍ਹੀਅਨ ਕਰਜੋ,
ਛਪ ਕਰਿ ਭਜੋ ਬਖਜਾਤ[1] ॥੪੮॥

[1]ਲੜਾਈ।
[1]ਪ੍ਰਗਟ ਹੋ ਗਿਆ।

ਚੌਪਈ:
ਦਿਲੇਰਾਮ ਇਕ ਭਯੋ ਦੀਵਾਨੁ[1]।
ਸ਼ਾਹਿ ਜਹਾਂ ਕੇ ਵਖਤ ਮਹਾਨੁ।
ਬੇਗਮ ਹੁਤੀ ਤਾਂਹਿ ਕੀ[1] ਏਕੈਂ।
ਰਹਿਤ ਲਹੌਰ ਵੀਚ ਧਰਿ ਟੇਕੈਂ[1] ॥੪੯॥

[1]ਵਜ਼ੀਰ (ਅ) ਸੂਬੇ ਦਾ ਮਾਲ ਮੰਤ੍ਰੀ।
[1]ਤਿਸ (ਸ਼ਾਹ ਜਹਾਨ) ਦੀ।
[1]ਟਿਕਾਣਾ ਬਣਾ ਕੇ।

ਸ਼ਾਹਿ-ਜਹਾਂ ਜਬਿ ਮਿਰਤੂ ਗਹਜੋ।
ਦਿਲੇ-ਰਾਮ ਬੇਗਮ ਢਿਗ ਰਹਜੋ।
ਧਨ ਬੇਗਮ ਢਿਗ ਹੁਤੋ ਅਪਾਰੇ।
ਦਿਲੇ ਰਾਮ ਕੇ ਥਾ ਇਖਤਜਾਰੇ ॥੫੦॥

ਫਿਰ ਚੜ੍ਹ ਸਿੰਘ ਜੀ ਕਹਜੋ, ਬਹੁਤ ਤੁਮ ਝਗਰੋ ਨਾਂਹੀਂ।
ਦਿਲੇ ਰਾਮੀਏਂ ਤਈਂ, ਬੂਝ ਹਮ ਲੈਹੈਂ ਯਾਂਹੀ[1]।
ਮਾਨ ਸਭਿਨਿ ਯਹਿ ਲਈ, ਫੇਰ ਆਲੀ ਸਿੰਘ ਸੋਚਜੋ।
ਵਹਿ ਕਹਿ ਦੈਹੈ ਸਾਚ, ਜਾਇ ਹਮ ਤੈ ਧਨ ਮੋਚਜੋ[1] ॥ ੭੪ ॥
ਇੱਜ਼ਤ ਹਮਰੀ ਜਾਇ, ਔਰ ਧਨ ਭੀ ਸਭਿ ਜੈਹੈ।
ਕਰੈ ਮਸ਼ਕਰੀ ਪੰਥ, ਦਿਵਾਨ ਨ ਬੈਸਨ ਦੈਹੈ।
ਯਹਿ ਵਿਚਾਰ ਤਬਿ ਔਰ ਪਾਪ, ਆਲੀ ਸਿੰਘ ਕੀਨੋ।
ਦਿਲੇ ਰਾਮੀਆਂ ਹੁਤੋ ਕੈਦ, ਤਿਸ ਕੇ ਢਿਗ ਚੀਨੋ ॥ ੭੫ ॥
ਜਾਇ ਅਚਾਨਕ, ਮੂੰਡ ਤਾਂਹਿ ਕਾ ਕਾਟਿ ਉਤਾਰਜੋ।
ਕੀਨੋ ਮਿੱਤਰਘਾਤ, ਨੇਮ ਧ੍ਰਮ ਕੂੰਏਂ ਡਾਰਜੋ[1]।
ਯਾਂਹੀਂ ਤੈ ਗੁਰੁ ਕਹਜੋ, ਪਾਪ ਪਾਪੀ ਕੋ ਪਜਾਰਾ[1]।
ਸੋ ਆਲੀ ਸਿੰਘ ਕਰਜੋ, ਪਾਪ ਯਹਿ ਬੱਜਰ ਭਾਰਾ ॥ ੭੬ ॥
ਜਿਸ ਧਨ ਇੱਜ਼ਤ ਹੇਤ, ਧਰਮ ਤਜਿ ਪਾਪ ਕਮਾਯੋ।
ਸੋ ਭੀ ਦੋਨੋਂ ਗਏ, ਪੰਥ ਨਹਿਂ ਮੁਖ ਫਿਰ ਲਾਯੋ।
ਅਲੀ ਸਿੰਘ ਨੈ ਕਰਜੋ ਪਾਪ, ਯਹਿ ਤਬਿ ਵਡ ਜੋਈ।
ਪਾਇ ਕਿਤਿਕ ਦਿਨ, ਪਰਜੋ ਫੇਰ ਤਿਸ ਕੇ ਸਿਰ ਸੋਈ ॥ ੭੭ ॥
ਆਪ ਦੁਖੀ ਹ੍ਵੈ ਮਰਜੋ, ਰਹੀ ਨਹਿਂ ਸੰਤਤਿ ਧਰ ਮੈਂ[1]।
ਸੋ ਧਨ ਭੀ ਸਭਿ ਗਯੋ, ਫੇਰ ਚੜ੍ਹ ਸਿੰਘ ਕੇ ਘਰ

[1]ਇਸ ਬਾਰੇ।

[1](ਸਾਡੇ ਹੱਥੋਂ) ਛੁੱਟ ਜਾਵੇਗਾ।

[1]ਖੂਹ 'ਚ ਸੁੱਟ ਦਿੱਤਾ।

[1]ਗੁਰਬਾਣੀ ਦੀ ਤੁਕ ਐਉਂ ਹੈ:- "ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥" (ਪੰਨਾ ੯੩੫)

[1]ਉਲਾਦ ਧਰਤੀ ਵਿੱਚ ਭਾਵ ਜਗਤ ਵਿੱਚ ਨਹੀਂ ਰਹੀ।

ਚਹੈਂ ਚੀਤ ਦੋਊ ਦਿਸੈਂ ਜੀਤ ਆਛੈਂ ॥੨੫॥

ਸੋਰਠਾ:

ਮਚਜੋ ਜੰਗ ਅਤਿ ਘੋਰ[1],
ਮਰੇ ਜ੍ਵਾਨ ਘੋਰੇ ਘਨੇ।
ਪੁਨ ਸਿੰਘਨ ਦੈ ਜੋਰ,
ਲਏ ਤੁਰਕ ਬਿਚਲਾਇ[1] ਸਭਿ ॥੨੬॥

ਸ੍ਵੈਯਾ:

ਦੈ ਕਰਿ ਜੋਰ ਤਬੈ ਬਹੁ ਸਿੰਘਨ,
ਮਾਰ ਕਰਜੋ ਘਮਸਾਨ ਮਹਾਨੀ।
ਬਜਾਕੁਲ ਹੋਇ ਸਭੀਤ[1] ਤਬੈ,
ਅਤਿ ਦੌਰ ਚਲੀ ਸਭਿ ਹੀ ਤੁਰਕਾਨੀ।
ਏਕ ਬਿਸੰਭਰ ਮਾਂਡ ਰਹਜੋ[1] ਰਨ,
ਪਾਂਚਕ ਸੈ ਤਿਹ ਸੰਗ ਦੁਰਾਨੀ।
ਸਿੰਘ ਪਰੇ ਫਿਰ ਤਾਂ ਪਰ ਕੈ ਬਰ[1],
ਕੈਬਰ ਕੀ[1], ਬਰਖਾ ਬਰਖਾਨੀ ॥੨੭॥
ਛੇੜਿ ਤੁਰੰਗ ਕਰੋੜਾ ਹਰੀ[1] ਤਬਿ,
ਜਾਇ ਬਿਸੰਭਰ ਕੇ ਢਿਗ ਢੁੱਕਜੋ।
ਦੋ ਗੁਲਕਾ[1] ਭਰ ਕੈ, ਅਰਿ ਕੈ
ਉਰਿ[1] ਸੁਪਾਰ ਕਢੀਂ ਤਬਿ ਸੁੱਕਜੋ[2]।
ਘੂਮ ਕੈ[1] ਭੂਮਿ ਲਗਜੋ ਗਿਰਨੈ ਜਬਿ,
ਦੌਰ ਕੈ ਮੂੰਡ ਅਸੀ ਸੰਗ ਡੁੱਕਜੋ[1]।
ਮਾਨਹੁ ਅੱਸ੍ਰ ਤਰੂ ਪਰ ਤੈ,
ਕਦੂਆ ਕੱਟਿ ਸਿੰਘ ਕਰੂੰਜੜੇ ਚੁੱਕਜੋ[1] ॥੨੮॥

ਜੀਤ ਭਈ ਤਬ ਸਿੰਘਨ ਕੀ,
ਸਭਿ ਹਾਰ ਕੈ ਦੌਰ ਗਏ ਅਰਿ ਸਾਰੇ।
ਮੋਦ ਹ੍ਵੈ ਸਿੰਘ ਗਜਾਇ ਉਠੇ,
ਧੁਨਿ ਊਚ ਜਕਾਰੇ ਬਜਾਇ ਨਗਾਰੇ।
ਫੇਰ ਲੁਟਜੋ ਅਸਬਾਬ ਸਭੀ,

---

[1]ਭਿਆਨਕ।

[1](ਆਪਣੇ ਥਾਵਾਂ ਤੋਂ) ਹਿਲਾ ਲਏ।

[1]ਡਰ ਸਹਿਤ ਹੋ ਕੇ।

[1]ਜੰਗ ਕਰ ਰਿਹਾ ਹੈ।

[1]ਬਲ ਕਰਕੇ।

[1]ਤੀਰਾਂ ਦੀ।

[1]ਕਰੋੜਾ ਸਿੰਘ।

[1]ਗੋਲੀਆਂ।

[1]ਵੈਰੀ ਦੀ ਛਾਤੀ ਵਿੱਚ। [2]ਸੁੱਕੀਆਂ।

[1]ਗੇੜਾ ਖਾ ਕੇ।

[1]ਸਿਰ ਤਲਵਾਰ ਨਾਲ ਕੱਟ ਲਿਆ।

[1]ਜਾਣੋ ਘੋੜੇ ਰੂਪ ਦਰੱਖਤ ਤੋਂ (ਬਿਸੰਭਰ ਮੱਲ ਦੇ ਸਿਰ ਰੂਪ) ਕੱਦੂ ਨੂੰ ਕੱਟ ਕੇ ਕਰੋੜਾ ਸਿੰਘ (ਕਰੂੰਜੜੇ) ਸਬਜ਼ੀ ਵੇਚਣ ਵਾਲੇ ਨੇ ਚੁੱਕ ਲਿਆ।

ਭੰਗੀ ਸਰਦਾਰਨ ਅਪਨਾਯੋ।
ਜਿਤ ਕਿਤ ਉਨ ਨਿਜ ਪਾਉਂ ਫਲਾਯੋ ॥ ੩੬ ॥
ਜੱਸਾ ਸਿੰਘ ਸਰਦਾਰ ਬਹਾਦਰ।
ਨੂਰ-ਮਹਿਲ, ਤਲਵੰਡੀ ਸਾਦਿਰ[1]।
[1]ਬੇਫ਼ਿਕਰ ਹੋ ਕੇ।
ਭੰਗੇ[1], ਹਰਿਆਣੇ ਕੀ ਓਰੈਂ।
[1]ਪਿੰਡ।
ਆਲੂਵਾਲੀਐਂ ਦਬਯੋ ਸਜੋਰੈਂ ॥ ੩੭ ॥
ਤ੍ਰਫ ਚੂਹਣੀਐਂ ਸਿੰਘ ਨਕੱਯਨ।
ਦੇਸ ਦਬਾਯੋ ਬਹੁਤੈ ਭੱਯਨ[1]।
[1](ਨਕਈ) ਭਰਾਵਾਂ ਨੇ।
ਜਾਲੰਧਰ ਗਿਰਦੈ ਸਿੰਘ-ਪੁਰੀਏ।
ਡੱਲੇ ਵਾਲੀਏ ਦੂਾਬੇਸੁਰੀਏ[1] ॥ ੩੮ ॥
[1]ਦੁਆਬੇ ਦੇ ਈਸ਼ਰ (ਮਾਲਕ) ਬਣ ਗਏ।
ਗਿਰਦ ਫਲੌਰ ਸਤਲੁਜੈਂ ਤੀਰੇ[1]।
[1]ਕਿਨਾਰੇ।
ਮਿਸਲ ਨਿਸ਼ਾਨਾ ਵਾਲੀ ਗੀਰੇ[1]।
[1]ਕਬਜ਼ਾ ਕਰ ਲਿਆ।
ਤਯੋਂ ਹੀ ਅਧਿਕੈਂ ਸਿੰਘਨ ਸ਼ਹੀਦੈਂ।
ਲਏ ਇਲਾਕੇ ਸਾਥ ਤਕੀਦੈਂ[1] ॥ ੩੯ ॥
[1]ਤਕੜਾਈ ਨਾਲ।
ਨਵਾਂ ਸ਼ਹਿਰ ਹਰਜਾਨਾ, ਬਸੀਆਂ।
ਪੁਰਿ ਹੁਸ਼ਯਾਰ ਕਰੋੜੀਐਂ ਖਸੀਆਂ[1]।
[1]ਕਰੋੜੀਆਂ ਦੀ ਮਿਸਲ ਨੇ ਖੋਹ ਲਈਆਂ।
ਸ਼ੁੱਕ੍ਰਚੱਕੀਅਨ ਗਿਰਦ ਲਹੌਰੈਂ।
ਮੱਲਯੋ ਮੁਲਕ ਜੋਰ ਦੈ ਗੌਰੈਂ[1] ॥ ੪੦ ॥
[1]ਬਹੁਤਾ।
ਠਾਣਾ[1] ਬੀਚ ਕੁੱਝਰਾਂ ਵਾਲੇ।
[1]ਟਿਕਾਣਾ, ਭਾਵਰਾਜਧਾਨੀ।
ਚੜ੍ਹਤ ਸਿੰਘ ਨਿਜ ਕਰਯੋ ਬਿਸਾਲੇ ॥ ੪੧ ॥

ਦੋਹਰਾ:
ਯਾ ਬਿਧਿ ਮੱਲਯੋ ਮੁਲਕ ਤਬਿ,
ਫੜਿ ਸਿੰਘਨ ਬਡ ਜੋਰ।
ਲਗੇ ਛਕਨ ਉਗਰਾਹਿ ਸਭਿ,
ਪਰਯੋ ਪੁਨਾ ਜਗਿ ਸ਼ੋਰ[1] ॥ ੪੨ ॥
[1]ਰੌਲਾ।

ਸ੍ਵੈਯਾ:
ਹਾਕਮ ਥਾ ਤਬਿ ਵੀਚ ਲਹੌਰ,
ਰਹਯੋ ਦਬ ਸ਼ਾਹਿ-ਤਮੂਰ ਦੁਰਾਨੀ।
ਨਾ ਉਗਰਾਹੀ ਮਿਲੈ ਤਿਸ ਕੋ ਕੁਛ,
ਸ਼ੋਰ ਮਚਯੋ ਬਹੁ ਬੀਚ ਜਹਾਨੀ।

ਮਰੇ ਅਧਿਕ ਅਰਿ ਭਾਗੇ ਤਬੈ ॥੫੨॥
ਸਿੰਘ ਪਰੇ ਪੀਛੇ ਤਿਨ ਕੈਹੈਂ।
ਚੀਤੇ ਜਯੋਂ ਮ੍ਰਿਗਨ ਪਰ ਪੈਹੈਂ।
ਪੁਸ਼ਤੇ[1] ਘੋੜਨ ਕੇ ਤਿਨ ਕਾਟੇ।
ਚੁੱਤੜ ਮੌਰ ਕਿਨੋਂ ਕੇ ਛਾਂਟੇ[1] ॥੫੩॥

[1]ਪਿੱਠਾਂ (ਅ) ਫਾ: ਦੁਲੱਤੇ- ਪਿਛਲੀਆਂ ਦੋ ਲੱਤਾਂ।
[1]ਕਿਤਨਿਆਂ ਦੇ ਚਿੱਤੜ ਤੇ ਮੌਰ (ਦੋਂਹ ਮੋਢਿਆਂ ਦੇ ਵਿਚਕਾਰ ਪਿੱਠ ਦਾ ਉਪਰਲਾ ਭਾਗ) ਲਾਹ ਸੁੱਟੇ।

ਬਹੁਤ ਹਤੇ[1] ਥੋਰੇ ਹੀ ਗਏ।
ਸੋ ਭੀ ਜਾਇ ਘਰੈਂ ਗਿਰ ਪਏ।
ਪਰੇ ਤੁਰਕ ਜੇਤਿਕ ਰਣ ਮਰੇ।
ਹੁਤੇ ਮਾਸ ਮੇਵੇ ਕੇ ਪਰੇ[1] ॥੫੪॥

[1]ਮਾਰੇ।
[1]ਪਲੇ ਹੋਏ।

ਬਹਿਤ ਖੂਨ ਤਿਨ ਸਮ ਪਰਨਾਰਨ[1]।
ਛਿਰਕਤ ਮਾਨੋ ਭੂਮਿ ਫੁਹਾਰਨ[1]।
ਜਿਨ ਮੈਂ ਸੇ ਗੋਰੀ ਯਾਂ ਕਾਨੀ[1]।
ਨਿਕਸੀ, ਮਸ਼ਕੈਂ ਰੰਗ ਫੁਟਾਨੀ[1] ॥੫੫॥

[1]ਪ੍ਰਨਾਲਿਆਂ ਵਾਂਗ।
[1]ਜਾਣੋ ਫੁਹਾਰਿਆਂ ਨਾਲ ਧਰਤੀ ਨੂੰ ਛਿੜਕਦੇ ਹਨ।
[1]ਗੋਲੀ ਜਾਂ ਤੀਰ।
[1](ਜਾਣੋ) ਲਾਲਰੰਗ ਦੀਆਂ ਮਸ਼ਕਾਂ ਫੁੱਟ ਪਈਆਂ ਹਨ।

ਭਰਿ ਭਰਿ ਖੱਪਰ ਜੋਗਨਿ ਪੀਵੈ।
ਦੇਤ ਅਸੀਸ ਸਿੰਘਨ ਜੈ ਥੀਵੈ[1]।
ਚੋਟੀ ਹੀਨਨ ਕੀ[1] ਛਕਿ ਬੋਟੀ।
ਮੋਟੀ ਭਈ ਚੰਡਿਕਾ ਕੋਟੀ[1] ॥੫੬॥

[1]ਜੈ ਹੋਵੇ।
[1]ਤੁਰਕਾਂ ਦੀਆਂ।
[1]ਕ੍ਰੋੜਾਂ ਹੀ ਚੰਡੀਆਂ।

ਖਰ੍ਹੇ ਖਵੀਸ[1], ਖੋਪਰੀ ਖੈ ਹੈਂ।
ਖੁੱਦੋ ਖੂੰਡੀ ਖੇਡ ਖਿਡੈ ਹੈਂ।
ਪਲਚਰ ਪਲ ਚਰਿ[1] ਪੇਟ ਭਰੈ ਹੈਂ।
ਕਿਲਕਾਰਤ[1] ਜੈ ਸਿੰਘਨ ਸੁਨੈ ਹੈਂ ॥੫੭॥

[1]ਭੂਤ ਖੜ੍ਹੇ ਹੀ।
[1]ਮਾਸ ਖਾਣੇ ਮਾਸ ਖਾ ਕੇ।
[1]ਖੁਸ਼ੀ ਦੀਆਂ ਅਵਾਜ਼ਾਂ ਕਰਦੇ।

ਪੰਥਹਿ ਭੈਰਵ ਭੂਤ ਰਜਾਏ।
ਮੁੰਡ ਮਾਲਰੁੱਦ੍ਰੈਂ ਪਹਿਰਾਏ[1]।
ਲਹੂ ਪਾਨ ਕਰਿ ਕੈ ਮਨ ਭਾਏ।
ਜੋਗਨਿ ਸੋਈ ਪੈਰ ਫਲਾਏ[1] ॥੫੮॥

[1]ਸ਼ਿਵ ਨੂੰ ਸਿਰਾਂ ਦੀਆਂ ਮਾਲਾਂ ਪਹਿਨਾਈਆਂ।
[1]ਜੋਗਨੀਆਂ ਪੈਰ ਪਸਾਰ ਕੇ ਸੁੱਤੀਆਂ ਪਈਆਂ ਹਨ।

ਸ਼ਿਵ-ਸੈਨਾ[1] ਆਪਸ ਮੈਂ ਕੈਹੈਂ।
ਭਾਰਥ ਭਯੋ ਰਜੇ ਹਮ ਤੈਹੈਂ[1]।

[1]ਸ਼ਿਵ ਦੀ ਫੌਜ (ਭੂਤ ਪ੍ਰੇਤ ਆਦਿ)।
[1]ਅਸੀਂ ਤਦੋਂ ਰਜੇ ਸਾਂ (ਜਦੋਂ) ਮਹਾਂ-ਭਾਰਤ ਦਾ ਜੰਗ ਹੋਇਆ ਸੀ।

ਪਾਂਚ ਹਜ਼ਾਰ ਬਰਸ ਕੇ ਪਾਛੇ।

ਫੇਰਜੋ ਘੋੜਾ ਧਾਇ।
ਤਹਿਂ ਤਹਿਂ ਕਾਠੀ ਵੰਡ[1] ਕਰਿ,
ਲਿਯ ਤਿਨ ਮੁਲਕ ਦਬਾਇ ॥੧੧੧॥

[1]ਸਰਦਾਰ ਤੇ ਸਿਪਾਹੀ ਦਾ ਖਿਆਲ ਛੱਡ ਕੇ ਹਰ (ਘੋੜੇ ਦੀ) ਕਾਠੀ ਪਿੱਛੇ ਇੱਕੋ ਜੇਹਾ ਮੁਲਕ ਜਾਂ ਧਨ ਵੰਡਣਾ।

ਸਾਲ ਅਠਾਰਾਂ ਸੈ ਹੁਤੋ,
ਬੀਸ ਉਪਰ ਨਿਰਧਾਰ[1]।
ਜੈਨ ਖਾਨ ਕੋ ਮਾਰ ਕੈ
ਕਰੀ ਸਰ੍ਹੰਦ ਉਜਾਰ ॥੧੧੨॥

[1]ਨਿਸਚਾ ਕਰੋ।

ਮੈਣਦੂਾਬ[1] ਅਰ ਮਾਲਵਾ[2],
ਬਾਂਗਰ[1] ਖਾਦਰ[2] ਦੇਸ।
ਜਿਹ ਬਿਧਿ ਮੱਲਜੋ ਪੰਥ ਨੈ,
ਕਹੀ ਗਾਥ ਯਹਿ ਵੇਸ[1] ॥੧੧੩॥

[1]ਦੋ ਪਾਣੀਆਂ ਦੇ ਵਿਚਕਾਰ ਦਾ ਦੇਸ਼, ਖ਼ਾਸ ਕਰ ਘੱਘਰ ਤੇ ਜਮਨਾ ਦੇ ਵਿਚਕਾਰ ਦਾ ਦੇਸ। [2]ਫੀਰੋਜ਼ਪੁਰ, ਲੁਧਿਆਣਾ, ਪਟਿਆਲਾ, ਬਠਿੰਡਾ ਤੇ ਸੰਗਰੂਰ ਦੇ ਜ਼ਿਲ੍ਹਿਆਂ ਦਾ ਉਸ ਸਮੇਂ ਦਾ ਮਾਰੂ ਇਲਾਕਾ।

[1]੨੧ ਦੇਖੋ ਪੰਨਾ ੨੪੪੧ ਤੇ ਟਿੱਪਣ ਨੰ: ੨ ਤੇ ੧ ਦਾ ਅਰਥ।
[2]ਦੇਖੋ ਪੰਨਾ ੨੪੫੧ ਤੇ ਟਿੱਪਣ ਨੰ: ੨ ਤੇ ੧ ਦਾ ਅਰਥ।

[1]ਸ੍ਰੇਸ਼ਟ, ਚੰਗੀ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਜੈਨ ਖਾਂ ਕੋ ਮਾਰ ਕਰਿ, ਸਰਹੰਦ ਉਜਾਰਨ, ਮੁਲਕ ਮੱਲਨ ਪ੍ਰਸੰਗ', ਬਰਨਨੰ ਨਾਮ ਚੁਤਾਲੀਸਮੋਂ ਬਿਸ੍ਰਾਮ ॥੪੪॥

ਜਨੁ ਜੜਾਊ ਲਸੈ ਕਲਗੀ,
ਸੀਸ ਦੂਲਹੁ ਕੇਰ ॥ ੩੮ ॥
ਸਭਿ ਅੰਗ ਮਾਹਿਂ ਸਨਾਹਿ ਸਜਿ[1], — [1]ਸੰਜੋਆਂ ਸਜਾ ਕੇ।
ਦ੍ਰਿਢ ਕਮਰ ਪੇਟੀ ਠਾਨ[1]। — [1]ਲੱਕ ਨਾਲ (ਦ੍ਰਿਢ) ਪੱਕੀ ਤਰ੍ਹਾਂ ਪੇਟੀ ਬੰਨ੍ਹ ਕੇ। (ਪੇਟੀ=ਪੇਟ ਪੁਰ ਬੰਨ੍ਹਣ ਦਾ ਚੌੜਾ ਤਸਮਾਂ ਜਾਂ ਬਸਤ੍ਰ।)
ਕਰਿ ਬੰਦਨਾ ਦੋ ਖੜਗ[1] ਪਹਰੇ, — [1]ਦੋ ਤਲਵਾਰਾਂ।
ਲੋਹ ਢਾਲ ਮਹਾਨ।
ਪਸਤੌਲ ਜਮਧਰ[1] ਔ ਤਮੰਚੇ[2], — [1]ਕਟਾਰਾਂ। [2]ਇਕ ਕਿਸਮ ਦੇ ਪਸਤੌਲ।
ਪੇਸ਼-ਕਬਜ਼[1] ਅਪਾਰ। — [1]ਕਰਦ ਦੀ ਸ਼ਕਲ ਦਾ ਇਕ ਸ਼ਸਤ੍ਰ, ਜਿਸ ਦਾ ਕਬਜ਼ਾ ਪੇਟੀ ਵਿੱਚ ਸਾਹਮਣੇ ਹੋਵੇ।
ਯਹਿ ਬੰਧਿ ਸਭਿ ਹੀ ਕਮਰ ਸੋਂ,
ਪੁਨ ਔਰ ਭੱਥਾ ਭਾਰ[1] ॥ ੩੯ ॥ — [1]ਭਾਰਾ, ਵੱਡਾ।
ਭਰਿ ਸੰਗ ਸਿਕੇ[1] ਔਰ ਦਾਰੂ[2], — [1]ਗੋਲੀਆਂ। [2]ਬਰੂਦ।
ਕਮਰਿ ਕਮਰ ਲਗਾਇ[1]। — [1]ਲੱਕ ਨੂੰ (ਕਮਰ) ਕਮਰ-ਕਸਾ ਬੰਨ੍ਹ ਕੇ।
ਫਿਰ ਚੱਕ੍ਰ ਔਰ ਚਲਾਵਨੇ ਹਿਤ,
ਕੰਧਿ[1] ਦਸ ਦਸ ਪਾਇ। — [1]ਮੋਢਿਆਂ ਵਿੱਚ।
ਧਰਿ ਰਾਮਜੰਗਾ[1] ਏਕ ਕੰਧੇ, — [1]ਬੰਦੂਕ।
ਦੂਤੀ ਧਨਖ ਬਿਸਾਲ।
ਇਕ ਸਫਾਜੰਗ[1] ਸੁ ਦੀਹ ਦੰਡਾ[2], — [1]ਟਕੂਆ। [2]ਭਾਰਾ (ਲੋਹੇ ਦਾ) ਡੰਡਾ।
ਕਸੇ ਯਹਿ ਕਟ[1] ਨਾਲ ॥ ੪੦ ॥ — [1]ਲੱਕ।
ਦਸ ਸੇਰ ਪੱਕੇ ਕੀ ਗਹੀ,
ਖਰ ਸਾਂਗ[1] ਲੋਹੇ ਕੇਰ। — [1]ਤਿੱਖੀ ਬਰਛੀ।
ਕਰਿ ਕੰਕਣੇ ਔ ਸਿਮਰਣੇ,
ਗਰਿ ਲੋਹ ਮਾਲਾ ਫੇਰਿ[1]। — [1]ਹੱਥਾਂ ਵਿੱਚ ਕੜੇ ਤੇ ਸਿਮਰਨ ਅਤੇ ਗਲ ਵਿੱਚ ਫੇਰਨ ਵਾਲੀ ਲੋਹੇ ਦੀ ਮਾਲਾ।
ਇਸ ਭਾਂਤਿ ਆਯੁਧ ਸਾਜ ਕੈ[1], — [1]ਸ਼ਸਤ੍ਰ ਸਜਾ ਕੇ।
ਅੱਕਾਲ ਬੁੰਗੇ ਆਇ।
ਹੁਇ ਖੜ੍ਹੇ ਸਨਮੁਖ ਤਖਤ ਕੇ,
ਗੁਰੁ-ਫਤੇ ਊਚ ਅਲਾਇ[1] ॥ ੪੧ ॥ — [1]ਬੁਲਾਈ।
ਧਰਿ ਪਾਂਚ ਥਾਲ ਕੜਾਹੁ ਕੇ,
ਕਿਛੁ ਭੇਟ ਔਰ ਚੜ੍ਹਾਇ।

ਬਹੁ ਭੇਦਿ ਗੁਲਕਾ[1] ਪਾਰ।
ਦਿਸ ਚਾਰ ਧਾਰ ਅਪਾਰ ਛੁਟੀ,
ਖੂਨ ਕੀ ਤਨਿ ਤਾਂਹਿ।
ਸਭਿ ਲਹੂ ਨਿਕਸਜੋ ਸਿੰਘ ਕਾ,
ਨਹਿਂ ਰਹਜੋ ਬਲ ਤਨ ਮਾਂਹਿਂ ॥੬੦॥
ਤਨ ਛਾਨ ਛਨਣੀ ਵਾਂਗ ਜੱਦਪਿ[1],
ਕਰਜੋ ਤੁਰਕੈਂ ਸਾਰ[1]।
ਬਲ ਧਾਰ ਤੌਂ ਭੀ ਸਿੰਘ ਆਗੇ,
ਕਰੈ ਬਢਿ ਬਢਿ ਬਾਰ[1]।
ਫਿਰ ਆਇ ਗਿਲਜੇ ਸਿੰਘ ਪਰ,
ਬਹੁ ਪਰੇ ਏਕੈ ਵਾਰ।
ਇਕ ਦਸ ਹਜ਼ਾਰੀ ਖਾਨ ਨੈ,
ਢਿਗ ਢੁੱਕ[1] ਕੀਨੋ ਵਾਰ ॥੬੧॥
ਇਤ ਸਿੰਘ ਨੈ ਭੀ ਰੋਸ ਧਰ,
ਸਾਹੋਸ਼[1] ਬਾਹੀ ਤੇਗ।
ਜੁਗ ਅਸੀ ਐਸੀ ਲਸੀ[1],
ਕਟਗੇ ਦੁਹੂੰ ਕੇ ਸਿਰ ਬੇਗ[1]।
ਸ਼ਿਵ ਸੀਸ ਲੀਨ ਉਠਾਇ ਸਿੰਘ ਕਾ,
ਕਰਜੋ ਮਾਲਾ ਮੇਰੁ[1]।
ਜੋ ਰੁਧਰ ਸ੍ਰੱਵਤ[1], ਜੋਗਨੀ
ਅਚ ਲੇਤ[1] ਸੋ ਬਿਨ ਦੇਰ ॥੬੨॥
ਧਰ ਲਰਜੋ[1] ਸਿੰਘ ਜੀ ਕਾ ਪੁਨਾ,
ਬਿਨ ਸੀਸ ਘਟਕਾ ਸਾਰ[1]।
ਕਰਵਾਰ ਕੇ ਕਰ ਵਾਰ[1], ਕਰਹੀਂ
ਮਾਰਿ ਮਾਰਿ ਉਚਾਰ।
ਪਿਖਿ ਤੁਰਕ ਤੱਜਬ[1] ਰਹੇ ਅਤਿਸੈ,
ਕਹੈਂ ਗੱਜਬ[1] ਏਹੁ।
ਹਮ ਸੁਨਤ ਥੇ ਕਾਬੰਧ ਲਰਤੇ[1],
ਪਿਖਜੋ ਨੈਨਨ ਬੇਹੁ[1] ॥੬੩॥

[1]ਤੀਰ ਤੇ ਗੋਲੀਆਂ।
[1]ਭਾਵੇਂ ਸਰੀਰ (ਛਾਨ) ਛਾਨਣੀ ਵਾਲੀ ਛਾਨਣੀ ਵਾਂਗ।
[1]ਸਾਰਾ।
[1]ਅੱਗੇ ਵਧ ਵਧ ਕੇ ਵਾਰ ਕਰਦਾ ਹੈ।
[1]ਨੇੜੇ ਅੱਪੜ ਕੇ।
[1]ਹੋਸ਼ ਨਾਲ।
[1]ਦੋਵੇਂ ਤਲਵਾਰਾਂ ਐਸੀਆਂ ਚਮਕੀਆਂ।
[1]ਛੇਤੀ।
[1]ਮਾਲਾ ਦਾ ਮੇਰੂ ਮਣਕਾ।
[1]ਲਹੂ ਚੋਂਦਾ ਹੈ।
[1]ਛਕ ਲੈਂਦੀਆਂ ਹਨ।
[1]ਧੜ ਲੜਿਆ।
[1]ਇਕ ਘੜੀ ਚੰਗਾ ਲੜਿਆ।
[1]ਤਲਵਾਰ ਦੇ ਹੱਥ ਨਾਲ ਵਾਰ ਕਰਦੇ ਹਨ।
[1]ਹੈਰਾਨ।
[1]ਲੋਹੜਾ, ਅਸਚਰਜ।
[1]ਧੜ ਲੜਦੇ।
[1]ਬਿਹਤਰ, ਚੰਗੀ ਤਰ੍ਹਾਂ।

ਯਹਿ ਲਿਖ੍ਯੋ ਰਵਿ ਪ੍ਰਕਾਸ਼ ਮੈਂ[1],
ਸੰਤੋਖ ਸਿੰਘ ਸੁਜਾਨ।
ਪ੍ਰਸੰਗ ਕੇਸੋ ਦਾਸ ਕਾ,
ਰਿਤੁ ਪੰਚਮੀ ਮੈਂ ਮਾਨ ॥੭੧॥
ਅਬਿ ਸੁਨੋ ਆਗੇ ਔਰ ਗਾਥਾ,
ਭਈ ਗੁਰੁ ਢਿਗ ਜੈਸ।
ਗੁਰਬਖਸ਼ ਸਿੰਘ ਸ਼ਹੀਦ ਪ੍ਰਤੀ,
ਕਹ੍ਯੋ ਗੁਰੁ ਫਿਰ ਐਸ।
ਮਮ ਸਿੱਖ ਸਿਦਕੀ ਜਤੀ ਤਪੀਏ,
ਜੰਗਿ ਜੂਝਤ ਜੋਇ[1]।
ਗਤਿ[1] ਹੋਤ ਸਭਿ ਕੀ ਦੋ ਬਿਧਾ[2],
ਅਬਿ ਸੁਨੋ ਨਿਰਨੈ ਸੋਇ ॥੭੨॥
ਤਨ ਤਜਤ ਜੋ ਨਿਸਕਾਮ ਹ੍ਵੈ,
ਤਿਸ ਦੈਂਹੁ ਮੈਂ ਨਿਜ ਲੋਕ।
ਮਨ-ਇੱਛ ਸੁਖ ਸਭਿ ਭੋਗ ਹੈਂ,
ਨਹਿਂ ਕਬੀ ਬਜਾਪੈਂ ਸੋਕ।
ਮਮ ਸਿੱਖ ਔਰੈਂ ਜਿਤਿਕ ਹੈਂ,
ਗੁਰੁ ਭਗਤਿ ਯੁਕਤਿ[1] ਰਹਾਂਹਿ।
ਨਿਜ ਇਸ਼ਟ[1] ਬਿਨ ਨਹਿਂ ਆਨ ਮਾਨੈਂ,
ਕਿਰਤ ਕਰਿ ਕੈ ਖਾਂਹਿ ॥੭੩॥
ਫਿਰ ਅੰਤ ਕੋ ਵਹਿ ਤਯਾਗ ਤਨ,
ਮਮ ਲੋਕ ਪਾਵਤ ਬਾਸ।
ਮਨ-ਚਿੰਦ[1] ਭੋਗਤ ਭੋਗ ਸਭਿ ਬਿਧਿ,
ਹ੍ਵੈ ਨ ਕਬਹੂੰ ਨਾਸ।
ਯਹਿ ਮਹਾਂ-ਬਿਸਨੂੰ-ਦੇਵ[1] ਕਾ ਹੈ,
ਸੱਚ-ਖੰਡ ਅਸਥਾਨ।
ਬਹੁ ਬਿਸ਼ਨ ਬ੍ਰਹਮਾ ਸ਼ਿਵ ਸਰੀਖੇ[1],
ਜਾਂਹਿ ਕੇ ਅਗਵਾਨ[1] ॥੭੪॥
ਅਬਿ ਜਾਹੁ ਤੁਮ ਮ੍ਰਿਤੁ ਲੋਕ ਮੈਂ,
ਕਿਛੁ ਦਿਵਸ ਰਾਜ ਕਮਾਇ।

[1]ਸੂਰਜ ਪ੍ਰਕਾਸ਼ ਵਿੱਚ।
[1]ਜਿਹੜੇ ਸ਼ਹੀਦ ਹੁੰਦੇ ਹਨ।
[1]ਮੁਕਤੀ। [2]ਦੋ ਤਰ੍ਹਾਂ।
[1]ਸਹਿਤ।
[1]ਪੂਜਯ-ਦੇਵ ਅਕਾਲ ਪੁਰਖ।
[1]ਮਨ-ਇੱਛਤ।
[1]ਅਕਾਲ ਪੁਰਖ।
[1]ਵਰਗੇ।
[1]ਦਰਬਾਨ, ਚੋਬਦਾਰ।

ਸ਼ਕਲੈਂ ਮੁਹੀਬ ਪੈ ਗਰੀਬ ਔ ਅਜੀਬ ਬਾਨੇ,
ਦਮਕ ਦਮਾਗ ਦੇਖ ਭਏ ਤ੍ਰੁਕ ਦੰਗ ਪੈ[1] ॥੧੫੧॥

[1]ਸ਼ਕਲਾਂ (ਮੁਹੀਬ) ਡਰਾਉਣੀਆਂ (ਪੈ) ਪਰ ਮਨ ਕਰ ਕੇ ਗਰਬੀ, ਪੁਸ਼ਾਕੇ ਅਸਚਰਜ ਤੇ ਦਿਮਾਗੀ ਚਮਕ ਦਮਕ ਦੇਖ ਕੇ ਤੁਰਕ (ਦੰਗ) ਹੈਰਾਨ ਹੋ ਗਏ।

ਆਪਸ ਮੈਂ ਲਹਿਰੀ ਕਚਹਿਰੀ ਕੇ ਲੋਗ,
ਲਗੇ ਸ਼ਾਰਤੈਂ ਬੁਝਾਰਤੈਂ ਕਰਨ ਬਹੁ ਭਾਇ ਕੈ[1]।

[1]ਕਚਹਿਰੀ ਦੇ ਲੋਕ (ਲਹਿਰੀ) ਖ਼ੁਸ਼ੀ ਵਿੱਚ (ਬਹੁ ਭਾਇ ਕੈ) ਬਹੁਤ ਤਰ੍ਹਾਂ ਆਪਸ ਵਿੱਚ ਬੁਝਾਰਤਾਂ ਪਾਉਣ ਤੇ ਇਸ਼ਾਰੇ ਕਰਨ ਲੱਗੇ।

ਸਭੀ ਸਰਦਾਰਨ ਤੈ ਨਜਰੈਂ ਕਮੰਠੇ, ਸਿੰਘ
ਸ਼ਾਹਿ ਕੌ ਦਿਲਾਏ ਫੇਰ ਅਰਜ਼ ਕਰਾਇ ਕੈ[1]।

[1]ਬਘੇਲ ਸਿੰਘ ਨੇ ਸਾਰੇ ਸਰਦਾਰਾਂ ਤੋਂ ਬਾਦਸ਼ਾਹ ਨੂੰ ਬੇਨਤੀ ਕਰਵਾਕੇ (ਕਮੰਠੇ) ਧਨੁਸ਼ਾਂ ਦੀਆਂ ਭੇਟਾਂ ਦਿਵਾਈਆਂ।

ਪਤਿਸ਼ਾਹਿ ਫੇਰ ਵਡ ਖਿਲਤ[1] ਮੰਗਾਇ,
ਦਯੋ ਸਿੰਘ ਜੀ ਕੋ ਸਿਰੋਪਾਉ, ਮੋਦ ਮਨ ਪਾਇ ਕੈ।
ਮੋਤਿਨ ਕੀ ਮਾਲ[1] ਜਿਗਾ ਕਲਗੀ ਰਸਾਲ[2], ਏਕ
ਦੁਰਦ ਬਿਸਾਲ[1], ਦਯੋ ਸਾਜ ਸਜਵਾਇ ਕੈ ॥੧੫੨॥

[1]ਬਾਦਸ਼ਾਹ ਵੱਲੋਂ ਦਿੱਤੀ ਜਾਣ ਵਾਲੀ ਪੁਸ਼ਾਕ।
[1]ਮੋਤੀਆਂ ਦੀ ਮਾਲਾ। [2]ਸੁੰਦਰ।
[1]ਵੱਡਾ ਹਾਥੀ।

ਔਰ ਸਰਦਾਰਨ ਕੌ ਸਿਰੇਪਾਉ ਜਥਾ ਜੋਗ,
ਫੇਰ ਪਤਿਸ਼ਾਹਿ ਨੈ ਬਜੀਰ ਤੈ ਦਿਲਾਏ ਹੈਂ।
ਬਿਦਾ ਹੋਨ ਲਾਗਜੋ ਜਬਿ ਸ਼ਾਹਿ ਤੈ ਬਘੇਲ ਸਿੰਘ,
ਸ਼ਾਹਿ ਮੁਸਕਾਇ ਤਬਿ ਬੈਨ ਯੌਂ ਅਲਾਏ ਹੈਂ।
ਸਿੰਘ ਸੁਨੇ ਹਮ ਨੈ ਲੁਟੇਰੇ ਹੈਂ ਵਧੇਰੇ ਅਤਿ,
ਲੂਟਤੇ ਨ ਹੇਰੇ[1] ਕਬੀ ਕੈਸੇ ਲੂਟ ਖਾਏ ਹੈਂ।
ਸਿੰਘ ਜੀ ਨੇ ਕਹਜੋ ਹੱਸ ਕਲ ਹੀ ਕੋ ਲੀਜੈ ਪਸ[1],
ਆਪ ਕੋ ਦਿਖਾਰੈਂ ਬਸ[1] ਖੇਤ ਕੋ ਲੁਟਾਏ ਹੈਂ ॥੧੫੩॥

[1]ਦੇਖੇ।
[1]ਦੇਖ ਲਵੋ।
[1]ਸਿਰਫ਼, ਕੇਵਲ।

ਦੋਹਰਾ:
ਖੇਤ ਪੋਨਜੋਂ ਕੇ ਖਰ੍ਹੇ[1], ਯਹਿ ਜੋ ਜਮਨਾ ਪਾਰ।
ਇਨ ਕੇ ਕਿਰਸਾਨਨ ਤਈਂ, ਦਾਮ[1] ਦੇਹੁ ਤੁਮ ਤਾਰ ॥੧੫੪॥

[1]ਖੜ੍ਹੇ ਹਨ।
[1]ਰੁਪਏ।

ਸ੍ਵੈਯਾ:
ਸਿੰਘ ਸਕਾਰੇ[1] ਚਢੈਂ ਜਬਿ ਲੂਟਨ,

[1]ਸਵੇਰੇ।

ਉੂਂਟ ਤੁਰੰਗ ਨਿਸੰਗ ਲਦੈ ਹੈਂ[1]।
ਸੋ ਮਗ ਮੈਂ ਚਲ ਹੈਂ ਜਬਿ ਲੈ ਕਰਿ,
ਔਰ ਘਨੇ ਤਿਨ ਪੈ ਪੁਨ ਪੈਹੈਂ[1]।
ਡੇਰਨ ਤੈ ਅਰ ਖੇਤਨ ਲੌਂ,
ਇਮ ਲੂਟ ਰੁ ਕੂਟ ਮਚੀ ਬਹੁਤੈਹੈਂ[1]।
ਨਿਜ ਸੰਗ ਲਏ ਸਰਦਾਰ ਵਿਸ਼ੇਸ਼,
ਬਘੇਲ ਮ੍ਰਿਗੇਸ ਖੜ੍ਹੋ ਲੁਟਵੈ ਹੈ ॥ ੧੬੨ ॥
ਦੇਖ ਰਹਜੋ ਉਤ ਤੈ ਪਤਸ਼ਾਹਿ,
ਥਿਰਜੋ ਨਿਜ ਮੰਦਰ ਊਪਰ ਤੈਹੈਂ[1]।
ਔਰ ਅਮੀਰ ਬਜੀਰ ਦਿਵਾਨ,
ਨੁਵਾਬ ਰੁ ਖਾਨ ਉਮ੍ਰਾਵ ਸਭੈ ਹੈਂ।
ਪਿਖਿ ਕੌਤਿਕ ਛੂਟ[1] ਰੁ ਲੂਟ ਸੁ ਕੂਟ
ਸਿੰਘਾਨ ਕੀ, ਹੋਇ ਰਹੇ ਚਕਤੈਹੈਂ[1]।
ਢਿਗ ਸ਼ਾਹਿ ਬਢਜੋ ਰਸ ਹਾਸ ਬਿਲਾਸ,
ਸਿੰਘਾਨ ਪੈ ਵਾਹਿ ਹੀ ਵਾਹਿ ਅਲੈ ਹੈਂ ॥ ੧੬੩ ॥

ਦੋਹਰਾ:

ਪੇਖਿ ਖਾਲਸੇ ਪੰਥ ਕੀ,
ਲੂਟ ਕੂਟ ਬਹੁ ਭਾਇ।
ਬਾਦਸ਼ਾਹਿ ਗੌਹਰ-ਅਲੀ,
ਭਯੋ ਮੋਦ ਬਿਸਮਾਇ ॥ ੧੬੪ ॥
ਬੂਝਜੋ ਰਾਮ ਦਜਾਲ ਤੈ,
ਸਿੰਘ ਸਦਾ ਇਮ ਚਾਲ।
ਜੇ ਚਲ ਹੈਂ ਰਣ ਲੂਟ ਮੈਂ,
ਬਢਜੋ ਕੈਸ ਇਕਬਾਲ[1] ॥ ੧੬੫ ॥
ਦਸਤ-ਬਸਤ ਹ੍ਵੈ[1] ਕਰਿ ਕਹਜੋ,
ਫਿਰ ਸ਼ਹਿ ਪਾਸ ਦਿਵਾਨ।
ਆਪਸ ਮੈਂ ਯਹਿ ਸਿੰਘ ਸਭਿ,
ਰਹਿ ਹੈਂ ਮੀਤ ਮਹਾਨ ॥ ੧੬੬ ॥
ਦੀਸਨ ਕੋ ਯਹ ਲਰਤ ਹੈਂ,
ਯਹਿ ਕਰਿ ਹੈਂ ਨਿਜ ਖੇਲ।

[1]ਊਠ ਤੇ ਘੋੜੇ ਲੱਦ ਲੈਂਦੇ ਹਨ।
[1](ਖੋਹਣ) ਆ ਪੈਂਦੇ ਹਨ।
[1]ਬਹੁਤੀ।
[1]ਉੱਪਰ ਤੋਂ।
[1]ਹੱਲਾ।
[1]ਚੱਕ੍ਰਤ, ਹੈਰਾਨ।
[1]ਪ੍ਰਤਾਪ।
[1]ਹੱਥ ਬੰਨ੍ਹ ਕੇ।

ਸੁੱਟਿਆ।

ਜਿਤੀ ਕੁ ਦੇਰ ਖਾਨ ਕੋ,
ਉਠੰਤ[1] ਭੂਮਿ ਤੈ ਲਗੀ। — [1]ਉਠਦੇ ਨੂੰ।
ਤਦਾਂਹਿ ਲੌਂ ਬੰਦੂਕ ਸਿੰਘ
ਕੇਰ, ਦੂਸਰੀ ਦਗੀ[1]। — [1]ਚਲ ਗਈ।
ਲਗਜੋ ਦੁਗਾੜ[1] ਖਾਨ ਕੋ, — [1]ਦੋ ਗੋਲੀਆਂ।
ਪਛਾੜ ਖਾਇ[1] ਸੋ ਗਿਰਜੋ। — [1]ਪਿੱਛੇ ਨੂੰ ਧੱਕਾ ਖਾ ਕੇ।
ਮਨੋ ਮਿਨਾਰ ਬਿੱਜਲੀ,
ਉਪਾੜਿ ਫਾੜਿ ਹੈ ਡਿਰਜੋ[1] ॥੧੮੪॥ — [1]ਜਾਣੋ ਬਿਜਲੀ ਨੇ ਮੁਨਾਰਾ ਪੁੱਟ ਕੇ ਤੇ ਪਾੜ ਕੇ ਡੇਗ ਦਿੱਤਾ ਹੈ।
ਸੁਟੀ ਸੁ ਭੰਨ ਸੱਥਲੈਂ,
ਤੁਟੀ ਸੰਜੋਇ ਥੀ ਵਹੈਂ[1]। — [1]ਪੱਟਾਂ ਭੰਨ ਸੁੱਟੀਆਂ ਤੇ (ਵਹੈ) ਉਹ ਸੰਜੋਅ ਵੀ ਟੁੱਟ ਗਈ ਸੀ।
ਝਟੱਕ ਸਿੰਘ ਸਾਂਗ ਸੈਂ,
ਪਰੋਇ ਗ੍ਰੀਵ ਲੀਵ ਹੈ[1] ॥੧੮੫॥ — [1]ਛੇਤੀ ਹੀ ਸਿੰਘ ਨੇ ਬਰਛੀ ਨਾਲ ਧੌਣ ਪਰੋ ਲਈ ਹੈ।

ਦੋਹਰਾ:

ਜਬਿ ਨੱਥਾ ਸਿੰਘ ਇਮ ਹਤਾ[1], — [1]ਮਾਰ ਦਿੱਤਾ।
ਅਤਾ-ਮੁਹੰਮਦ ਖਾਨ।
ਜੈ ਜੈ ਕਾਰ ਸਿੰਘਾਨ ਕਿਯ,
ਹਾ ਹਾ[1] ਕਰੈਂ ਪਠਾਨ ॥੧੮੬॥ — [1]ਹਾਇ ਹਾਇ।

ਸ੍ਵੈਯਾ:

ਹੇਰਿ ਹਿਰਾਨ ਰਹਾਇ ਪਠਾਨਨ,
ਖਾਇ ਤਮੱਕ ਚਮੱਕ ਅਤੇ ਹੈਂ[1]। — [1](ਅਤੇ ਹੈਂ) ਬਹੁਤਾ (ਚਮੱਕ) ਖਿਝ ਕੇ ਤੇ (ਤਮੱਕ) ਗ਼ੁੱਸਾ ਖਾ ਕੇ।
ਕੀਨ ਹਲਾ ਅਤਿ ਬੋਲਿ ਅਲਾ ਅਲੀ,
ਤੁੱਪਕ ਤੀਰ ਤਜੇ ਸਮ ਮੇਹੈਂ।
ਸਿੰਘਨ ਬੋਲਿ ਅਕਾਲ ਅਕਾਲ,
ਸੰਭਾਲ ਲਏ ਅਰਿ ਨਾਹਿਂ ਹਲੇ ਹੈਂ[1]। — [1]ਵੈਰੀ ਸੰਭਾਲ ਲਏ ਭਾਵਰੋਕ ਲਏ ਆਪ ਨਹੀਂ ਹੱਲੇ।
ਦੋ ਦਿਸ ਤੈ ਰਿਸ ਤੈ[1] ਲਰਹੀਂ, — [1]ਗ਼ੁੱਸੇ ਨਾਲ।
ਟਰਹੀਂ ਨਹਿਂ ਕੋ ਮਰਹੀਂ ਬਲਕੇ[1] ਹੈਂ ॥੧੮੭॥ — [1]ਸਗੋਂ।
ਤੌਂ ਲਗ ਆਨਿ ਅਤਾਉਲ-ਖਾਨ,
ਹਜਾਰ ਦ੍ਵਾਦਸ ਕੇ ਸਰਦਾਰੈਂ[1]। — [1]ਤਦੋਂ ਤੱਕ ਬਾਰਾਂ ਹਜ਼ਾਰ ਫੌਜ ਦੇ ਸਰਦਾਰ ਅਤਾਉੱਲਾਖ਼ਾਨ ਨੇ

| | |
|---|---|
| ਝੰਡਾ ਸਿੰਘ ਗੰਡਾ ਸਿੰਘ ਸੱਦਾ ਸਿੰਘ ਕੌਰ[1] ਹੈਂ। | [1]ਕੌਰ ਸਿੰਘ। |
| ਤਾਰਾ ਸਿੰਘ ਗੈਬਾ[1], ਜਸਾ ਸਿੰਘ ਦੋਊ, ਸੁਧਾ ਸਿੰਘ, | [1]ਅੱਲ। |
| ਕ੍ਰਮ ਸਿੰਘ ਸੰਗਤ ਮ੍ਰਿਗੇਸ ਸੁਬਾ ਗੌਰ ਹੈਂ[1]। | [1]ਸੁਬਾ ਸਿੰਘ (ਆਦਿ) ਭਾਰੀ (ਸੂਰਮੇਂ) ਹਨ। |
| ਜੈ ਸਿੰਘ ਖੁਸ਼ਾਲ ਸਿੰਘ ਖਜਾਲਾ ਸਿੰਘ ਆਦਿ ਬੀਰ, | |
| ਹੁਤੇ ਜੇ ਮਿਸਲ-ਦਾਰ[1] ਸਰਦਾਰ ਔਰ ਹੈਂ। | [1]ਮਿਸਲਾਂ ਦੇ ਜੱਥੇਦਾਰ। |
| ਨਿਜ ਨਿਜ ਤਾਬੇਦਾਰ ਬੁਲਵਾਏ ਔਰ ਸਾਰ[1], | [1]ਸਾਰੇ। |
| ਆਏ ਸਭਿ ਧਾਏ ਚਾਹਿ ਉਤਸ਼ਾਹਿ ਤੌਰ ਹੈਂ[1] ॥੨੪॥ | [1]ਉਤਸ਼ਾਹ ਦੇ ਢੰਗ ਨਾਲ। |
| ਏਕ ਹੂੰ ਤੈ ਏਕ ਬੱਧ[1] ਸਭਿ ਹੀ ਸਨੱਧ ਬੱਧ[2], | [1](ਅੱਗੇ) ਵੱਧ ਕੇ। [2]ਸ਼ਸਤ੍ਰ ਬੰਨ੍ਹ ਕੇ ਤਿਆਰ ਬਰਤਿਆਰ ਹੋ ਕੇ। |
| ਸੁਮਿਲ ਸੁਕੱਦ ਤੈ ਬਿਹੱਦ ਜੱਦ ਏਕ ਕੈ[1]। | [1]ਚੰਗੇ ਮਿਲਵੇਂ ਕੱਦਾਂ ਵਾਲੇ (ਬੇਹੱਦ) ਬਹੁਤੇ ਇਕੋ ਹੀ (ਜੱਦ) ਵੰਸ਼ ਦੇ ਹਨ। |
| ਸੋਹਿਤ ਦਮਾਲੇ ਸੇਤ ਪੀਤ ਲਾਲ ਕਾਲੇ ਥੇ, | |
| ਭੁਜੰਗੀ ਯੌਂ ਬਿਸਾਲੇ ਚਾਲੇ ਸਾਲੇ ਅਰਿ ਭੇਕ ਕੈ[1]। | [1]ਉੱਚੇ ਦਸਤਾਰੇ ਚਿੱਟੇ, ਪੀਲੇ, ਲਾਲ ਤੇ ਕਾਲੇ ਸੋਂਹਦੇ ਸਨ। ਇਉਂ ਬਹੁਤੇ (ਭੁਜੰਗੀ) ਸੱਪਾਂ ਵਾਂਗ (ਸਿੰਘ) ਵੈਰੀਆਂ ਰੂਪ (ਭੇਕ) ਡੱਡੂਆਂ ਨੂੰ (ਸਾਲੇ) ਵਿੰਨ੍ਹਣ ਵਾਸਤੇ ਚੱਲੇ। |
| ਦੁੰਦਭੀ ਘੁਰੈ ਹੈਂ ਘਟਾਂ ਭਾਦਵੀ ਲਜੈ ਹੈਂ, | |
| ਪੁੰਜ ਫਰਰੇ ਲਸੈ ਹੈਂ ਸਮ ਬੀਜਰੀ ਬਿਵੇਕ ਕੈ[1]। | [1]ਨਗਾਰੇ ਗੱਜਦੇ ਹਨ (ਜਿਨ੍ਹਾਂ ਨੂੰ ਸੁਣ ਕੇ) ਭਾਦੋਂ ਮਹੀਨੇ ਦੀਆਂ ਘਟਾਂ ਸ਼ਰਮਿੰਦਾ ਹੋ ਰਹੀਆਂ ਹਨ, (ਬਿਵੇਕ ਕੈ) ਵਿਚਾਰ ਕੇ (ਦੇਖਿਆ ਹੈ ਕਿ) ਬਹੁਤੇ ਫਰਰੇ ਬਿਜਲੀ ਵਾਂਗ ਚਮਕ ਰਹੇ ਹਨ। |
| ਸਾਠਕ ਹਜਾਰ ਸਿੰਘ ਜੁਰਜੋ ਥਾ ਜੁਝਾਰ ਭਾਰ[1], | [1]ਭਾਰੀ ਸੂਰਮਾਂ। |
| ਲਰ ਕੈ ਅਪਾਰ ਮਗ ਬੈਰਿਨ ਕੋ ਛੇਕ ਕੈ[1] ॥੨੫॥ | [1]ਬਹੁਤ ਲੜ ਕੇਰਸਤੇ ਵਿੱਚ ਵੈਰੀਆਂ ਨੂੰ (ਛੇਕ ਕੈ) ਮਾਰ ਕੇ। |
| ਪਹੁੰਚੇ ਵਜੀਰਾਬਾਦ ਅਹਿਲਾਦ ਯੁਤ[1] ਜਬਿ, | [1]ਅਨੰਦ ਸਹਿਤ। |
| ਰਾਮ ਸਿੰਘ ਬੇਦੀ ਬੀਰ ਸੁਨਿ ਮੋਦ ਠੱਟ ਹੈ[1]। | [1]ਸੁਣ ਕੇ ਅਨੰਦ ਕੀਤਾ। ਸ਼ਸਤ੍ਰ ਤੇ ਸੰਜੋਆਂ ਧਾਰ ਕੇ। |
| ਆਯੁਧ ਸਨਾਹਿ ਧਰਿ ਸੰਗ ਸਿੰਘ ਲੈ ਅਪਰ[1], | [1]ਹੋਰ। |
| ਆਯੋ ਮਨ ਮੋਦ ਭਰ ਕੋਟਲੀ ਤੈ ਝੱਟ ਹੈ। | |
| ਪੰਥ ਰਤਨਾਕਰ ਮੈਂ ਆ ਕਰਿ ਮਿਲਾਯੋ ਸੋਇ, | |
| ਗੰਗਧਾਰ ਸਮ ਤੇਜ ਪਾਵਨ ਅਘੱਟ ਹੈ[1]। | [1]ਉਹ (ਰਾਮ ਸਿੰਘ ਦਾ ਜੱਥਾ) ਜੋ ਗੰਗਾ ਦੀ ਧਾਹ ਵਾਂਗ ਤੇਜ ਤੇ (ਅਘੱਟ) ਬਹੁਤ ਪਵਿੱਤ੍ਰ ਹੈ, ਪੰਥ ਰੂਪ (ਰਤਨਾਕਰ) ਸਮੁੰਦਰ |

ਕਰੀ ਮੋਹਿ ਕਲਜਾਨ।
ਅਬਿ ਮੈਂ ਗੁਰਪੁਰਿ ਜਾਤ ਹੌਂ,
ਸਭਿ ਕੋ ਬੰਦਨ ਠਾਨ ॥੮੦॥
ਦੇਖ ਰਹੇ ਥੇ ਉਭੈ ਦਲ,
ਖਰੇ ਜੰਗ ਇਨ ਕੇਰ।
ਧਾਰਿ ਦਿਬਜ-ਤਨ[1] ਖਾਨ ਜਬਿ,
ਕਹੀ ਉਚ ਇਹੁ ਟੇਰਿ[1] ॥੮੧॥
ਸੁਨਿ ਅਚਰਜ ਅਤਿ ਰਹੇ ਸਭਿ,
ਸਿੰਘ ਔਰ ਅਫਗਾਨ[1]।
ਬੇਦੀ ਸਾਹਿਬ ਰਾਮ ਸਿੰਘ,
ਮਾਨਜੋ ਸ਼ਕਤਿ-ਨਿਧਾਨ[1] ॥੮੨॥
ਨਯੋ ਭਯੋ ਅਚਰਜ ਨਹੀਂ,
ਇਹੁ ਗੁਰੁ ਅੰਸਹਿ ਕੇਰ।
ਪੂਰਬ ਸੰਮ੍ਰਥ ਜੇ ਭਏ,
ਪਰਚੇ ਦਏ ਬਧੇਰ[1] ॥੮੩॥
ਰਾਮ ਸਿੰਘ ਕੀ ਬੰਸ ਮੈਂ,
ਪੁਨ ਪ੍ਰਗਟੇ ਸਮ ਹੰਸ[1]।
ਬਾਬਾ ਸਿਰੀ ਮਤਾਬ ਸਿੰਘ,
ਸ਼ਕਤਿ-ਨਿਧੀ ਗੁਰੁ-ਅੰਸ ॥੮੪॥
ਮੁਯੋ ਹੁਯੋ ਸੁਤ ਸਿੱਖ ਕਾ[1],
ਉਨੈ ਜਿਵਯੋ ਪ੍ਰਤੱਖ[1]।
ਇਹੁ ਗਾਥਾ ਸਭਿ ਦੇਸ ਮੈਂ,
ਅਬਿ ਲੌ ਕੈਹਤ ਖਲੱਕ[1] ॥੮੫॥
ਕਹਿ ਦੀਨੀ ਪਰਸੰਗ ਤੈ,
ਹਮ ਕਿੰਚਤ ਇਹੁ ਗਾਥ[1]।
ਸੁਨੋ ਜੰਗ ਜਜੋਂ ਹ੍ਵੈ ਰਹਜੋ,
ਪੰਥ ਗੁਰੂ ਮਮ-ਨਾਥ ॥੮੬॥
ਨਰਾਜ ਛੰਦ:
ਹਤਜੋ ਮੁਰੀਦ ਖਾਨ ਥਾ,

[1]ਨੂਰੀ ਸ਼ਰੀਰ, ਚਾਨਣ ਦਾ ਹੀ ਸ਼ਰੀਰ, (ਅ) ਦੇਵਤਾ ਸ਼ਰੀਰ।
[1]ਬੋਲ ਕੇ।
[1]ਪਠਾਣ।
[1]ਸ਼ਕਤੀ ਦੇ ਖਜ਼ਾਨੇ।
[1]ਪਹਿਲਾਂ ਜੋ ਸ਼ਕਤੀ ਵਾਲੇ ਹੋਏ ਹਨ ਉਨ੍ਹਾਂ ਨੇ (ਬਧੇਰ) ਬਹੁਤੇ (ਪਰਚੇ) ਕਰਾਮਾਤ ਦੇ ਚਮਤਕਾਰ (ਦਏ) ਦਿਖਾਏ ਹਨ।
[1]ਸੂਰਜ ਸਮਾਨ (ਅ) ਹੰਸ ਸਮਾਨ, ਤੱਤ, ਬੇਤੇ, ਬ੍ਰਹਮ ਗਿਆਨੀ।
[1]ਸਿੱਖ ਦਾ ਪੁੱਤਰ।
[1]ਸਾਰਿਆਂ ਦੇ ਸਾਹਮਣੇ ਜਿਉਂਦਾ ਕਰ ਦਿੱਤਾ।
[1]ਹੁਣ ਤੱਕ ਸਾਰੇ ਲੋਕ ਕਹਿੰਦੇ ਹਨ।
[1]ਥੋੜ੍ਹੀ ਜਿਹੀ ਇਹ ਕਥਾ।

ਸੁ ਰਾਮ ਸਿੰਘ ਜੁ ਜਬੈ।
ਨਿਹਾਰ ਕੋਪ ਠਾਨ ਕੈ,
ਪਠਾਨ ਦੌਰ ਕੈ ਸਭੈ।
ਲਵਾਇ ਸੰਗ ਸਾਂਹਚੀ,
ਚਢਾਇ ਕੋਪ ਓਪਨੀ[1]।

[1]ਸਾਂਹਚੀ ਨੂੰ ਆਪਣੇ ਨਾਲ ਲੈ ਕੇ (ਤੇ ਉਸ ਦੇ) (ਕੋਪ) ਕ੍ਰੋਧ ਨੂੰ (ਓਪਨੀ) ਸਾਣ ਤੇ ਚੜ੍ਹਾ ਕੇ ਭਾਵ ਬਹੁਤਾ ਕ੍ਰੋਧਵਾਨ ਕਰਕੇ।

ਪਰਜੋ ਸੁ ਆਇ ਬਾਰ
ਏਕ ਹੀ, ਮਹਾਂਹਿ ਧੋਪਨੀ[1] ॥੮੭॥

[1]ਬਹੁਤੀਆਂ (ਧੋਪਨੀ) ਸਿੱਧੀਆਂ ਤਲਵਾਰਾਂ ਲੈ ਕੇ।

ਮਚਾਇ ਹਾਲ ਹੂਲ[1],
ਤੈ ਬੁਲਾਇ ਕੈ ਅਲੀ ਅਲੀ।

[1]ਹਲਚਲੀ ਪਾ ਕੇ।

ਸਮਾਨ ਬੂੰਦ ਉਲਕਾ,
ਨਰਾਚ ਗੁੱਲਕਾ ਚਲੀ[1]।

[1](ਮੀਂਹ ਦੀਆਂ) ਬੂੰਦਾਂ ਤੇ (ਉਲਕਾ) ਗੜਿਆਂ ਵਾਂਗ ਤੀਰ ਤੇ ਗੋਲੀਆਂ ਚੱਲੀਆਂ।

ਸਿੰਘਾਨ ਭੀ ਸਿਮੱਟ ਕੈ,
ਗਰੱਟ ਠੱਟ ਬੱਡ ਕੈ[1]।

[1]ਸਿੰਘਾਂ ਨੇ ਵੀ (ਸਿਮੱਟ ਕੈ) ਇਕੱਠੇ ਹੋ ਕੇ (ਬਡ) ਵੱਡਾ (ਗਰੱਟ) ਜੱਥਾ (ਠਟ) ਬਣਾ (ਕੈ) ਕੇ।

ਸਮੱਛ ਅਛ ਪੱਛ ਕੈ,
ਪ੍ਰਤੱਛ ਪੈਰ ਗੱਡ ਕੈ[1] ॥੮੮॥

[1](ਸਮੱਛ) ਅੱਖਾਂ ਦੇ ਸਾਹਮਣੇ (ਅੱਛ) ਚੰਗੀ ਤਰ੍ਹਾਂ (ਪੱਛ ਕੈ) ਪੱਖ ਬਣਾ ਕੇ ਪ੍ਰਤੱਖ ਹੀ ਪੈਰ ਗੱਡ ਕੇ।

ਬਿਸਾਰ ਦੇਹ ਗੇਹ ਨੇਹ,
ਧਾਰ ਏਹ ਸੋਚ ਹੈਂ[1]।

[1]ਸ਼ਰੀਰ ਤੇ ਘਰ ਦਾ (ਨੇਹ) ਮੋਹ ਭੁਲਾ ਕੇ, (ਚਿੱਤ ਵਿੱਚ) ਇਹ ਸੋਚ (ਵਿਚਾਰ) ਧਾਰਦੇ ਹਨ।

ਜਿਤੈਂ ਤੁ ਲੈਂਹ ਰਾਜ ਹੂੰ,
ਮਰੈਂ ਤੁ ਪੈਂਹ ਮੋਛ ਹੈਂ[1]।

[1]ਜੇ ਜਿੱਤਾਂਗੇ ਤਾਂਰਾਜ ਲੈ ਲਵਾਂਗੇ ਜੇ ਮਰ ਗਏ ਤਾਂ ਮੁਕਤੀ ਪ੍ਰਾਪਤ ਕਰ ਲਵਾਂਗੇ।

ਦੁਹੂੰ ਸੁ ਹਾਥ ਮੋਦਕੈਂ,
ਪ੍ਰਮੋਦ ਦਾ ਹਮਾਰਿ ਹੈਂ[1]।

[1]ਸਾਡੇ ਦੋਹਾਂ ਹੱਥਾਂ ਵਿੱਚ (ਪ੍ਰਮੋਦ ਦਾ) ਬਹੁਤ ਅਨੰਦ ਦੇਣ ਵਾਲੇ (ਮੋਦਕੈਂ) ਲੱਡੂ ਹਨ।

ਇਹੀ ਬਿਬੇਕ ਨੇਕ ਏਕ,
ਠੀਕ ਸਿੰਘ ਧਾਰ ਹੈਂ[1] ॥੮੯॥

[1]ਏਹੀ ਇਕ ਨੇਕ ਵਿਚਾਰ ਨੂੰ ਠੀਕ ਜਾਣ ਕੇ ਸਿੰਘ ਧਾਰਦੇ ਹਨ।

ਗੁਰੂ ਗੁਬਿੰਦ ਸਿੰਘ ਕਾ,
ਧਜਾਨ ਠਾਨ[1] ਚਿੱਤ ਸੈਂ।

[1]ਕਰਕੇ।

ਸਿੰਧ ਸਮਰ ਮੈਂ ਤੁਰਕਨ ਬੇਰਾ[1]।
ਬੂਡਜੋ, ਭਗੇ ਇਤੈਂ ਉਤ ਫੇਰਾ[1]।
ਬ੍ਰਿੰਦ ਕਪੋਤਨ ਪੈ ਸੀਂਚਾਨੇ।
ਪਰੈਂ[1], ਤੈਸ ਸਿੰਘ ਹਰੈਂ[2] ਤੁਰਕਾਨੇਂ ॥੨੨੧॥

[1]ਜੰਗ ਰੂਪ ਸਮੁੰਦਰ ਵਿੱਚ ਤੁਰਕਾਂ ਦਾ ਬੇੜਾ।
[1]ਡੁੱਬ ਗਿਆ (ਵੇਖ ਕੇ) ਫੇਰ ਏਧਰ ਓਧਰ ਭੱਜੇ।
[1]ਜਿਵੇਂ ਬਹੁਤੇ ਕਬੂਤਰਾਂ ਉਪਰ (ਸੀਚਾਨੇ) ਬਾਜ਼ ਪੈਂਦੇ ਹਨ। [2]ਮਾਰਦੇ ਹਨ।

ਦੋਹਰਾ:
ਭਾਗਿ ਤੁਰਕ ਜਿਹਲਮ ਲਖੇ[1],
ਰਖੇ ਹੁਤੇ ਪੁਲ ਤਜਾਰ।
ਉਤਰੇ ਪੀਛੇ ਲੌਟ ਸਿੰਘ[1],
ਭਈ ਰੈਨ ਅੰਧਜਾਰ ॥੨੨੨॥

[1]ਲੰਘ ਗਏ।
[1]ਸਿੰਘ ਪਿੱਛੇ ਮੁੜ ਕੇ ਉਤਰ ਪਏ ਭਾਵ ਜੰਗ ਬੰਦ ਹੋ ਗਿਆ।

ਗਿਲਜਜੋਂ ਕਾ ਸਾਮਾਨ ਥਾ,
ਰਹਜੋ ਜੰਗ ਮੈਂ ਜੋਇ।
ਜਥਾ ਜੋਗ ਲੂਟਜੋ ਸਿੰਘਨ,
ਰਾਤ ਬਿਤਾਈ ਸੋਇ ॥੨੨੩॥

ਚੌਪਈ:
ਦੂਤੀ ਦਿਵਸ ਦਲ ਗਿਲਜਜੋਂ ਕੇਰਾ।
ਕਾਬਲ ਕੀ ਦਿਸ ਚਲਜੋ ਬਧੇਰਾ।
ਸਿੰਘ ਭੀ ਲਗੇ ਤਿਨੋ ਕੈ ਪਾਛੇ।
ਮਾਰਤ ਕੂਟਤ ਲੂਟਤ ਆਛੇ ॥੨੨੪॥
ਪਾਰ ਅਟਕ ਤੈ ਕਰਿ ਫਿਰ ਆਏ।
ਗਏ ਤੁਰਕ ਹ੍ਵੈ ਦੁਖੀ ਮਹਾਂਏ।
ਫਿਰ ਆਵਨ ਕੀ ਕਸਮੈ ਪਾਈਂ।
ਸਿੰਘਨ ਸੋਂ ਨਹਿਂ ਲਰੈਂ ਕਦਾਈਂ ॥੨੨੫॥
ਸ਼ਾਹਿ ਜ਼ਮਾਨ ਸੁਨੀ ਇਹੁ ਜਬੈ।
ਸ਼ੋਕ ਨਦੀ ਮੈਂ ਡੂਬਜੋ ਤਬੈ।
ਏਕ ਲਾਖ ਥਾ ਗਯੋ ਦੁਰਾਨੀ।
ਅਰਧ ਭਯੋ ਤਿਸ ਮੈਂ ਸੇ ਫਾਨੀ[1] ॥੨੨੬॥
ਤਿਨ ਕੇ ਘਰ ਘਰ ਸਜਾਪੇ ਥਾਹੀਂ[1]।
ਹਰਜਾ[1] ਭਯੋ ਬਡ ਪਤਿਸ਼ਾਹੀ।
ਬਡੇ ਬਡੇ ਭਟ ਮਨਸਬ ਵਾਰੇ[1]।

[1]ਨਾਸ਼।
[1]ਹੁੰਦੇ ਹਨ।
[1]ਨੁਕਸਾਨ।
[1]ਅਹੁਦਿਆਂ ਵਾਲੇ।

ਪੁੱਤਰ ਝੰਡਾ ਸਿੰਘ ਨੂੰ ਮਿਸਲ ਦਾ ਜੱਥੇਦਾਰ ਥਾਪਿਆ।

ਮਾਲਕ ਮਿਸਲ ਥਯੋ ਬਰਵੰਡਾ[1] ॥੧੬॥
ਫਤੇ ਕਰੀ ਥੀ ਜਿਨ ਮੁਲਤਾਨੈਂ।
ਟਕੇ ਲਏ ਜੰਮੂ ਤੈ ਵਾ ਨੈ[1]।
ਇਕ ਕਰੋੜ ਅਰ ਕਈ ਲਾਖ ਕੀ।
ਰਜਾਸਤ ਜੋ ਕਰਿ ਗਏ ਸਾਖ ਕੀ[1] ॥੧੭॥
ਰਚਜੋ ਸੁਧਾਸਰ ਕਿਲ੍ਹਾ ਮਹਾਨੀ।
ਥੀ, ਅਬਿ ਰਹੀ ਨ ਤਿਨੈ ਨਿਸ਼ਾਨੀ।
ਏਸ ਮਿਸਲ ਕਾ ਬੀਸ ਹਜ਼ਾਰੈਂ।
ਥੀਓ ਤਬਿ ਪਜਾਦਾ ਅਸਵਾਰੈਂ ॥੧੮॥
ਸਭਿ ਮਿਸਲੋਂ ਤੈ ਬਡੋ ਅਰੂਜੈਂ[1]।
ਥਾ ਤਬਿ ਇਸ ਕਾ ਅਧਿਕ ਨਮੂਜੈਂ[1]।
ਦੇਹਰੇ ਗਾਜੀ ਖਾਂ ਲੌ ਸਾਰੇ।
ਅਰ ਮੁਲਤਾਨ ਚਣੋਟ[1] ਮਝਾਰੇ ॥੧੯॥
ਝੰਗ ਸਜਾਲ ਬਹਾਵਲਪੁਰ ਲੌਂ।
ਇਤ ਉਤ ਪਹੁੰਚੇ ਜੰਮੂ ਧੁਰ ਲੌਂ[1]।
ਪੁਰ ਫੀਰੋਜ਼ ਕਸੂਰ ਆਦਿ ਸਭਿ।
ਮੁਲਕ ਭੰਗੀਆਂ ਕੇਰ ਹੁਤੋ ਤਬਿ ॥੨੦॥
ਝੰਡਾ ਸਿੰਘ ਮਰੇ ਤੇ ਪਾਛੇ।
ਗੰਡਾ ਸਿੰਘ ਭਯੋ ਨ੍ਰਿਪ ਆਛੇ।
ਚੜ੍ਹਤ ਸਿੰਘ ਤਿਸ ਪਾਛੇ ਭਯੋ।
ਇਸ ਕੇ ਵਕਤ ਮੁਲਕ ਬਹੁ ਗਯੋ ॥੨੧॥
ਦੇਸੂ ਸਿੰਘ ਫੇਰ ਤਹਿਂ ਝੂਲੋ[1]।
ਫੇਰ ਕਰਮ ਸਿੰਘ ਹੋਯੋ ਦੂਲੋ[1]।
ਅੰਮ੍ਰਿਤਸਰ ਦੂਲੋ ਕਾ ਕਟੜਾ।
ਆਹਿ ਅਬਾਦ ਇਸੀ ਕਾ ਥਟੜਾ[1] ॥੨੨॥
ਫੇਰ ਗੁਲਾਬ ਸਿੰਘ ਜਬਿ ਥੀਆ।
ਰਾਜ ਕਰਜੋ ਥੋਰੇ ਦਿਨ ਜੀਆ।
ਤਾਂ ਕੇ ਸੁਤ ਗੁਰਦਿੱਤ ਸਿੰਘ ਸੈਂ[1]।
ਲਰ ਕੈ ਲਵਪੁਰ ਪਤੀ ਧਿੰਗ ਸੈਂ[1] ॥੨੩॥

[1]ਬਲਵਾਨ।
[1]ਉਸ ਝੰਡਾ ਸਿੰਘ ਨੇ।
[1](ਭਾਵ ਚੰਗੀ ਮਸ਼ਹੂਰ)।
[1]ਤ੍ਰੱਕੀ, ਪ੍ਰਤਾਪ।
[1]ਨਾਮਵਰੀ, ਮਸ਼ਹੂਰੀ।
[1]ਸ਼ਹਿਰ ਦਾ ਨਾਮ।
[1]ਧੁਰ ਜੰਮੂ ਤੱਕ।
[1]ਝੁੱਲਿਆ ਭਾਵ ਮਸ਼ਹੂਰ ਹੋਇਆ।
[1]ਅੱਲ।
[1]ਬਣਾਇਆ ਹੋਇਆ।
[1]ਤੋਂ
[1]ਬਲੀ ਮਹਾਰਾਜਾ ਰਣਜੀਤ ਸਿੰਘ ਨੇ।

ਜੀਤ ਸਿੰਘ ਸ਼ਜਾਮ ਸਿੰਘ ਆਦਿ ਸਰਦਾਰੈਂ ਤਬਿ,
ਬਾਹੀ ਤਰਵਾਰੈਂ ਜਸ ਪੂਰ ਗਏ ਧਰ ਤੇ[1] ॥੨੫੫॥ — [1]ਧਰਤੀ ਉੱਤੇ ਜਸ ਭਰ ਗਏ।
ਥੀਏ ਤਬਿ ਅਧਿਕ ਸ਼ਹੀਦ ਸਿੰਘ ਮਾਰਿ ਅਰਿ,
ਬਾਕੀ ਦਰਿਆਵ ਤਰਿ ਆਵਨੇ ਥੇ ਜੋ ਲਗੇ।
ਤੇਜਾ ਸਿੰਘ ਅਤਤਾਈ[1] ਅਗਜੋਂ ਚਲਵਾਈ ਤੋਪੈਂ, — [1]ਪਾਪੀ। (ਅਤਤਾਈ ਛੇ ਹਨ: ਅੱਗ ਲਾਉਣ ਵਾਲਾ, ਜ਼ਹਿਰ ਖੁਵਾਉਣ ਵਾਲਾ, ਧਨ ਇਸਤ੍ਰੀ ਤੇ ਜ਼ਮੀਨ ਖੋਹਣ ਵਾਲਾ, ਪ੍ਰਾਣ ਲੈਣ ਵਾਲਾ)।
ਝਾਰ ਕੈ ਗਰਾਫ ਸਾਫ[1] ਮਾਰੇ ਸੰਗ ਸੋ ਦਗੇ। — [1]ਸਾਫ਼ (ਗਰਾਫ਼) ਰੌਣੇ ਮਾਰ ਕੇ।
ਹੁਏ ਗਰਕਾਬ ਭੂਰ[1] ਲਾਗੇ ਕੇਊ ਜਾਇ ਦੂਰ[2], — [1]ਬਹੁਤੇ (ਸਿੰਘ) ਡੁੱਬ ਗਏ। [2]ਦੂਰ (ਕਿਨਾਰੇ) ਜਾ ਲੱਗੇ।
ਬਿੱਪਰੋਂ ਤੈ ਪਾਪ ਕੂਰ ਹੋਯੋ ਸਦ ਹ੍ਵੈ ਅਗੇ[1]। — [1](ਕੂਰ) ਝੂਠੇ ਬਾਮਣਾ ਤੋਂ ਪਾਪ ਹੋਇਆ ਤੇ ਸਦਾ ਅੱਗੋਂ ਨੂੰ ਹੋਵੇਗਾ।
ਪੀਛਜੋਂ ਬੈਰੀ ਮਾਰੈਂ ਅੱਗਜੋਂ ਮਾਲਕ ਹੀ ਗਾਰੈਂ[1], — [1]ਨਾਸ਼ ਕਰਦੇ ਹਨ।
ਦੇਖੋ ਭਾਰੈਂ[1] ਹੀ ਕੁੜੱਕੀ ਵੀਚ ਆਏ ਸਿੰਘ ਕਜੋਂ ਤਗੇ[2] ॥੨੫੬॥ — [1]ਬਹੁਤੇ ਹੀ। [2]ਕਿਵੇਂ ਜਾਨ ਬਚਾਉਂਦੇ।
ਆਖਰ ਦਇਆਲੂ ਅੰਗ੍ਰੇਜ਼ਨ ਵਿਚਾਰ ਨੀਤਿ,
ਹੁਕਮ ਸੁਨਾਯੋ ਜਾਹੁ ਆਯੁਧੈਂ ਕੌ ਡਾਰ[1] ਕੈ। — [1]ਸ਼ਸਤ੍ਰ ਸੁੱਟ ਕੇ।
ਛੋਰ ਦੀਏ ਰਾਹਿ ਲੀਏ ਆਯੁਧ ਸੁਟਾਇ ਸਭਿ,
ਸਿੰਘ ਪਏ ਰਾਹਿ ਗੁਰੈਂ ਸ਼ੁਕਰ ਹਜ਼ਾਰ ਕੈ।
ਲਘੁ ਜ਼ਖਮੀ ਭੀ ਗਏ ਵਗ[1] ਜਿਤ ਕਿਤ ਮਗ[2], — [1]ਚਲੇ ਗਏ। [2]ਜਿਧਰ ਕਿਧਰਰਸਤਾ ਮਿਲਿਆ।
ਜ਼ਖਮੀ ਸਖਤ ਦਾਬੇ ਗਢਜੋਂ ਵੀਚ ਡਾਰ ਕੈ[1]। — [1]ਟੋਇਆਂ ਵਿੱਚ ਸੁੱਟ ਕੇ ਦੱਬ ਦਿੱਤੇ।
ਆਇ ਅੰਗ੍ਰੇਜ਼ੈਂ ਤਬਿ ਡਾਰਿਓ ਲਹੌਰ ਡੇਰਾ,
ਕੌਂਸਲ[1] ਬਨਾਈ ਰੀਤਿ ਨੀਤਿ ਕੀ ਵਿਚਾਰ ਕੈ ॥੨੫੭॥ — [1]ਸਭਾ।

ਚੌਪਈ:

ਅੰਗ੍ਰੇਜ਼ਨ ਲਵਪੁਰ-ਪਤਿ ਮਾਹੈਂ[1]। — [1]ਆਪਸ ਵਿੱਚ।
ਬੰਧਜੋਂ ਅਹਿਦ ਇਕ ਹੁਤੋ ਇਹਾਹੈਂ[1]। — [1]ਇਸ ਤਰ੍ਹਾਂ ਦਾ ਇਕ ਇਕਰਾਰ ਬੰਨ੍ਹਿਆ ਹੋਇਆ ਸੀ।
ਸਤਲੁੱਜ ਹੱਦ ਰਹੇਗੀ ਕਾਇਮ।
ਦੁਹੂੰ ਬੀਚ ਮਿਤ੍ਰਾਈ ਦਾਇਮ[1] ॥੨੫੮॥ — [1]ਹਮੇਸ਼ਾਂ।
ਇਓਂ ਭੀ ਸ਼ਰਤ ਹੁਤੀ ਤਿਸ ਮੋਹੈ[1]। — [1]ਉਸ ਵਿੱਚ।

| | |
|---|---|
| ਫੌਜ ਤਾਂਹਿ ਸੰਗ ਦਈ ਅਪਾਰਨ[1]। | [1]ਬਹੁਤ। |
| ਅੰਗਨੂੰ[1] ਸਾਹਿਬ ਗਯੋ ਬਿਠਾਰਨ[2] ॥੨੯੦॥ | [1]ਨਾਮ। [2]ਬਿਠਾਉਣ ਭਾਵ ਕਬਜ਼ਾ ਦਿਵਾਉਣ। |
| ਜਬੈ ਕਿਲ੍ਹੇ ਕੇ ਬੀਚ ਪਧਾਰੇ। | |
| ਚਾਰਜ[1] ਲੇਵਨ ਲਗੇ ਸੁਧਾਰੇ। | [1]ਕਬਜ਼ਾ। |
| ਏਕ ਸਿਪਾਹੀ ਅੰਗਨੂੰ ਤਾਂਈਂ। | |
| ਮਾਰਿ ਗਿਰਾਯੋ ਤਬੈ ਤਹਾਂਈਂ ॥੨੯੧॥ | |
| ਔਰ ਕਿਤਿਕ ਹਤ[1] ਜ਼ਖਮੀ ਕੀਨੇ। | [1]ਮਾਰ ਕੇ। |
| ਬਿਗਰੀ ਫੌਜ ਕਿਲ੍ਹੇ ਕੀ ਪੀਨੇ[1]। | [1]ਬਹੁਤੀ, ਤਕੜੀ। |
| ਮੂਲ-ਰਾਜ ਭੀ ਸੰਗੀ ਕੀਨੋ। | |
| ਲਗਯੋ ਜੰਗ ਫਿਰ ਹੋਵਨ ਪੀਨੋ ॥੨੯੨॥ | |
| ਏਕ ਦਿਵਸ ਦੁਹਿ ਦਿਸ ਤੈ ਭਾਰੀ। | |
| ਚਲੀ ਤੋਪ ਜਨ ਮਰੇ ਅਪਾਰੀ। | |
| ਸਿੱਖੀ ਫੌਜ ਹੁਤੀ ਤਹਿਂ ਜੇਤੀ। | |
| ਮੂਲ-ਰਾਜ ਸੋਂ ਮਿਲ ਗਈ ਤੇਤੀ ॥੨੯੩॥ | |
| ਸ਼ੇਰ ਸਿੰਘ ਭੀ ਤਾਂ ਸੋਂ ਭਿਲਾ[1]। | [1]ਮਿਲ ਗਿਆ। |
| ਪੈ ਨ ਕਿਲ੍ਹੇ ਮੈਂ ਬੜਨਾ ਮਿਲਾ। | |
| ਮੂਲ-ਰਾਜ ਬਦਜ਼ਨ[1] ਤਬਿ ਹੋਯੋ। | [1]ਨਫ਼ਰਤ ਸਹਿਤ। |
| ਤਿਸ ਦਿਸ ਤੈ, ਵਹਿ ਕਾਲ ਵਿਗੋਯੋ[1] ॥੨੯੪॥ | [1]ਤਿਸ ਸ਼ੇਰ ਸਿੰਘ ਦੀ ਤਰਫ਼ ਤੋਂ (ਜਾਣੋ ਇਹ) ਸਮੇਂ ਨੇ ਹੀ ਉਸ ਨੂੰ ਖ਼ਰਾਬ ਕਰ ਦਿੱਤਾ। |
| ਸ਼ੇਰ ਸਿੰਘ ਨਿਜ ਸੈਨਾ ਲੈ ਕੈ। | |
| ਰਾਵਲਪਿੰਡੀ ਦਿਸ ਗਯੋ ਧੈ ਕੈ। | |
| ਇਤ ਅੰਗ੍ਰੇਜ਼ੈਂ ਕਰਿ ਬਡ ਜੰਗੈਂ। | |
| ਫਤੇ ਕੀਨ ਮੁਲਤਾਨ ਨਿਸੰਗੈਂ ॥੨੯੫॥ | |
| ਮੂਲ-ਰਾਜ ਕੋ ਪਕਰਿ ਲਿਯਾਏ। | |
| ਪੂਰਬ ਦਿਸਾ ਦਯੋ ਪਹੁੰਚਾਏ। | |
| ਸ਼ੇਰ ਸਿੰਘ ਕਾ ਵਾਲਦ[1] ਸੂਬਾ। | [1]ਪਿਤਾ। |
| ਹੁਤੋ ਪਸ਼ੌਰ ਚਤਰ ਸਿੰਘ ਖ਼ੂਬਾ[1] ॥੨੯੬॥ | [1]ਚੰਗਾ। |
| ਸੋ ਭੀ ਬਿਗਰਯੋ ਸੰਗ ਅੰਗ੍ਰੇਜ਼ੈਂ। | |
| ਸ਼ੇਰ ਸਿੰਘ ਜਾ ਮਿਲਯੋ ਤੇਜ਼ੈਂ[1]। | [1]ਛੇਤੀ। |
| ਸਿੱਖ ਸਰਦਾਰ ਔਰ ਥੇ ਜੇਤੇ। | |

ਹੁਤੋ ਜੁ ਭੂਪ ਬਿਸਾਲੂ ॥੩੪॥
ਲਰਤ ਰਹੇ ਤੀਨੋ ਸਦ ਇਸ ਸੈਂ,
ਨਿਜ ਨਿਜ ਹੱਦਨ ਪੈਹੈ।
ਪੈ ਤਾਰਾ ਸਿੰਘ ਗੈਬਾ ਲਰ ਕਰਿ,
ਪਾਵਤ ਰਹਯੋ ਫਤੈ ਹੈ।
ਇਸ ਕੇ ਸੰਗੀ ਮਿਸਲ ਦਾਰ ਜੇ,
ਥੇ ਸਰਦਾਰ ਅਪਾਰੇ।
ਜਾਨੈਂ ਤੋੜ ਲੜਤ ਥੇ ਇਸ ਹਿਤ,
ਨਿਜ ਨਿਜ ਦਲ ਸਾਰੇ ॥੩੫॥
ਹੁਤੋ ਉਦਾਰ ਸਖੀ ਅਤਿਸੈ ਇਹੁ,
ਪੈਦਾ[1] ਇਸ ਜੋ ਆਤੀ। [1]ਆਮਦਨੀ।
ਸਭਿ ਕੋ ਬਾਂਟ ਦੇਤ ਬਿਨੁ ਦੇਰੈਂ,
ਸ਼ੀਰੀਂ-ਸੁਖਨ ਮਹਾਂ ਥੀ[1]। [1]ਬਚਨਾਂ ਵਿੱਚ ਬਹੁਤ ਮਿਠਾਸ ਸੀ।
ਬਲਿਕੈ[1] ਲੰਗਰ ਗ੍ਰਾਮ ਗ੍ਰਾਮ ਮੈਂ, [1]ਸਗੋਂ।
ਲਾਇ ਰਖੇ ਥੇ ਭਾਰੇ।
ਸਾਧੂ ਸਿੱਖ ਗਰੀਬ ਰੱਯਤੈਂ,
ਸਭਿ ਕੋ ਦੇਤ ਅਪਾਰੇ ॥੩੬॥
ਇਸ ਹਿਤ ਰੱਯਤ ਇਸ ਕੀ ਮੱਦਦ,
ਕਰਤੀ ਜੰਗ ਮਝਾਰੈਂ।
ਮੁਹਕਮ-ਚੰਦ ਦੀਵਾਨ ਲਹੌਰੀ,
ਗਯੋ ਕਈ ਬਿਰ ਹਾਰੈਂ।
ਲਵਪੁਰ-ਪਤਿ ਸੋਂ[1] ਫਿਰ ਸਲੂਕ ਇਨ, [1]ਮਹਾਰਾਜਾ ਰਣਜੀਤ ਸਿੰਘ ਨਾਲ।
ਕਰਿ ਲੀਨੋ ਥਾ ਨੀਕੈਂ[1]। [1]ਚੰਗਾ (ਸਲੂਕ) ਵਰਤਾਉ।
ਅੱਠਾਰਾਂ ਸੈ ਚੌਸਠ ਮੈਂ ਜਬਿ,
ਸੁਰਗ ਸਿਧਾਰਯੋ ਠੀਕੈਂ ॥੩੭॥
ਮਾਤਮ ਪੁਰਸੀ ਹਿਤ[1] ਲਵਪੁਰ-ਪਤਿ, [1]ਅਫ਼ਸੋਸ ਕਰਨ ਵਾਸਤੇ।
ਘਰ ਇਸ ਕੇ ਪੁਨ ਆਯੋ।
ਫਤੇ ਸਿੰਘ ਆਲੂ ਕੀ ਮਸਲਤ
ਸੈਂ[1], ਇਮ ਦਗਾ ਕਮਾਯੋ। [1]ਸਲਾਹ ਨਾਲ।
ਸਿੰਘ ਦਸੌਂਧਾ ਤਾਰਾ-ਹਰਿ ਕਾ

## ੫੫. {ਨਾਭਾ, ਜੀਂਦ, ਕੈਂਥਲ ਤੇ ਫਰੀਦਕੋਟ ਆਦਿ ਰਿਆਸਤਾਂ ਦੇ ਪ੍ਰਸੰਗ}

ਅਹਵਾਲ ਨਾਭੇ ਕਾ

ਦੋਹਰਾ:

ਨਾਭੇਸ੍ਰਰ ਕੀ[1] ਕਥਾ ਅਬਿ,
ਦੈਹੋਂ ਤਨਕ ਦਿਖਾਇ।
ਭਯੋ ਫਰਜੰਦ ਜੁ ਫੂਲ ਕਾ,
ਤਲੋਕ ਸਿੰਘ ਵਡ ਸਾਇ[1] ॥੧॥

ਚੌਪਈ:

ਤਾਂ ਕੇ ਘਰ ਪੁੱਤਰ ਜੁਗ ਭਏ।
ਇਕ ਸੁਖਚੈਨ ਸਿੰਘ ਵਡ ਜਏ[1]।
ਦੂਸਰ ਗੁਰਦਿਤ ਸਿੰਘ ਬਿਦਤਯੋ।
ਸੂਰਤ ਸਿੰਘ ਤਾਂ ਕੇ ਘਰ ਜਯੋ ॥੨॥
ਇਨ ਭੀ ਕਰਿ ਹਿੰਮਤ ਅਤਿ ਭਾਰੀ।
ਰਾਜਨੀਤਿ ਕੀ ਰੀਤਿ ਸੰਭਾਰੀ।
ਰਾਖਿ ਫੌਜ ਕੀਨੋ ਨਿਜ ਕਾਜਾ।
ਲਯੋ ਸੰਭਾਰ ਮੁਲਕ ਬਹੁ ਰਾਜਾ[1] ॥੩॥
ਸੂਰਤ ਸਿੰਘ ਕੇ ਭਏ ਉਭੈ ਸੁਤ[1]।
ਹਮੀਰ ਸਿੰਘ ਕਪੂਰ ਸਿੰਘ ਯੁਤ।
ਸੂਰਤ ਸਿੰਘ ਗੁਰੁ-ਲੋਕ ਬਸਯੋ ਜਬਿ।
ਭਯੋ ਨ੍ਰਿਪ ਹਮੀਰ ਸਿੰਘ ਤਬਿ ॥੪॥
ਤਿਨ ਹਿੰਮਤ ਕੀ ਗਹਿ ਸ਼ਮਸ਼ੇਰੈਂ।
ਮੁਲਕ ਲਯੋ ਬਹੁ ਹੋਇ ਦਲੇਰੈਂ।
ਨਾਭਾ ਸ਼ਹਿਰ ਅਬਾਦ ਕੀਓ ਪੁਨ।
ਰਜਧਾਨੀ ਵਹਿ ਥਾਪੀ ਨਿਜ ਗੁਨ[1] ॥੫॥
ਸੁਤ ਜਸਵੰਤ ਸਿੰਘ ਤਿਹ ਪੀਨੋ[1]।
ਪਾਛੇ ਭਯੋ ਪ੍ਰਗਟ ਜਗ ਚੀਨੋ[1]।
ਸੁੰਦਰ ਸਬਲ ਬੁਧਿਬਰ ਵਾਰੋ[1]।
ਹੁਤੋ ਰਾਜ ਇਨ ਕੀਨੋ ਭਾਰੋ ॥੬॥
ਲਵਪੁਰ ਪਤਿ ਜਬਿ ਉਤ ਦਿਸ ਗਯੋ।
ਮੇਲ ਯਾਂਹਿ ਤਿਸ ਸੋਂ ਬਡ ਠਯੋ[1]।

[1]ਨਾਭੇ ਦੇ ਰਾਜੇ ਦੀ।
[1]ਉਹ ਤਲੋਕ ਸਿੰਘ ਫੂਲ ਦਾ ਵੱਡਾ ਪੁੱਤਰ ਸੀ।
[1]ਪੈਦਾ ਹੋਇਆ।
[1]ਰਾਜਾ (ਬਣ ਗਿਆ)।
[1]ਦੋ ਪੁੱਤਰ।
[1]ਵਿਚਾਰ ਕੇ ਆਪਣੀਰਾਜਧਾਨੀ ਬਣਾਈ।
[1]ਤਕੜਾ।
[1]ਜਾਣੋ।
[1]ਸੁੰਦਰ, ਬਲੀ ਤੇ ਸ੍ਰੇਸ਼ਟ ਬੁੱਧੀ ਵਾਲਾ।
[1]ਕੀਤਾ।

ਰਹੇ ਵਹੇ ਕਿਛੁ ਦਿਵਸ ਤਮਾਮੁ[1] ॥ ੯੩ ॥

**ਦੋਹਰਾ:**

ਜਬਿ ਸਰਕਾਰ ਲਹੌਰ ਕੇ,
ਅਰ ਅੰਗ੍ਰੇਜ਼ਨ ਮਾਂਹਿ।
ਅੱਠਾਰਾਂ ਸੌ ਪੈਂਹਠੇ,
ਅਹਿਦ[1] ਭਯੋ ਦ੍ਰਿਢ ਆਹਿ ॥ ੯੪ ॥

**ਚੌਪਈ:**

ਇਨ ਕੀ ਰਜਾਸਤ ਅੰਗ੍ਰੇਜ਼ੈਂ ਤਬਿ।
ਦਈ ਦਿਲਾਇ ਇਨੀ ਕੋ ਫਿਰ ਸਭਿ।
ਕਾਰ ਬਾਰ ਫੌਜੁ ਸਿੰਘ ਸਾਰੀ।
ਸਿੰਘ ਗੁਲਾਬ ਕੀ ਭਲੇ ਸੰਭਾਰੀ ॥ ੯੫ ॥
ਪਹਾੜ ਸਿੰਘ ਸਾਹਿਬ ਸਿੰਘ ਤਾਂਈਂ।
ਮਿਲਯੋ ਗੁਜ਼ਾਰਾ ਜੋਗ ਜਥਾਈ[1]।
ਹਰਿ-ਗੁਲਾਬ ਸ਼ਿਕਾਰ ਮੈਂ ਮੂਆ।
ਅਤਰ ਸਿੰਘ ਤਾਂ ਕਾ ਸੁਤ ਹੂਆ ॥ ੯੬ ॥
ਅੱਠਾਰਾਂ ਸੌ ਵੀਚ ਅਠਾਸੀ।
ਅਤਰ ਸਿੰਘ ਭੀ ਕਤਲ ਕਰਾਸੀ[1]।
ਕਾਤਲ ਬਾਪ ਪੂਤ ਕਾ ਜੋਈ।
ਸਾਬਤ ਭਯੋ ਨ ਬਿਨ ਘਰ ਕੋਈ ॥ ੯੭ ॥
ਆਮਦ ਦਸ ਹਜ਼ਾਰ ਕੀ ਪਹਿਲੇ।
ਹੁਤੀ, ਕਰੀ ਇਨ ਬੀਸਕ ਸਹਿਲੇ[1]।
ਪਿਤਾ ਪੂਤ ਥੇ ਸਜਾਨੇ ਜਜਾਦੈਂ।
ਕਰੇ ਗਾਂਮ ਥੇ ਅਧਿਕ ਅਬਾਦੈਂ ॥ ੯੮ ॥
ਸਿੰਘ ਪਹਾੜ ਅਤਰ ਸਿੰਘ ਪਾਛੇ।
ਮਾਲਕ ਰਜਾਸਤ ਥੀਓ ਆਛੇ।
ਸਾਹਿਬ ਸਿੰਘ ਫਿਰ ਤਿਸ ਕੇ ਭਾਈ।
ਸਿੰਘ ਪਹਾੜ ਸੈਂ ਕਰੀ ਲੜਾਈ ॥ ੯੯ ॥
ਇਨ ਨਿਜ ਕੁਲੈਂ ਰੀਤਿ ਅਨੁਸਾਰੈਂ।
ਸੋ ਮਰਵਾਯੋ ਹਰੀ-ਪਹਾਰੈਂ।
ਰਾਜ ਸਭੀ ਬੇਖਟਕੇ[1] ਕੀਨੋ।

[1]ਸਾਰੇ।
[1]ਇਕਰਾਰ।
[1]ਜੈਸਾ ਯੋਗ ਸੀ।
[1]ਕਰਾ ਦਿੱਤਾ ਸੀ।
[1]ਸੁਖਾਲੇ ਹੀ।
[1]ਬੇ-ਫ਼ਿਕਰ ਹੋ ਕੇ।

ਜਾਂਹਿ ਹੇਤ ਪਸਰੂਰ ਪ੍ਰਗਨਾ ਲਹਾਯੋ ਭੂਰ,
ਡੇਢ ਲਾਖ ਕੋ ਜਰੂਰ ਇਨੈ ਤਬਿ ਲੱਧ ਕੈ[1] ॥ ੫੫ ॥

[1]ਜਿਸ ਕਰ ਕੇ ਪਸਰੂਰ ਦਾ ਬਹੁਤਾ ਇਲਾਕਾ ਜੋ ਠੀਕ ਡੇਢ ਲੱਖ ਦਾ ਸੀ ਇਨ੍ਹਾਂ ਨੇ ਲੱਭ ਕੇ (ਲਹਾਯੋ) ਦਿਵਾ ਦਿੱਤਾ।

ਮਹਾਰਾਜ ਰਣਜੀਤ ਸਿੰਘ ਜੌ ਲਹੌਰ ਲੀਓ,
ਰਹਜੋ ਇਨ ਕੋ ਬੁਲਾਇ ਮਿਲੇ ਯੇ ਨ ਜਾਇ ਹੈਂ।
ਛੀਨ ਲੀਨ ਤਾਂਹਿ ਯਾਂਹਿ ਕੇਰ ਹੂੰ ਮੁਲਕ ਬਹੁ,
ਮਿਲਿਓ ਨਿਹਾਲ ਸਿੰਘ ਫੇਰ ਧਰ ਭਾਇ ਹੈ[1]।

[1]ਪ੍ਰੇਮ ਧਾਰ ਕੇ।

ਸੱਤਰ ਜੰਬੂਰੇ[1] ਦੋਇ ਤੋਪ ਪਾਂਚ ਸੌ ਸਵਾਰ

[1]੭੦ ਛੋਟੀਆਂ ਤੋਪਾਂ।

ਦੈ, ਪਠਾਯੋ ਛੱਛ ਓਰ[1] ਜਾਇ ਕੈ ਤਹਾਂਇ ਹੈ।

[1]ਛੱਛ ਇਲਾਕੇ ਦੀ ਤਰਫ਼। (ਛੱਛ- ਜ਼ਿਲ੍ਹੇ ਅਟਕ ਦੀ ਅਟਕ ਤਹਿਸੀਲ ਵਿੱਚ ਸਿੰਧੁ ਦੇ ਕਿਨਾਰੇ ਦਾ ਇਕ ਇਲਾਕਾ ਜੋ ੧੯ ਮੀਲ ਲੰਬਾ ਤੇ ੯ ਮੀਲ ਚੌੜਾ ਹੈ ਇਸ ਨੂੰ ਛੱਛ ਹਜ਼ਾਰਾ ਜਾਂ ਚੱਚ ਹਜ਼ਾਰਾ ਭੀ ਆਖਦੇ ਹਨ।)

ਕੀਓ ਸਰ[1] ਮੁਲਕ ਇਨਤਜ਼ਾਮ[2] ਤਾਂਹਿ ਭਲ,

[1]ਫ਼ਤਿਹ। [2]ਪ੍ਰਬੰਧ।

ਦੀਓ ਸੁੱਖੋ ਦਾ ਇਲਾਕਾ ਖੁਸ਼ੀ ਨ੍ਰਿਪ ਥਾਇ ਹੈ[1] ॥ ੫੬ ॥

[1]ਮਹਾਰਾਜਾ ਰਣਜੀਤ ਸਿੰਘ ਨੇ ਖ਼ੁਸ਼ੀ ਹੋ ਕੇ।

ਫੇਰ ਜੌ ਫੀਰੋਜ਼ਪੁਰ ਪਤਿ, ਧੰਨੇ ਸਿੰਘ
ਗੁਰਬਖਸ਼ ਸਿੰਘ ਜੂ ਕੇ ਸੁਤ, ਰੱਯਤ ਦੁਖਾਈ ਹੈ।
ਆਏ ਫਰਜਾਦੀ ਲੋਗ ਮਹਾਰਾਜ ਜੂ ਪੈ ਤਬਿ,
ਮਹਾਰਾਜ ਦੈ ਕੈ ਫੌਜ ਪਠਜੋ ਏਸ ਤਾਂਈਂ ਹੈ।
ਜਾਇ ਏਨ ਜੰਗ ਕੈ ਭਗਾਇ ਦੀਓ ਧੰਨਾ ਸਿੰਘ,
ਦੋਇ ਲਾਖ ਕਾ ਇਲਾਕਾ ਲਯੋ ਸੋ ਛਿਨਾਈ ਹੈ[1]।

[1]ਉਹ ਖੋਹ ਲਿਆ।

ਪ੍ਰਗਨਾ ਅਟਾਰੀ ਕਾ ਇਵਜ਼ ਏਸ ਖਿਦਮਤ[1],

[1]ਏਸ ਸੇਵਾ ਦੇ ਬਦਲੇ।

ਦੀਓ ਮਹਾਰਾਜ ਨੈ ਨਿਹਾਲ ਸਿੰਘ ਤਾਂਈਂ ਹੈ ॥ ੫੭ ॥
ਮਰਜੋ ਸੋ ਚੁਹੱਤ੍ਰ ਮੈਂ ਤਾਂ ਕੇ ਸੁਤ ਸ਼ਜਾਮ ਸਿੰਘ,
ਕਾਮ ਕਰਿ ਨੇਕ ਨਾਮ[1] ਇੱਜ਼ਤੈਂ ਬਡੈਂ ਪਈ[2]।

[1]ਮਸ਼ਹੂਰੀ, ਪ੍ਰਸਿੱਧੀ। [2]ਵੱਡੀ ਇੱਜ਼ਤ ਪਾ ਲਈ।

ਚੁਹੱਤ੍ਰੇ ਮੈਂ ਮੁਲਤਾਨ ਛਿਹੱਤ੍ਰੇ ਮੈਂ ਕਾਸ਼ਮੀਰ,
ਬਜਾਸੀਏ ਮੈਂ ਬੰਨੂ ਕੀ ਮੁਹਿੰਮ ਸਰ ਜੌ ਭਈ[1]।

[1]ਜਾਂ ਜੰਗ ਫ਼ਤਿਹ ਹੋ ਗਈ।

ਦਸਕ ਹਜ਼ਾਰ ਫੌਜ ਮੌਜ ਸਿੰਧੁ ਕੀ ਸੀ[1]

[1]ਸਮੁੰਦਰ ਦੀ ਲਹਿਰ ਵਰਗੀ।

ਸ਼ਜਾਮ ਸਿੰਘ ਆਗੇ ਹ੍ਵੈ ਲਰਾਈ ਫਤੇ ਏਸ ਤ੍ਰੈ

[1]ਏਸ ਨੇ ਤਿੰਨ ਵਾਰ ਫਤੇ ਲਈ।

ਥੀ ਜੁ ਲਰਤ ਢਿਗ ਹੀ ਤਿਨ ਕੇਰੈਂ।
ਤਿਸ ਕੋ ਖੁਦ ਹੀ ਭਾਜ ਪਵੈ ਕੈ।
ਲੈ ਆਯੋ ਪਾਛੇ ਕੋ ਧੈ ਕੈ[1] ॥੭੧॥
ਸ਼ਜਾਮ ਸਿੰਘ ਬਹੁ ਸਿੰਘਨ ਸੰਗੈਂ।
ਮਾਰਿ ਹਜ਼ਾਰਨ ਤਈਂ ਨਿਸੰਗੈਂ।
ਥਯੋ ਸ਼ਹੀਦਰਸੀਦ ਲਹਾਨੀ[1]।
ਦਫਤ੍ਰ ਕਿਯ ਜਮੇਸ ਕਾ ਫਾਨੀ[1] ॥੭੨॥
ਗੁਰਪੁਰਿ ਬਸਜੋ ਭਵਾਂਬੁਧ[1] ਤਰਿਓ।
ਨਿਜ ਕੁਲ ਇੱਕੀ ਤਈਂ ਉਧਰਿਓ।
ਲਿਖਤ ਤਰੀਫ ਗਰੀਫਨ ਸਾਹਿਵ।
ਯਾਂ ਕੀ ਨਿਜ ਤਰੀਖ ਮਧ ਸਾ ਇਵ[1] ॥੭੩॥

ਪਾਂਚ ਸਾਂਤ ਸਰਦਾਰ ਜਿ ਔਰੈਂ।
ਲਰਤੇ ਸ਼ਜਾਮ ਸਿੰਘ ਸਮ ਗੌਰੈਂ।
ਤੌ ਅੰਗ੍ਰੇਜ਼ਨ ਕੌ ਕਲਕੱਤੈਂ।
ਭੀ ਥਾ ਟਿਕਨ ਔਖ ਅਲਵੱਤੈਂ[1] ॥੭੪॥
ਪੈ ਤੇਜਾ ਸਿੰਘ ਭਾਵੀ ਪ੍ਰੇਰਾ[1]।
ਨਿਮਕ ਹਰਾਮੀ ਥਯੋ ਬਧੇਰਾ।
ਚਾਹਿਤ ਥਾ ਸੋ ਜੇ[1] ਅੰਗ੍ਰੇਜ਼ੀ।
ਸਿੰਘਨ ਓਪ ਘਟਾਵਨ ਤੇਜੀ[1] ॥੭੫॥

ਕਾਮ ਮੰਦ ਅਤਿਸੈ ਉਨ ਕੀਓ।
ਅਫਸਰ ਹ੍ਵੈ ਬਡ ਦਗਾ ਕਮੀਓ।
ਜਾਂ ਦਿਨ ਮੁੱਦਕੀ ਥਈ ਲੜਾਈ।
ਮੱਦਦ ਜਲ ਲੌ ਭੀ ਨ ਪੁਚਾਈ ॥੭੬॥
ਪਾਨੀ ਪਾਉ ਰੁਪੱਯੇ ਕੇਰਾ।
ਸੋ ਭੀ ਨਹਿਂ ਜਬਿ ਮਿਲਜੋ ਬਧੇਰਾ।
ਸਿੰਘ ਪਯਾਸੇ ਬਜਾਕੁਲ ਭਾਰੇ।
ਹ੍ਵੈ ਨਿਜ ਗੁਰੁ ਪ੍ਰਭੁ ਪਾਸ ਪੁਕਾਰੇ ॥੭੭॥
ਬਦਲੀ ਦਲ ਸਿੰਘਨ ਪਰ ਛਾਈ।

[1]ਦੌੜ ਕੇ।
[1]ਛੁੱਟੀ (ਮੁਕਤੀ) ਲੈ ਲਈ।
[1]ਧਰਮਰਾਜ ਦਾ ਦਫ਼ਤਰ ਨਾਸ਼ ਕਰ ਦਿੱਤਾ ਭਾਵ ਸਾੜ ਦਿੱਤਾ।
[1]ਸੰਸਾਰ ਸਮੁੰਦਰ।
[1](ਸਾ) ਉਹ ਗਰੀਫ਼ਨ ਸਾਹਿਬ ਅੰਗਰੇਜ਼ ਆਪਣੀ ਤਵਾਰੀਖ਼ ਵਿੱਚ (ਯਾਂ ਕੀ) ਇਸ (ਸ਼ਾਮ ਸਿੰਘ) ਦੀ (ਇਵ) ਇਸ ਤਰ੍ਹਾਂ ਉਸਤਤ ਲਿਖਦਾ ਹੈ।
[1]ਬਿਨਾਂ ਸੰਸੇ ਤੋਂ।
[1]ਹੋਣਹਾਰ ਦਾ ਪ੍ਰੇਰਿਆ।
[1]ਜਿੱਤ।
[1]ਸਿੰਘਾਂ ਦੀ ਉਪਮਾਂ (ਮਹਿਮਾਂ) ਤੇ ਤੇਜ਼ੀ (ਪ੍ਰਤਾਪ) ਘਟਾਉਣ ਵਾਸਤੇ।

ਹਮਰੇ ਪੰਥ ਵੀਚ ਸਭਿ ਥੀਰੀ[1]। — [1]ਟਿਕਣਗੀਆਂ। (ਅ) ਹੋਣਗੀਆਂ।
ਇਤਜਾਦਿਕ ਬਰ ਸਤਿਗੁਰੁ ਦੀਏ।
ਜੋ ਸੁਨਿ ਸਿੱਖ ਸਭੈ ਖੁਸ਼ਿ ਥੀਏ ॥੫੪॥
ਪੁਨ ਗੁਰੁ ਸੰਸਕ੍ਰਿਤ ਤੈ ਭਾਸ਼ਾ[1]। — [1]ਬ੍ਰਿਜ ਭਾਸ਼ਾ ਵਿੱਚ।
ਉਨ ਤੈ ਗ੍ਰੰਥ ਕ੍ਰਏ ਅਨਜਾਸਾ[1]। — [1]ਬਿਨਾਂ ਜਤਨ ਉਨ੍ਹਾਂ ਤੋਂ ਗ੍ਰੰਥ (ਉਲਥਾ) ਕਰਵਾਏ।
ਉਪਨਿਸ਼ਦੈਂ ਸੁ ਭਾਗਵਤ, ਭਾਰਥ[1]। — [1]ਮਹਾਂ-ਭਾਰਤ।
ਸ਼ੁੱਕਰ-ਨੀਤੀ, ਆਗਮ ਸਰਥਾ[1] ॥੫੫॥ — [1]ਸ਼ਾਸਤ੍ਰ ਅਰਥਾਂ ਸਹਿਤ।
ਕਰਮ-ਵਿਪਾਕ[1] ਧਰਮ ਸਾਬੰਧੀ[2]। — [1]ਗ੍ਰੰਥ ਦਾ ਨਾਮ। [2]ਧਰਮ ਸਬੰਧੀ ਪੁਸਤਕ।
ਰੁੱਦਰ ਯਾਮਲ, ਤੰਤ੍ਰ-ਸੰਧੀ।
ਭਾਸ਼ਾ ਕੀਨੇ ਇਤਿਕ ਬਿਸਾਲੈਂ।
ਜੋਊ ਅਨੰਦਪੁਰ ਛੋਡਨ ਕਾਲੈਂ[1] ॥੫੬॥ — [1]ਛੱਡਣ ਸਮੇਂ।
ਕੁਛ ਪਹਾਰੀਅਨ ਕੁਛ ਤੁਰਕਾਨੈ।
ਜਾਰੇ ਫਾਰੇ ਸੁਟੇ ਕਿਤਾਨੈਂ[1]। — [1]ਸਾੜ ਦਿੱਤੇ, ਪਾੜ ਦਿੱਤੇ, ਕਿਤਨੇ ਹੀ ਸੁੱਟ ਦਿੱਤੇ।
ਪਾਂਚ ਸਾਤ ਭਾਰਤ ਲੌ ਅਬਿ ਭੀ।
ਹੈਂ, ਜਾਨਤ ਸਜਾਨੇ ਸਿੱਖ ਸਭਿ ਭੀ ॥੫੭॥

ਦੋਹਰਾ:
ਸ਼ਸਤ੍ਰ ਸ਼ਾਸਤ੍ਰ ਬਿੱਦਜਾ
ਕੇਰ, ਅਧਿਕ ਪਰਿਚਾਰ।
ਕਰਵਾਯੋ ਗੁਰੁ ਸਿੱਖਨ ਮੈਂ,
ਲਖਿ ਜੁਗ ਅਤੀ ਉਦਾਰ[1] ॥੫੮॥ — [1]ਦੋਹਾਂ (ਵਿੱਦਿਆਂ) ਨੂੰ ਬਹੁਤ ਸ੍ਰੇਸ਼ਟ ਜਾਣ ਕੇ।

ਚੌਪਈ:
ਪੁਨ ਇਕ ਦਿਨ ਸਤਿਗੁਰੂ ਬਿਲਾਸੀ[1]। — [1]ਕੌਤਕੀ।
ਪਰਖਨ ਹਿਤ ਦਿਢ, ਸਿੱਖ ਨਿਰਾਸੀ[1]। — [1]ਸਾਰਿਆਂ ਸਿੱਖਾਂ ਨੂੰ।
ਲਾਇ ਦਿਵਾਨ ਕੇਸ-ਗਢ ਮਾਹੈਂ।
ਪੰਚਾਂਮ੍ਰਿਤ ਬਹੁ ਲਯੋ ਮੰਗਾਹੈ ॥੫੯॥
ਲੁਟ ਛਕੋ ਗੁਰੁ ਕਹਜੋ ਸੁਨਾਏ।
ਲੁਟ ਛਕਜੋ ਸਿੱਖਨ ਝਟ ਧਾਏ।
ਅਧਿਕ ਸਿੱਖ ਤਬਿ ਬੈਠ ਰਹਾਏ।
ਗੁਰੂ ਮੰਗਾਯੋ ਔਰ ਕਰਾਏ[1] ॥੬੦॥ — [1]ਹੋਰ (ਕੜਾਹ ਪ੍ਰਸ਼ਾਦ ਤਿਆਰ) ਕਰਵਾ ਕੇ।
ਪੁਨ ਕਲਗੀਧਰ ਹੁਕਮ ਸੁਨਾਵਾ।

ਸਤ੍ਰਾਂ ਸੈ ਸਤਾਸੀਏ ਮੈਂਹੈਂ।
ਸੂਰਜ ਗ੍ਰਹਿਨ ਕੁਰਖੇਤ੍ਰ ਪੈਹੈ[1]। [1]ਕਲਖੇਤ੍ਰ ਦੇ ਪਾਸ ਸੂਰਜ ਗ੍ਰਹਿਣ ਦਾ ਮੇਲਾ ਲੱਗਿਆ।
ਬਾਜੀ-ਰਾਵ ਮਰ੍ਹੱਟਾ ਆਯੋ।
ਕਰਿ ਇਸ਼ਨਾਨ ਦਾਨ ਬਹੁ ਦਾਯੋ ॥੧੨੮॥
ਸਭਾ ਪੰਡਤੋਂ ਕੀ ਉਨ ਕੀਨੀ।
ਸ਼ਾਸਤ੍ਰਾਰਥ ਭਯੋ ਅਤਿ ਪੀਨੀ[1]। [1]ਬਹੁਤ ਭਾਰੀ (ਸ਼ਾਸਤ੍ਰਾਰਥ) ਚਰਚਾ ਹੋਈ।
ਮਹਾਰਾਜ ਸਿੰਘ ਸਭਿ ਪਰ ਫਤੈ।
ਪਾਈ, ਗੁਰੁ ਕ੍ਰਿਪਾ ਤੈ ਅਤੈ[1] ॥੧੨੯॥ [1]ਵੱਡੀ।
ਬਿਜੈ-ਪੱਤ੍ਰ[1] ਮਰ੍ਹੱਟੇ ਨ੍ਰਿਪ ਦਾਯੋ। [1]ਜਿੱਤ ਦੀ ਚਿੱਠੀ।
ਏਕ ਗ੍ਰਾਮ ਜਾਗੀਰ ਲਗਾਯੋ।
ਸੰਨਦ ਲਿਖ ਦੀਨੀ ਨ੍ਰਿਪ ਚਾਹੀ[1]। [1]ਉਤਸ਼ਾਹ ਨਾਲ।
ਜੋ ਅਬਿ ਹੈ ਉਸ ਡੇਰੇ ਮਾਂਹੀਂ ॥੧੩੦॥
ਅਰ ਇਕ ਮੰਦਰ ਸੋਊ ਬਨੈ ਕੈ।
ਮਹਾਰਾਜ ਸਿੰਘ ਕੋ ਗਯੋ ਦੈ ਕੈ।
ਮਰ੍ਹੱਟੀ ਕਤਾ ਕੇਰ ਹੈ ਸੋਈ[1]। [1]ਉਹ (ਮੰਦਰ) ਮਰਹੱਟੀ (ਕਤਾ) ਢੰਗ ਦਾ ਹੈ।
ਰੁੱਦ੍ਰ ਕੂਪ ਢਿਗ ਜਾਨਤ ਲੋਈ[1] ॥੧੩੧॥ [1]ਸ਼ਿਵ ਦੀ ਜੇ ਖੂਹ ਕੋਲ ਲੋਕ ਜਾਣਦੇ ਹਨ।
ਸੰਮਤ ਸੱਤ੍ਰਾਂ ਸੌ ਸੈਤਾਸੀ।
ਕਾ ਤਹਿਂ ਪੱਥਰ ਖੁਦਜੋ ਦਿਖਾਸੀ[1]। [1]ਓਥੇ ਖੋਦਿਆ (ਉਕਰਿਆ) ਹੋਇਆ ਦਿਸਦਾ ਹੈ।
ਤਾਂ ਕੀ ਸੰਪ੍ਰਦਾਇ ਬੇਸਾਲੇ।
ਰੁੱਦ੍ਰ ਕੂਪੀਏ ਸਾਧੂ ਚਾਲੇ ॥੧੩੨॥
ਇਸ ਤੈ ਭੀ ਇਕ ਔਰ ਪੁਰਾਨੀ।
ਗਾਥ ਸੁਨੈਹੋਂ ਤੁਮੈ ਮਹਾਨੀ।
ਹੈ ਖਡੂਰ ਮੈਂ ਜੋਊ ਡੇਰਾ।
ਲਖੋ ਨਿਰਮਲਜੋਂ ਕੇਰ ਬਡੇਰਾ ॥੧੩੩॥
ਦਸਮ ਗੁਰੂ ਕੇ ਵਕਤੈਂ ਕੇਰੋ।
ਹੈ ਸੋਊ ਨਿਸਚੈ ਦਿਢ ਹੇਰੋ।
ਤਹਿਂ ਭਾਈ-ਪੰਜਾਬ ਸੁ ਸਾਧੂ।
ਰਹਿਤੋ ਪਹਿਲੇ ਸੁਮਤਿ ਅਗਾਧੂ[1] ॥੧੩੪॥ [1]ਬਹੁਤੀ ਸ੍ਰੇਸ਼ਟ ਮਤਿ ਵਾਲਾ।
ਸਿੰਘ ਪੰਥ ਜਬਿ ਗੁਰੂ ਸਜਾਯੋ।
ਸੁਧਾ ਦਯਾ ਸਿੰਘ ਤੈ ਤਿਨ ਪਾਯੋ।

ਚੌਪਈ:

ਸਾਖੀ ਏਹੁ ਚਾਰ ਹਮ ਜੈਸੇ।
ਸੁਨੀ ਪਿਖੀ ਲਿਖ ਦੀਨੀ ਤੈਸੇ।
ਅਬਿ ਜੈਸੇ ਊਚੇ ਦਸਤਾਰੇ।
ਸਾਜੇ ਤੈਸੇ ਦੈਹੁਂ ਦਿਖਾਰੇ[1] ॥੧੮੧॥

[1]ਜਿਸ ਤਰ੍ਹਾਂ ਉੱਚੇ ਦਸਤਾਰੇ (ਨਿਹੰਗ ਸਿੰਘ) ਸਜਾਉਣ ਲੱਗੇ ਹਨ, ਉਸ ਤਰ੍ਹਾਂ ਹੁਣ ਦਿਖਾ ਭਾਵ ਦੱਸ ਦਿੰਦਾ ਹਾਂ।

ਪਹਿਲੇ ਪੰਥ ਮਿਲਤ੍ਯੋ ਸਭਿ ਰਹਾ।
ਲਰ ਕਰਿ ਤੁਰਕਨ ਕਾ ਬਲ ਦਹਾ[1]।
ਜਬੈ ਰਾਜ ਸਿੰਘਨ ਕਾ ਥੀਆ।
ਗ੍ਰਿਸਤ ਨਿਹੰਗੈਂ ਬਹੁ ਤਬਿ ਕੀਆ ॥੧੮੨॥

[1]ਨਾਸ਼ ਕੀਤਾ।

ਫਿਰਤ ਬਿਹੰਗਮ ਰਹੇ ਜੁ ਟੋਲੇ[1]।
ਲੂਟਿ ਜਰਾਇਤ ਛਕੈਂ ਅਤੋਲੇ[1]।
ਨਿਸ਼ਚੇ ਓਸ ਜ਼ਮਾਨੇ ਮਾਂਹੀਂ।
ਰੀਤਿ ਲੂਟਬੇ ਕੀ ਥੀ ਆਹੀ[1] ॥੧੮੩॥

[1]ਜੱਥੇ।

[1]ਖੇਤੀ ਨੂੰ ਲੁੱਟ ਕੇ (ਅਤੋਲੇ) ਬਹੁਤਾ ਛਕਦੇ ਹਨ।

[1]ਹੈ ਸੀ।

ਸਿੰਘ ਨ੍ਰਿਪ ਭੀ ਸਜ਼ਾ ਨ ਦੇਤੇ।
ਬਲਕੈ ਖੁਦ ਭੀ ਸੋ ਲੁਟ ਲੇਤੇ।
ਰੌਰ ਰਹਿਤ ਤਬਿ ਮੁਲਕ ਮਝਾਰੇ।
ਚੋਰੀ ਡਾਕੇ ਪਰਤ ਅਪਾਰੇ ॥੧੮੪॥

ਨੈਣਾ ਸਿੰਘ ਨਿਹੰਗ ਤਬਿ ਏਕੈਂ।
ਬਿਦਤ੍ਯੋ ਜਪੀ ਤਪੀ ਸ-ਬਿਬੇਕੈਂ[1]।
ਲੰਗ੍ਰ ਚਾਲਿਓ ਤਿਸ ਕਾ ਭਾਰੀ।
ਤਿਸ ਸੋਂ ਰਹਿਤ ਨਿਹੰਗ ਅਪਾਰੀ[1] ॥੧੮੫॥

[1]ਵਿਚਾਰ ਦੇ ਸਹਿਤ।

[1]ਬਹੁਤੇ।

ਤਿਨ ਦਸਤਾਰਾ ਊਚ ਸਜਾਯੋ।
ਗੁਰੂ ਗ੍ਰੰਥ ਕਾ ਹੁਕਮ ਸੁਨਾਯੋ।
ਗੁਰੁ ਪੰਚਮ ਜੋ ਕਹਤ੍ਯੋ ਬਿਸਾਲਾ।
ਮੇਰਾ ਗੁਰੁ ਮਿਲ ਊਚ ਦੁਮਾਲਾ[1]* ॥੧੮੬॥

[1]ਉੱਚਾ ਫਰਹਰੇਦਾਰ ਦਸਤਾਰਾ। *ਗੁਰਬਾਣੀ ਦੀ ਸ਼ੁੱਧ ਤੁਕ ਐਉਂ ਹੈ: "ਮੈ ਗੁਰ ਮਿਲਿ ਉਚ ਦੁਮਾਲੜਾ ॥" (ਪੰਨਾ ੭੪)

ਮਾਨ ਬਚਨ ਗੁਰੁ ਏਹੁ ਨਿਹੰਗੈਂ[1]।
ਸਜੇ ਦਮਾਲੇ ਊਚੇ ਧਿੰਗੈਂ[1]।
ਤਬਿ ਤੈ ਅਧਿਕ ਊਚ ਦਸਤਾਰੇ।
ਸਾਜਨ ਲਗੇ ਨਿਹੰਗ ਉਦਾਰੇ ॥੧੮੭॥

[1]ਨਿਹੰਗ ਸਿੰਘਾਂ ਨੇ।

[1]ਅਣੋਖਾ, ਅਸਚਰਜ।

ਬੁੱਚੜ ਬਿਦਾਰੇ ਹਤਜਾਰੇ ਬਹੁ ਠੌਰ ਪੈ[1]। — [1]ਬਹੁਤ ਥਾਵਾਂ ਵਿੱਚ ਗਊਆਂ ਦੀ ਹੱਤਿਆ ਕਰਨ ਵਾਲੇ ਬੁੱਚੜ ਮਾਰ ਦਿੱਤੇ।

ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ[1], — [1]ਪਿੰਡਾਂ ਦੇ ਮਸ਼ਹੂਰ ਹਿੰਦੂ।

ਅੰਗ੍ਰੇਜੋਂ ਗਹਿ ਕੈ ਦੁਖਜਾਰੇ ਕੀਨੇ ਗੌਰ ਪੈ[1]। — [1]ਬਹੁਤ ਜ਼ਿਆਦਾ।

ਦੈਨ ਲਾਗੇ ਫਾਂਸੀ ਜਬਿ ਆਇ ਖੁਦ[1] ਕੂਕੇ ਤਬਿ, — [1]ਆਪ।

ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ[1]। — [1]ਸਭ ਤਰ੍ਹਾਂ ਕਰ ਕੇ ਆਪ ਕਾਤਲ ਸਾਬਤ ਹੋ ਗਏ।

ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,

ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ[1] ॥੨੨੯॥ — [1]ਹੋਰ (ਸਾਕਾ) ਕਾਰਾ (ਬੁੱਚੜ ਮਾਰਨ ਦਾ) ਹੋਇਆ।

ਕੂਕੇ ਸਿੰਘ ਸਾਠ ਕੋਂ ਨੈ ਠਾਟ ਕੈ ਮਰਨ ਨਿਜ[1], — [1]ਸੱਠ ਕੁ ਕੂਕਿਆਂ ਨੇ ਆਪਣਾ ਮਰਨਾ ਧਾਰ ਕੇ।

ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।

ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ,

ਸਿੰਘਨ ਸੈਂ ਲਰੀ ਇਨੈ ਮਾਰ ਕੈ ਹਟਾਈਆ।

ਫੌਜ ਪਟਜਾਲੇ ਨੈ ਬਿਸਾਲੇ ਜਾਇ ਦਗੇ ਸੰਗ[1], — [1]ਧੋਖੇ ਨਾਲ।

ਕਸਮੈਂ ਉਠਾਇ ਲਜਾਇ ਦੀਏ ਪਕਰਾਈਆ।

ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸਬਦੋਂ ਮੈਂ[1], — [1]ਸ਼ਬਦਾਂ ਵਿੱਚ ਪ੍ਰੇਮੀ ਹੋ ਕੇ।

ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆ[1] ॥੨੩੦॥ — [1]ਧਰਮ ਵਾਸਤੇ।

ਸਰਦਾਰ ਰਾਜੇ ਤੈ ਮੁਸਾਹਿਬ[1] ਸਾਹਿਬ ਬਡੇ[2], — [1]ਅਹਿਲਕਾਰ। [2]ਵੱਡੇ ਅੰਗ੍ਰੇਜ਼।

ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ[1]। — [1]ਉਨ੍ਹਾਂ ਦੇ ਕੰਮ ਤਾਈਂ ਦੇਖ ਕੇ।

ਦੋਸ਼-ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ

ਭੇਜ ਦੀਓ ਅੰਗ੍ਰੇਜ਼ੈਂ ਖੂਬ ਸੋਚ ਫੇਰ ਪੈ[1]। — [1]ਫੇਰ ਚੰਗੀ ਤਰ੍ਹਾਂ ਸੋਚ ਕੇ।

ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ,

ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ[1]। — [1]ਏਸ ਪੰਥ ਦਾ ਬਹੁਤਾ ਜ਼ੋਰ ਤੋੜ ਦਿੱਤਾ।

ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ* ਭਾਈ ਤਾਂਹਿ, — *ਬਾਬਾ ਬੁੱਧ ਸਿੰਘ ਦਾ ਪ੍ਰਸਿੱਧ ਨਾਉਂ ਬਾਬਾ ਹਰੀ ਸਿੰਘ ਸੀ। ਉਨ੍ਹਾਂ ਤੋਂ ਬਾਅਦ ਬਾਬਾ ਹਰੀ ਸਿੰਘ ਦੇ ਪੁੱਤਰ ਬਾਬਾ ਪ੍ਰਤਾਪ ਸਿੰਘ ਨੇ ਉਨ੍ਹਾਂ ਦੀ ਥਾਂ ਸੰਭਾਲੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਾਬਾ ਜਗਜੀਤ ਸਿੰਘ ਜੀ ਗੱਦੀ ਤੇ ਬੈਠੇ ਜੋ ਹੁਣ ਹਨ।

ਅਬਿ ਹੈ ਮਹੰਤ ਕੰਤ ਕੂਕਜੋਂ ਕਾ ਹੇਰ ਪੈ[1] ॥੨੩੧॥ — [1]ਹੁਣ ਕੂਕਿਆਂ ਦਾ (ਕੰਤ) ਮਾਲਕ ਤੇ ਮਹੰਤ ਦੇਖੀਦਾ ਹੈ।

ਠਟਤ ਭਵਾਨੀ ਕੀ ਉਪਾਸ਼ਨਾ[1] ਪਠਤ ਬਾਨੀ, — [1]ਚੰਡੀ ਦੀ ਉਪਾਸ਼ਨਾ ਕਰਦੇ ਹਨ।

ਜਿਸ ਦਿਨ ਹੋਤੀ ਕੁਛ ਦੇਰ ਫੇਰ ਮੁਸਲਾ ਸੋ
ਆਪਨੀ ਫਕੀਰੀ ਪੀਰੀ ਅਧਿਕ ਜਨਾਵਤੋ
॥ ੧੩੭ ॥
ਤਾਂ ਕਾ ਪਿਖਿ ਤੌਰ[1] ਫੇਰ ਏਕ ਦਿਨ ਸੁਥਰੇ ਨੈ, — [1]ਤਰੀਕਾ, ਢੰਗ।
ਕਹਯੋ ਖੜ੍ਹਾ ਰਹੁ ਰੇ ! ਤੂੰ ਕੂਕਰ ਮਿਦਾਨ ਕੇ[1]। — [1]ਮੈਦਾਨ ਦੇ ਕੁੱਤੇ।
ਜੂਠਾ ਕੂਠਾ ਬਚਜਾ ਖੁਦਜਾ ਮਿਲ ਜੈਹੈ ਪੀਛੇ ਤੋਹਿ,
ਸੁਨ ਕੈ ਫਕੀਰ ਕਹਯੋ ਅਤਿ ਰਿਸ ਠਾਨ ਕੇ।
ਕੌਨ ਹੋਵੇ ਬਾਲਕ ਤੂੰ ਤਾਲਕ[1] ਰਖਾਤ ਕਜਾ ਹੈਂ, — [1]ਸਬੰਧ।
ਮਾਲਕ ਦਿਲਾਵਤ ਹੈ ਫੱਕਰ ਪਛਾਨ ਕੇ।
ਆਪਸ ਮੈਂ ਬਢੀ ਰਾਰਿ[1] ਸੁਥਰੇ ਨੈ ਬਲ ਧਾਰ, — [1]ਲੜਾਈ।
ਸੇਲੀ ਤਾਂ ਕੇ ਸਿਰ ਤੈ ਉਤਾਰ ਲਈ ਆਨ ਕੇ
॥ ੧੩੮ ॥
ਗੇਰ ਫੇਰ ਕੂਪ ਮਾਂਹਿ[1] ਕਹਯੋ ਯੌਂ ਸੁਨਾਇ ਤਾਂਹਿ, — [1]ਖੂਹ ਵਿੱਚ।
ਜੇ ਤੂੰ ਲੀਓ ਚਾਂਹਿਂ ਤਾਂ ਬੁਲਾਇ ਯਾਂਹਿ ਲੀਜੀਏ।
ਹੋਇਗੀ ਜੋ ਤੇਰੀ ਤਬਿ ਤੋਹੀ ਢਿਗ ਐਹੈ ਟੇਰੀ[1], — [1]ਕਹਿਣ ਨਾਲ।
ਮੇਰੇ ਢਿਗ ਐਹੈ ਜੌ ਤੌ ਮੇਰੀ ਲਖ ਲੀਜੀਏ[1]। — [1]ਜਾਣ ਲਉ।
ਰਹਯੋ ਸੋ ਬੁਲਾਇ ਜੋਰ ਲਾਇ ਕੈ ਫਕੀਰ ਬਹੁ,
ਸੇਲੀ ਕੂਪ ਤੈ ਨ ਆਈ[1] ਬਾਹਰ ਲਖੀਜੀਏ। — [1]ਦੌੜੀ ਆਈ।
ਫੇਰ ਜਬਿ ਸੁਥਰੇ ਬੁਲਾਈ ਸੇਲੀ ਕੂਪ ਮੈਂ ਸੇ,
ਧਾਈ ਆਈ ਪਾਈ ਸ਼ਾਹਿ-ਸੁਥਰੇ ਪਿਖੀਜੀਏ
॥ ੧੩੯ ॥
ਔਰ ਅਜ਼ਮਤ ਪਰਚੰਡਾ[1] ਦਿਖਰਾਇ, ਲੀਓ — [1]ਤਿੱਖੀ ਕਰਾਮਾਤ।
ਸੁਥਰੇ ਨੈ ਡੰਡਾ ਛੀਨ[1], ਤਾਂਹਿ ਕਾ ਅਕਲ ਸੋਂ। — [1]ਖੋਹ ਲਿਆ।
ਯਾਹਿ ਬਿਧਿ ਸੇਲੀ ਡੰਡਾ ਪਾਯੋ ਜਬਿ ਸੁਥਰੇ ਨੈ,
ਸੇਲੀ ਟੋਪੀ ਦਈ ਫੇਰ ਗੁਰੁ ਹੇਰਿ ਭਲ ਸੋ[1]। — [1]ਦੇਖ ਕੇ ਚੰਗੀ ਤਰ੍ਹਾਂ।
ਤਾਂ ਦਿਨ ਤੈ ਸੁਥਰਾ ਫਕੀਰ ਪ੍ਰਸਿੱਧ ਭਯੋ[1], — [1]ਮਸ਼ਹੂਰ ਹੋ ਗਿਆ।
ਦਿੱਲੀ ਜਾਇ ਪਰਚੇ[1] ਦਿਖਾਏ ਸ਼ਾਹਿ ਖਲ ਸੋਂ[2]। — [1]ਕਰਾਮਾਤ ਦੇ ਚਮਤਕਾਰ। [2]ਮੂਰਖ ਬਾਦਸ਼ਾਹ ਨੂੰ।
ਕਾਜੀ ਤਬਿ ਚਾਟ ਟੀਕਾ ਜੰਞੂ ਤੋੜ ਲੇਵਤੇ ਥੇ,
ਹਿੰਦੂਆਂ ਕੋ ਤੁਰਕ ਕਹਤ ਹੁਤੇ ਬਲ ਸੋਂ
॥ ੧੪੦ ॥

ਨਹੀਂ ਸੀ।

ਡੰਡ ਜੇਜੀਏ[1] ਹਿੰਦੁਨ ਪਰ, ਤਬਿ
ਲਗਤੇ ਥੇ ਅਤਿਸੈ ਕਹਿਰੈਂ[1]।
ਇਸੀ ਹੇਤ ਤਬਿ ਪਿੰਡਨ ਮੈਂ, ਘਰ
ਕਿਸੀ ਕਿਸੀ ਕੇ ਬਰਤਨ ਥੇ।
ਨਹੀਂ ਤੁ ਸਭਿ ਕੇ ਮਿੱਟੀ ਕੇਰੇ,
ਤਵਿਆਂ ਲੌਂ ਭੀ ਸਰਤਨ ਥੇ[1] ॥੪॥
ਜੂਠ ਸੁੱਚ ਪ੍ਰਹੇਜ ਨ ਕੋਈ,
ਹੁਤੋ ਹਿੰਦੁ ਮਧ ਸਗਰੀ[1] ਜੇ।
ਜ਼ੇਵਰ ਕਿਸੀ ਨਾਰਿ ਕੇ ਹੋਤੇ,
ਕਪੜਾ ਚੋਲੀ ਘਗਰੀ ਜੇ[1]।

ਸਿਰ ਪਟਕਾ ਕਟਿ ਥਟੈਂ ਤੜਾਗੀ,
ਗੋਛਾ ਨਰ ਸਭਿ ਰਖਤੇ ਥੇ[1]।

ਯਦੀ ਸਖੀਮੀ ਹੁਤੀ[1] ਹਿੰਦੂਐਂ,
ਪੈ ਦੁੱਧ ਘੀ ਬਹੁ ਚਖਤੇ ਥੇ[1] ॥੫॥
ਗਊ ਭੈਂਸ ਰਖਤੇ ਅਧਿਕਾਈ,
ਜੰਗਲ ਹੁਤੇ ਬਧੇਰੇ ਜੀ।
ਬੈਲ ਗਾਂਇ ਮੈਂਹ[1] ਚੁਣਮੇਂ ਮਿਲਤੇ,
ਬੀਸ ਰੁਪੱਯੇ ਕੇਰੇ ਜੀ।
ਰੀਤਿ ਹਿੰਦੂਯਨ ਕੀ ਇਹੁ ਭਾਖੀ,
ਨਹਿੰ ਤੁਰਕਨ ਕੀ ਬਾਤੇਂ[1] ਜੀ।
ਮਨ ਭਾਵਤ ਹਿੰਦੁਨ ਪੈ ਮੁਸਲੇ,
ਜ਼ਾਲਮ ਜ਼ੁਲਮ ਕਮਾਤੇ ਜੀ ॥੬॥
ਫਿਰ ਜਬਿ ਸ਼ਾਹੀ ਬੀਚ ਤਨੱਜਲ
ਆਯੋ[1], ਤਬਿ ਕੀ ਸੁਨੋ ਸਭੈ।
ਬਢੇ ਲੁਟੇਰੇ ਲੋਗ ਬਹਾਦਰ,
ਲੂਟ ਮਾਰ ਰਹਿ ਅਤੀ ਤਬੈ।
ਚਾਲੀ ਸਾਲ ਰਹਯੋ ਦੁਰਹਾਲੈਂ,
ਕਹਿਰ ਕਰਾਲ ਮਹਾਂਈ[1] ਜੇ।

[1]ਗ਼ੈਰ ਮੁਸਲਮ ਤੇ ਲੱਗਣ ਵਾਲਾ ਟੈਕਸ।
[1]ਬਹੁਤੇ ਦੁੱਖਦਾਈ।
[1]ਕੰਮ ਸਾਰਦੇ ਸਨ।
[1]ਸਾਰੀ ਹਿੰਦੂ ਕੌਮ ਵਿੱਚ। (ਅ) ਸਾਰੇ ਹਿੰਦੁਸਤਾਨ ਵਿੱਚ।
[1]ਗਹਿਣੇ ਕਿਸੇ ਕਿਸੇ ਹੀ ਇਸਤ੍ਰੀ ਦੇ ਹੁੰਦੇ ਸਨ, ਨਹੀਂ ਤਾਂ ਸਭ ਦੇ ਕਪੜੇ ਦੀਆਂ ਘੱਘਰੀਆਂ ਤੇ ਚੋਲੀਆਂ ਹੀ ਸਨ।
[1]ਆਦਮੀ ਸਾਰੇ ਸਿਰ ਤੇ ਛੋਟਾ ਕਪੜਾ, ਲੱਕ ਵਿੱਚ ਤੜਾਗੀ ਤੇ (ਗੋਛਾ) ਪਰਨਾ ਬੰਨ੍ਹਦੇ ਸਨ।
[1]ਭਾਵੇਂ ਗ਼ਰੀਬੀ ਸੀ।
[1]ਖਾਂਦੇ ਸਨ।
[1]ਮੱਝ।
[1]ਤੁਰਕਾਂ ਦੀਆਂ ਤਾਂ ਕੋਈ ਗੱਲਾਂ ਹੀ ਕਹੀਆਂ ਨਹੀਂ ਜਾਂਦੀਆਂ।
[1]ਬਾਦਸ਼ਾਹੀ ਵਿੱਚ ਗਿਰਾਵਟ ਆ ਗਈ।
[1]ਬਹੁਤ ਭਿਆਨਕ, ਦੁੱਖਦਾਈ ਤੇ ਬੁਰਾ ਹਾਲ ਰਿਹਾ।

ਬਾਂਛਤ ਥੇ ਸਭਿ ਏਹੁ ਮਨੋਰਥ,
ਪੂਰਨ ਕਿਯ ਗੁਰੁ ਵਾਹੈ[1] ਜੀ।
[1]ਉਹੋ ਮਨੋਰਥ।
ਏਕ ਗਾਂਮ ਯਾਂ ਆਧੇ ਕੇਰੀ,
ਪਾਈ ਜਿਸ ਸਰਦਾਰੀ ਹੈ।
ਕਰੀ ਹਕੂਮਤ ਤਾਂਹਿ ਸੁਤੰਤਰ,
ਦੀਵਾਨੀ ਫੁਜਦਾਰੀ ਹੈ[1] ॥ ੧੧ ॥
[1]ਦੀਵਾਨੀ ਤੇ ਫ਼ੌਜਦਾਰੀ ਮੁਕੱਦਮਿਆਂ ਬਾਰੇ ਸੁਤੰਤਰ ਹੋ ਕੇ (ਹਕੂਮਤ) ਨਿਆਉਂ ਕੀਤਾ।

ਨਿਜ ਨਿਜ ਪਿੰਡ ਜਗੀਰਨ ਮੈਂ ਤਬਿ,
ਸਭਿ ਕੋ ਐਨ[1] ਇਖਤਜਾਰੈਂ ਥੇ।
[1]ਪੂਰਾ।
ਲੂਟੈਂ ਮਾਰੈਂ ਫਾਂਸੀ ਚਾਰ੍ਹੈਂ,
ਚੱਟੀ ਲੈਂਹ ਉਜਾਰੈਂ ਥੇ[1]।
[1]ਲੁੱਟ ਮਾਰ ਕਰਨ ਵਾਲੇ ਨੂੰ ਫ਼ਾਂਸੀ ਚਾੜ੍ਹ ਦੇਂਦੇ ਸਨ ਤੇ ਉਜਾੜਨ ਵਾਲਿਆਂ ਤੋਂ (ਚਿੱਟੀ) ਡੰਡ ਲੈਂਦੇ ਸਨ।

ਨਹਿਂ ਫਰਿਯਾਦ ਅਪੀਲ ਏਕ ਕੀ,
ਸੁਨਤੋ ਦੂਸਰ ਕੋਈ ਜੀ।
ਪੈ ਸਿੰਘ ਫਾਂਸੀ ਕੈਦ ਨ ਦੇਤੇ,
ਲੇਤੇ ਚੱਟੀ ਸੋਈ ਜੀ ॥ ੧੨ ॥
ਜੈਸੀ ਚੋਰੀ ਤੈਸੀ ਚੱਟੀ,
ਯਾਰੀ ਕੇ ਥੇ ਪੱਚੀ ਹੀ[1]।
[1]ਪੰਝੀ (੨੫) ਰੁਪਏ ਹੀ ਡੰਡ ਸਨ।
ਬਦਲੇ ਖੂੰਨ ਸਾਕ ਦਿਲਵਾਤੇ,
ਕਰਤ ਅਦਾਲਤ ਸੱਚੀ ਹੀ।
ਨਿਜ ਪੁੱਤ੍ਰਨ ਸਮ ਪਰਜਾ ਕੇਰੀ,
ਪਾਲਨ ਰੱਖਜਾ ਕਰਤੇ ਥੇ।
ਪਰ ਜਰ ਜੋਰੂ ਜ਼ਿਮੀ ਨ ਤਕਤੇ[1],
[1]ਪਰਾਇਆ ਧਨ, ਪਰਾਈ ਇਸਤ੍ਰੀ ਤੇ ਪਰਾਈ ਜ਼ਮੀਨ ਨੂੰ ਤੱਕਦੇ ਵੀ ਨਹੀਂ ਸਨ।

ਹੱਥ ਨੱਕ ਠੱਗੈਂ ਹਰਤੇ ਥੇ[1] ॥ ੧੩ ॥
[1]ਕੱਟ ਦੇਂਦੇ ਸਨ।
ਹੇਤ ਗ੍ਰੀਬਨ ਸਿੱਖ ਸਾਧੁਨ ਕੇ,
ਲੰਗਰ ਬਹੁ ਠਾਂ ਦੇਤੇ ਥੇ।
ਜੋ ਜ਼ਮੀਨ ਬੀਜਤ ਥਾ ਜੇਤੀ,
ਹੋਈ ਬਹੋਈ ਲੇਤੇ ਥੇ[1]।
[1]ਫ਼ਸਲ ਜਿਹੋ ਜਿਹੀ ਹੁੰਦੀ ਉਹੋ ਜਿਹਾ ਮਾਮਲਾ ਲੈ ਲੈਂਦੇ ਸਨ।
ਪੰਜਵਾਂ ਹਿੱਸਾ ਚਾਹੀ ਕੇਰਾ[1],
[1]ਖੂਹ ਦੀ ਜ਼ਮੀਨ ਦਾ।
ਚੌਥਾ ਮਾਰੂ[1] ਮੈ ਸੇ ਜੀ।
[1]ਵਿਰਾਨੀ ਭਾਵ ਖ਼ੁਸ਼ਕ ਜ਼ਮੀਨ।

| | |
|---|---|
| ਭਾਂਤਿ, ਰਖੈਂ ਨਿਤ ਉਗਰਾਹੀ[1]। | [1]ਅਨੇਕ ਤਰ੍ਹਾਂ ਦੀ ਬਿਗਾਰ ਲੈਂਦੇ ਤੇ ਕਈ ਪ੍ਰਕਾਰ ਦੀਰੋਜ਼ ਉਗਰਾਹੀ ਕਰਦੇ ਹਨ। |
| ਲੋਭੀ ਤੇ ਅਦਾਲਤੀ ਭਾਰੇ, | |
| ਨਹਿਂ ਇਨਸਾਫ ਕਰੈਂ ਕਾਹੀਂ[1]। | [1]ਕਿਸੇ ਦਾ। |
| ਠੇਕੇ ਫੀਮ ਸ਼ਰਾਬ ਕੇਰ ਥਪਿ[1], | [1]ਬਣਾ ਕੇ। |
| ਅਮਲੀ ਅਧਿਕੈਂ ਸੰਤਾਏ। | |
| ਸਭਿ ਸੈਂ ਜ਼ਜਾਦੇ ਮੈਣ-ਦਾਬੀਏ, | |
| ਭਏ ਸੂਦਾਰੂ ਦੁਖ-ਦਾਏ[1] ॥੩੧॥ | [1]ਘੱਘਰ ਤੇ ਜਮਨਾ ਦੇ ਵਿਚਕਾਰ ਦੇ ਰਾਜੇ। |
| ਖੇਤੀ ਖੈਂਹ ਖਸੋਟ ਖੇਤ ਤੈ, | |
| ਖੁਇ ਦੈਂ ਚਕ੍ਰੀ ਬਹਾਨੈਂ ਜੀ[1]। | [1]ਖੇਤ ਤੋਂ ਹੀ ਖੋਹ ਕੇ ਖੇਤੀ ਖਾ ਲੈਂਦੇ ਹਨ (ਚੱਕ੍ਰੀ) ਫ਼ੌਜ ਦੀ ਫੇਰੀ ਦੇ ਬਹਾਨੇ ਫ਼ਸਲ ਖ਼ਰਾਬ ਕਰ ਦੇਂਦੇ ਹਨ। |
| ਕਾਟਿ ਕਮਾਦ ਖਵੈ ਹੈਂ ਫੀਲੈਂ[1], | [1]ਹਾਥੀਆਂ ਨੂੰ। |
| ਦੈਹੈਂ ਕਿਛੁ ਨ ਕਿਸਾਨੈਂ ਜੀ। | |
| ਗਾਲ੍ਹ ਬਿਨਾ ਨਹਿਂ ਗੱਲ ਗਲਾਵੈਂ[1] | [1]ਗੱਲ ਨਹੀਂ ਕਰਦੇ। |
| ਲੁਟ ਮਾਰ ਬਹੁ ਰਾਖੈਂ ਜੀ। | |
| ਦੁਗਨਾ ਭੀ ਉਗਰਾਹਿ ਕਰਾ[1], ਫਿਰ | [1]ਮਾਮਲਾ। |
| ਤਹਿਂ ਰੱਯਤ ਪਰ ਮਾਖੈ[1] ਜੀ ॥੩੨॥ | [1]ਗ਼ੁੱਸੇ ਹੁੰਦੇ ਸਨ। |
| ਬਿਨ ਕਿਰਸਾਨੈਂ ਦੂਤੀ ਰੱਯਤ ਤੈ, | |
| ਇਤਰਾਫੀ[1] ਬਹੁ ਲੈਹੈਂ। | [1]ਜੇਜੀਆ (ਮੁਸਲਮਾਨੀਰਾਜ ਵਿੱਚ ਗ਼ੈਰ ਮੁਸਲਮਾਨਾਂ ਤੇ ਲਗਾਇਆ ਜਾਂਦਾ ਟੈਕਸ)। |
| ਕਾਰ ਕਰਾਵੈਂ ਲਘੁ ਜਾਤਿਨ ਤੈ, | |
| ਅੰਨ ਖਾਣ ਕੋ ਨਹਿਂ ਦੈਹੈਂ। | |
| ਛੀਨੈ ਜਰ ਜੋਰੂ ਜਾਮੀਨੇ, | |
| ਕੀਨੇ ਯਾਰ ਕਮੀਨੇ ਥੇ[1]। | [1]ਧਨ, ਇਸਤ੍ਰੀ ਤੇ ਜ਼ਮੀਨ ਖੋਹ ਲੈਂਦੇ ਸਨ, ਨੀਚਾਂ ਨੂੰ ਯਾਰ ਬਣਾਇਆ ਹੋਇਆ ਸੀ। |
| ਸੁਖ ਦਏ ਜਸੋਂ ਪਹਿਲੇ ਸਿੰਘਨ, | |
| ਇਨੈਂ ਦੁਖ ਤਸੋਂ ਦੀਨੇ ਥੇ ॥੩੩॥ | |
| ਲੁੰਡਜੋਂ ਮੁੰਡਜੋਂ ਕੁਲਟਾ ਚੇਰੀ | |
| ਕੇਰੀ[1] ਸੰਗਤ ਮੈਂ ਰੈਹੈਂ। | [1]ਵਿਭਚਾਰੀ (ਲੁੱਚਿਆਂ) ਮੁੰਡਿਆਂ ਤੇ (ਕੁਲਟਾ) ਵਿਭਚਾਰਨ (ਚੇਰੀ) ਇਸਤ੍ਰੀਆਂ ਦੀ। |
| ਪੀ ਸ਼ਰਾਬ ਜ਼ਜਾਦੈ ਬਕਬਾਦੈ, | |
| ਬਾਦ ਬਿਬਾਦ ਅਤੀ ਕੈਹੈਂ[1]। | [1]ਬਕਵਾਸ ਤੇ ਬਿਅਰਥ ਝਗੜਾ ਬਹੁਤ ਕਰਦੇ ਹਨ। |

ਬੁਰਛੇ ਲੋਗ ਤਲੰਗੇ ਚੰਗੇ,
ਨਹਿਂ ਤਬਿ ਰਹੇ ਅਪਾਰੈਂ ਥੇ[1]।

[1]ਤਦੋਂ (ਬੁਰਛੇ) ਮੂਰਖ ਉਜੱਡ ਤੇ (ਤਲੰਗੇ) ਬਦਮਾਸ਼ ਬਹੁਤੇ ਹੋ ਗਏ ਚੰਗੇ (ਬੰਦੇ) ਨਾ ਰਹੇ।

ਯਾਂਹੀ ਤੈ ਰੱਯਤ ਦੁਖਜਾਰੀ,
ਬਾਰੀ ਬਾਰੀ ਐਸ ਰਰੈਂ[1]।
ਹੇ ਪ੍ਰਭੁ ਰਾਜ ਸਿੰਘਨ ਕਾ ਨਾਸੈ,
ਅਬਿ ਇਹੁ ਭਏ ਮਲੇਛ ਖਰੈਂ[1] ॥੪੧॥

[1]ਵਾਰ ਵਾਰ ਐਉਂ ਕਹਿੰਦੀ ਹੈ।

[1]ਬਹੁਤੇ ਮਲੇਛ।

ਬਿਨ ਜੱਟਨ ਜੋ ਔਰ ਰੱਯਤ ਥੀ,
ਭੇਡ ਬਕਰੀਓਂ ਨਿਆਂਈਂ ਜੀ।
ਕਾਰਦਾਰ ਮੁਲਕੱਈਓਂ ਕੇ ਢਿਗ[1],
ਪਕਰੀ ਰਹੇ ਸਦਾਈ[1] ਜੀ।
ਜਿਸ ਕਾ ਪਿੰਡ ਜ਼ਮੀਨ ਧਾਮ ਚਹਿਂ,
ਛੀਨ ਕਰਿੰਦੇ ਲੇਹੀਂ[1] ਜੀ।
ਮਹਾਰਾਜ ਫਰਿਆਦ ਤਿਨੋਂ ਪਰ,
ਕਬੀ ਨ ਕਾਂਹਿ ਸੁਨੇਹੀ ਜੀ ॥੪੨॥

[1]ਮੁਲਕ ਦੇ ਅਹਿਲਕਾਰਾਂ ਕੋਲ।

[1]ਹਮੇਸ਼ਾਂ।

[1]ਕਰਮਚਾਰੀ ਖੋਹ ਲੈਂਦੇ ਹਨ।

ਐਪਰ ਜਬਿ ਵਹਿ ਹੋਹਿਂ ਤਵੰਗਰ[1],
ਲੂਟੈਂ ਤਿਨੈਂ ਮਹਾਰਾਜੇ।
ਚੱਟੀ[1] ਲਾਖੋਂ ਲੈਂਹ ਰੁਪੱਯਾ,
ਫੇਰ ਦੈਂਹ ਤਿਨ ਬਡ ਕਾਜੇ[1]।
ਮਧੁ ਮਾਖੀ ਜਜੋਂ[1] ਵਹਿ ਫਿਰ ਸੰਚੈਂ,
ਛੀਨ ਨ੍ਰਿਪ ਸਭਿ ਲੈਹੈਂ ਜੀ।
ਦੌਲਤ ਨ੍ਰਿਪਨ ਕੀ, ਨ੍ਰਿਪਨ ਕੇ
ਘਰ ਹੀ ਮੈਂ ਯੌਂ ਰੈਹੈ ਜੀ ॥੪੩॥

[1]ਧਨੀ।

[1]ਦੰਡ, ਜੁਰਮਾਨਾ।

[1]ਫੇਰ ਉਨ੍ਹਾਂ ਨੂੰ ਵੱਡੇ ਕੰਮਾਂ ਤੇ ਲਾ ਦੇਂਦੇ ਹਨ।

[1]ਸ਼ਹਿਤ ਦੀ ਮੱਖੀ ਵਾਂਗ।

ਚੋਰ ਠਗਨ ਕੀ ਸੜਾਂ[1] ਕਢਾਵੈਂ,
ਕੈ ਹੱਥ ਨਕ ਪਗ ਕਾਟੈਂ ਥੇ।
ਯਾਰਨ ਕੋ ਭੀ ਚੱਟੀ ਮਾਂਹਿ,
ਹਜਾਰਨ ਲੌਂ ਹੀ ਡਾਟੈਂ ਥੈ[1]।
ਜੈਸੇ ਨ੍ਰਿਪ ਭਏ ਰੱਯਤ ਭੀ,
ਤੈਸੇ ਭਈ ਤਬੈ ਹੀ ਜੇ।
ਅਪਨੀ ਖੇਤੀ ਆਪ ਚੋਰੀਏਂ,

[1]ਗਿੱਟੇ ਦੇ ਪਾਸ ਦੀਆਂ ਨਾੜੀਆਂ।

[1]ਹਜ਼ਾਰਾਂ ਰੁਪਏ ਤੱਕ ਡੰਡ ਦੇਂਦੇ ਸਨ।

ਲੂਹੇ ਲੋਇ ਲਗਨ ਨੈ ਲਗ ਕੈ,
ਲੋਗਨ ਲੁਗਾਈ ਲਾਖੈਂ ਲੌਂ[1]।

[1]ਲਗਨ ਰੂਪ ਲੋਅ ਨੇ ਲਗ ਕੇ ਲੱਖਾਂ ਇਸਤ੍ਰੀਆਂ ਤੇ ਪੁਰਸ਼ਾਂ ਤੱਕ ਸਾੜ ਦਿੱਤੇ।

ਰਹੀ ਨ ਪ੍ਰੀਤਿ ਪ੍ਰਤੀਤ ਸਾਂਤਿ ਕਿਤ,
ਸਬਜ਼ੀ ਸੱਚੀ ਸਾਖੈਂ ਲੌਂ[1]।

[1]ਪ੍ਰੀਤ, ਪ੍ਰਤੀਤ ਤੇ ਸ਼ਾਂਤੀ ਰੂਪ ਹਰੀ ਖੇਤੀ ਕਿਤੇ (ਸੱਚੀ) ਸਾਬਤ ਨਹੀਂ ਰਹੀ ਸੀ।

ਭਲੇ ਬੁਰੇ ਕਾ ਗਯੋ ਭਰੋਸਾ,
ਅਧਿਕੈਂ ਇਕ ਸਮ[1] ਹੁਏ ਜੇ।
ਫਿਰ ਗਈ ਹਵਾ ਬਵਾ ਹੈਜ਼ੇ ਸਮ[1],
ਪੜੀ ਭੰਗ ਬਹੁ ਕੂਏ ਜੇ[1] ॥੫੧॥

[1]ਇਕੋ ਜੇਹੇ।
[1]ਹੈਜ਼ੇ ਦੀ (ਬਵਾ) ਬੀਮਾਰੀ ਵਾਂਗ।
[1]ਖੂਹ ਵਿੱਚ ਬਹੁਤੀ ਭੰਗ ਪੈ ਗਈ, ਭਾਵ ਸਾਰੇ ਇਕੋ ਜੇਹੇ ਹੋ ਗਏ।

ਸਸੁਰੇ ਨੁਖਾ[1] ਭੈਣ ਭਾਈ,
ਗੁਰੁ ਚੇਲੀ ਸਾਸੁ ਜਵਾਈ ਲੌਂ।
ਰਮੈਂ[1] ਪਰੋਹਤ, ਜਜਮਾਨੋਂ ਕੀ
ਬੇਟੀ ਬਧੂ ਸੰਗਾਈ[1] ਲੌਂ।
ਪੰਡਿਤ ਆਚਾਰੀ[1], ਬੇਸਿਯਾ ਕੇ
ਬਸੈ ਨਿਸਾ ਘਰ ਮਾਂਹੀਂ ਜੀ।
ਕਰੈਂ ਕੁਕਰਮ ਆਪ ਵਹਿ ਸਾਰੇ,
ਲੋਗਨ ਕੋ ਬਰਜਾਹੀਂ[1] ਜੀ ॥੫੨॥

[1]ਸਹੁਰਾ ਤੇ ਨੂਹ।
[1]ਵਿਸ਼ੇ ਭੋਗਦੇ ਹਨ।
[1]ਨੂੰਹਾਂ ਨਾਲ।
[1]ਕਰਮ ਕਾਂਡੀ ਪੰਡਿਤ।
[1]ਰੋਕਦੇ ਹਨ।

ਬਰਸ ਦ੍ਵਾਦਸ ਕੀ ਲੜਕੀ,
ਸੁਤ ਜਨਤ ਪਤੀ ਮਨ ਭਾਏ ਲੈ।
ਬੇਟੀ ਬਹਿਨ ਤਈਂ ਬਹੁ ਬੇਚਤ,
ਘੋੜੀ ਜਸੋਂ ਮੁਲ ਪਾਏ ਲੈ।
ਅੜੀ ਮਾਰ[1] ਠਗ ਲੰਡੇ[2] ਲੁੱਚੇ[3]
ਲੋਲਪ[1] ਲੋਭੀ ਲੋਗ ਬਢੇ।
ਭਲੇ ਮਾਣਸਜੋਂ ਕੇ ਕੰਧਜੋਂ ਪਰ[1],
ਉੱਚੇ ਲੁੱਚੇ ਰਹਿਤ ਚਢੇ ॥੫੩॥

[1]ਜ਼ਿੱਦੀ। [2]ਬੇਹਯਾ। [3]ਬਦਮਾਸ਼।
[1]ਕਾਮੀ।
[1]ਮੋਢਿਆਂ ਉੱਪਰ।

ਬਰਣਾਸ਼੍ਰਮ ਕੇ ਧਰਮ ਇਸ਼ਟ ਨਿਜ,
ਸ਼ਰਧਾ ਭਗਤੀ ਦਾਨ ਤਜੇ।
ਬਿਨ ਬਿਬੇਕ ਮਤ ਚਲੇ ਅਨੇਕ,
ਛਿਨੇਕ[1] ਏਕ ਨਹਿਂ ਈਸ ਭਜੇ।

[1]ਇਕ ਛਿਨ ਵੀ।

ਧਾੜਵੀਓਂ ਸ਼ੇਰੋਂ ਬਘਜਾੜੋਂ,
ਕੀ ਬ੍ਰਿਤੀ ਨਹਿਂ ਗਹੈਂ ਕਬੈ।
ਪੈ ਇਸ ਸਮੇਂ ਬਹੁਤ ਨ੍ਰਿਪੋਂ ਨੈ,
ਇਹੀ ਬ੍ਰਿਤਿ ਰਾਖੀ ਗਹਿ ਹੈ।
ਔਰ ਕੂਕਰੈਂ ਸਮ ਅਚੂਕਰੈਂ,
ਕਾਰਦਾਰ ਘੁਰਕੈਂ ਖਹਿ ਹੈਂ[1] ॥ ੮੨ ॥

[1]ਹੋਰ (ਕਾਰਦਾਰ) ਕਰਮਚਾਰੀ ਕੁੱਤਿਆਂ ਵਾਂਗ ਬਿਨਾਂ ਉੱਕਣ ਤੋਂ ਘੁਰਕ ਕੇ ਭਾਵ ਘੂਰ ਕੇ ਖਾਂਦੇ ਹਨ।

ਰਾਜੇ ਸ਼ੀਂਹ ਮੁਕੱਦਮ ਕੁੱਤੇ[1],

[1]ਰਾਜੇ ਸ਼ੇਰ ਹਨ ਤੇ (ਮੁਕੱਦਮ) ਸੂਕਾਰੀ ਕਰਮਚਾਰੀ ਕੁੱਤਿਆਂ ਵਾਂਗ ਹਨ।

ਬਚਨ ਗੁਰੂ ਕਾ ਵਰਤੈ ਹੈ।
ਯਾਹੀਂ ਤੈ ਰੱਯਤ ਰਾਜਨੋਂ ਕੀ,
ਦੁਖੀ ਐਸ ਕਹਿਤੀ ਰੈਹੈ।
ਹੇ ਹਰਿ ਰਾਜ ਅੰਗ੍ਰੇਜ਼ੀ ਥੀਵੈ,
ਰਾਜਨ ਕੇ ਇਖਤਯਾਰ ਨਸੈਂ।
ਪਰਜਾ ਹੋਇ ਦੁਖੀ ਜਿਸ ਨ੍ਰਿਪ ਕੀ,
ਤਾਂ ਕੋ ਧੋਖੇ ਦੋਇ ਗ੍ਰਸੈਂ ॥ ੮੩ ॥
ਇਕ ਤੋ ਪਾਪ ਪ੍ਰਭੂ ਕੀ ਤਰਫੋਂ,
ਦੁਤੀ ਵਖਤ ਪਰ ਬਿਗਰ ਪਰੈਂ।
ਤਾਂ ਤੇ ਜਯਾਦੇ ਦੁਖ ਦੈਨਾ ਨਹਿਂ
ਭਰਾ, ਕਰਾ ਲੈਨਾ ਕੁ-ਤਰ੍ਹੈਂ[1]।

[1]ਇਸ ਵਾਸਤੇ ਖੋਟੀ ਤਰ੍ਹਾਂ (ਕਰ) ਮਾਮਲਾ ਲੈਣਾ ਤੇ ਬਹੁਤਾ ਦੁੱਖ ਦੇਣਾ ਚੰਗਾ ਨਹੀਂ ਹੈ।

ਕਾਰ ਬਿਹਾਰ ਚਲੇ ਹੀ ਜੈ ਹੈਂ,
ਤ੍ਰਿਸ਼ਨਾ ਕਬੀ ਨ ਕਾਂਹਿ ਭਰੀ[1]।

[1]ਪੂਰੀ ਨਹੀਂ ਹੋਈ।

ਅਧਿਕ ਆਇ ਤੌਂ ਅਧਿਕ ਖਰਚ ਹ੍ਵੈ,
ਦ੍ਰਿਸ਼ਟੀ ਰਖੈ ਨਿਬਾਹਿ ਖਰੀ[1] ॥ ੮੪ ॥

[1]ਚੰਗੇ ਨਿਰਬਾਹ ਦੀ ਦ੍ਰਿਸ਼ਟੀਰੱਖੇ।

ਅੰਗ੍ਰੇਜ਼ਨ ਕੀ ਓਰ ਪਿਖੋ ਸਭਿ,
ਤੌਰ ਗੌਰ[1] ਬਿਵਹਾਰ ਚਲੈਂ।

[1]ਚੰਗੇ ਤਰੀਕੇ ਨਾਲ।

ਅਰ ਪਰਜਾ ਭੀ ਹੈ ਸਭਿ ਰਾਜੀ,
ਦੇਤ ਅਸੀਸੈਂ ਸਦਾ ਭਲੈਂ ॥ ੮੫ ॥
ਦੋਹਰਾ:
ਪਰਜਾ ਨ੍ਰਿਪਨ ਕੇ ਕਹੇ,

ਬੇਸ਼ਕ[1] ਤੌ ਅਬਿ ਲੌ ਸੁੰਨਤ ਹੋਤੀ ਸਭਿ ਕੀ ॥ ੧੦੩ ॥
ਫੇਰ ਜਬਿ ਰਾਜ ਸਾਜ ਸਿੰਘਨ ਪੈ ਥਾ ਦਰਾਜ[1]
ਆਯੋ, ਕਾਜ ਹੋਨ ਲਾਗੇ ਸਾਜ ਕੈਂ ਗਰੂਰੈਂ ਥੇ[1]।
ਐਪੈ ਸਿੰਘੀ ਰੀਤਿ ਪ੍ਰੀਤਿ ਪਾਰਤੇ ਪ੍ਰਤੀਤ ਰਹੇ,
ਸੁੱਧ ਚੀਤ ਸੈਂ ਮਹੀਤ ਮੀਤ ਮੀਤ ਪੂਰੈਂ ਥੇ[1]।
ਦੇਵਤੇ ਕਮਾਈ ਮੈਂ ਸੇ ਦਸਵੰਧ ਗੁਰੁ ਹੇਤ,
ਅਸਨ ਬਸਨ ਸਿੱਖ ਸਾਧਨ ਕੋਰੂਰੈਂ ਥੇ[1]।
ਸੂਰੇ ਥੇ ਉਦਾਰ ਪੂਰੇ ਕੂਰੇ ਨਾ ਕਰੂਰੈਂ ਭਾਵੇਂ,
ਠੌਰ ਠੌਰ ਨੂਰ ਹੀ ਕੇ ਪੂਰੈ ਸੋ ਜਹੂਰੈਂ ਥੇ[1] ॥ ੧੦੪ ॥
ਕੀਰਤਨ ਕਥਾ ਪਾਠ ਗੁਰੁ ਗ੍ਰੰਥ ਜੀ ਕੇ ਥਾਟ,
ਜੋੜ ਮੇਲ ਠਾਟ[1], ਰਾਠ ਕਾਠ ਮੇਲ ਠਾਨੀ ਥੇ[2]।
ਹੋਮ ਜੱਗ ਕਰਵਾਤੇ ਪਰਸ਼ਾਦ ਬਟਵਾਤੇ
ਰੌਣਕ ਰਖਾਤੇ ਗਾਤੇ ਸਬਦ ਜੁ ਬਾਨੀ ਥੇ।
ਦੇਤੇ ਜੋ ਕਿਸਾਨ ਆਨਿ ਲੇਤੇ ਸਿੰਘ ਮੋਦ ਮਾਨ,
ਬੇਤੇ ਬ੍ਰਹਮ ਗਜਾਨ[1] ਤੈ ਉਪਾਸ਼ਕ ਮਹਾਨੀ ਥੇ।
ਦਾਨੀ ਥੇ ਇਮਾਨੀ ਥੇ ਗੁਮਾਨੀ ਬੀਰ ਮਾਨੀ ਥੇ[1],
ਸੁ ਦੇਵਗਨ ਸਾਨੀ ਥੇ[1] ਬਿਦੇਹੀ ਸਮ[2] ਗਜਾਨੀ ਥੇ ॥ ੧੦੫ ॥
ਨਿਜ ਨਿਜ ਗਾਮ ਮੈਂ ਤਮਾਮ ਥੇ ਹੁਕਮਰਾਨ,
ਹੱਨੇ ਹੱਨੇ ਬਾਦਸ਼ਾਹੀ ਭੋਗਤੇ ਸੁਤੰਤ ਥੇ[1]।
ਜਹਾਂ ਸਿੰਘ ਭਾਈ ਕੋ ਪਰੱਤ ਕਾਮ ਪਾਂਚ ਹੂੰ ਕੋ,
ਤਹਾਂ ਤੀਸ ਫੀਸ ਬਿਨ ਜਾਇ ਕੈ ਕਰੰਤ ਥੇ।
ਹੋਰ ਤੈ ਛੁਡਾਤੇ ਦੇਸ ਸੱਤ੍ਰੈਂ ਨਿਵਾਤੈ ਬੇਸ[1],

[1]ਬਿਨਾਂ ਸ਼ੱਕ ਤੋਂ (ਜਾਣੋ)।
[1]ਬਹੁਤ, ਵੱਡਾ।
[1](ਸਾਜ) ਸਾਜੋ ਸਾਮਾਨ ਕਰ ਕੇ (ਗਰੂਰੈਂ) ਗੌਰਵਤਾ ਵਾਲੇ ਸਨ।
[1]ਫੇਰ ਵੀ ਸਿੰਘਾਂ ਵਾਲੀਰੀਤ ਅਨੁਸਾਰ, ਪ੍ਰੀਤੀ ਤੇ ਭਰੋਸਾ ਪਾਲਦੇ ਰਹੇ, ਸ਼ੁੱਧ ਚਿੱਤ ਨਾਲ ਮਿੱਤ੍ਰਾਂ ਦੇ (ਮਹੀਤ) ਵੱਡੇ ਤੇ ਪੂਰੇ ਮਿੱਤ੍ਰ ਸਨ।
[1]ਸਿੱਖਾਂ ਸਾਧਾਂ ਨੂੰ ਸੁੰਦਰ ਭੋਜਨ ਤੇ ਬਸਤਰ ਦੇਂਦੇ ਸਨ।
[1]ਭਾਵੇਂ ਉਹ ਸ੍ਰੇਸ਼ਟ ਤੇ ਪੂਰੇ ਸੂਰਮੇਂ ਸਨ ਪਰ ਝੂਠੇ ਤੇ (ਕਰੂਰ) ਨਿਰਦਈ ਨਹੀਂ ਸਨ, ਜਗ੍ਹਾ ਜਗ੍ਹਾ ਉਹ ਪ੍ਰਕਾਸ਼ ਰੂਪ ਦੇ ਹੀ ਪੂਰੇ (ਜਹੂਰੈਂ) ਚਾਨਣ ਸਨ।
[1]ਕਰਦੇ ਸਨ। [2](ਕਾਠ) ਕਰੜੇ ਭਾਵ ਤਕੜੇ (ਰਾਠ) ਬਹਾਦਰ ਨਾਲ ਮੇਲ ਰਖਦੇ ਸਨ।
[1]ਬ੍ਰਹਮ ਗਿਆਨ ਦੇ ਜਾਨਣ ਵਾਲੇ ਸਨ।
[1]ਸਤਕਾਰ ਯੋਗ ਗੁਮਾਨੀ।
[1](ਅਣਖੀ) ਸੂਰਮੇਂ ਸਨ। ਸਾਰੇ ਚੰਗੇ ਦੇਵਤਿਆਂ (ਸਾਨੀ) ਵਰਗੇ ਸੀ। [2]ਜਨਕ ਵਾਂਗ।
[1]ਹੰਨੇ ਦਾ ਮਾਲਕ ਹਰ ਘੋੜ ਸਵਾਰ ਆਜ਼ਾਦ ਹੋ ਕੇ ਬਾਦਸ਼ਾਹੀ ਦਾ ਸੁਖ ਭੋਗਦਾ ਸੀ। (ਹੰਨਾ-ਘੋੜੇ ਦੀ ਕਾਠੀ ਦੇ ਅੱਗੇ ਲੱਕੜ ਦਾ ਹੱਥ ਪਾਉਣ ਵਾਲਾ ਦਸਤਾ)।
[1]ਬਹੁਤਾ।

ਸੂਸੀ ਦੀਆਂ ਕੱਛਾਂ ਗੋਡਜਾਂ ਤਕ ਨਾਲਾ ਧਰ ਹੈਂ।
ਲਾਚੇ[1] ਲੁੰਙੀ ਖੇਸ ਡੱਬੇ ਮੁਲਤਾਨੀ ਥੇ ਸੁ ਫੱਬੇ,
ਕ੍ਰਿਪਾ ਰਾਮੀਏ ਦੁਪੱਟੇ ਧਾਰਤੇ ਅਪਰ ਹੈਂ ॥ ੧੧੬ ॥

[1]ਮੋਟੀ ਬੁਣਤੀ ਦੀ ਚਾਦਰ ਜਿਸ ਦੇ ਸਿਰਿਆਂ ਉਪਰ ਲਾਲ ਸੂਤ ਜਾਂਰੇਸ਼ਮ ਦੇ ਪੱਲੇ ਹੁੰਦੇ ਹਨ।

ਔਰ ਸਰਦਾਰ ਜੇ ਮਝੈਲ ਥੇ ਅਪਾਰ ਤਬਿ,
ਮਤਸਰ[1] ਕਾਮ ਕੋਹ[2] ਛਲ ਛੋਹ ਮੈਂ ਬਹੇ[3]।
ਜੋਊ ਭੂਪ ਥਾਇ ਤਾਂਹਿ ਘਾਇ ਸੁਟੈਂ ਘਾਇ ਸਮ[1],
ਔਰ ਏਕ ਦੁਤੀ ਕੋ ਸੂਦਾਰ ਮਾਰ ਭੀ ਦਹੇਂ[1]।
ਯਾਂਹੀ ਤੈ ਸ਼ਿਤਾਬੀ ਥੀ ਖਰਾਬੀ ਅਈ ਸ਼ਾਹੀ ਗਈ,
ਮੇਵਾ ਖਾ ਪੰਜਾਬੀ ਫੂਟ ਜੋ ਕਿਤਾਬੀ ਭੀ ਕਹੇਂ[1]।

[1]ਈਰਖਾ। [2]ਕ੍ਰੋਧ। [3]ਖੋਭ 'ਚਰੁੜ੍ਹ ਗਏ।

[1]ਘਾਹ ਵਾਂਗ ਮਾਰ ਸੁੱਟਦੇ ਹਨ।

[1]ਮਾਰ ਕੇ ਸਾੜ ਵੀ ਦੇਂਦੇ ਹਨ।

[1]ਫੁੱਟ ਦਾ ਮੇਵਾ ਖਾ ਕੇ ਪੰਜਾਬ ਦੀ ਬਾਦਸ਼ਾਹੀ ਚਲੀ ਗਈ, ਕਿਤਾਬਾਂ ਵਾਲੇ (ਇਤਿਹਾਸਕਾਰ) ਵੀ ਕਹਿੰਦੇ ਹਨ।

ਦਿਜ ਤੀਆ ਬਾਲਕ ਮਾਲਕ ਜਬਿ ਹੋਹਿਂ ਜਹਾਂ,
ਕਸੋਂ ਨ ਫਿਰ ਬਾਂਸਨ ਜਸੋਂ ਖਹਿ ਜਰ ਹੀ ਰਹੇਂ[1] ॥ ੧੧੭ ॥

[1]ਕਿਉਂ ਨਾ ਬਾਂਸਾਂ ਵਾਂਗ (ਆਪਸ ਵਿੱਚ) ਖਹਿ ਖਹਿ ਕੇ (ਜਰ) ਸੜਦੇ ਹੀਰਹਿਣ।

ਥੀਓ ਜਬਿ ਰਾਜ ਅੰਗ੍ਰੇਜ਼ੀ ਤੇਜੀ ਔਰੈਂ ਥਈ,
ਗਈ ਰੀਤ ਨੀਤਿ ਪੁਰਾ ਨਈ ਤੌਰ ਕੀ ਠਈ[1]।

[1](ਜ਼ਮਾਨੇ ਦੀ ਚਾਲ) ਹੋਰ ਤੇਜ਼ ਹੋ ਗਈ, ਪਹਿਲੀਰੀਤੀ ਤੇ ਨੀਤੀ ਚਲੀ ਗਈ ਤੇ ਨਵੇਂ ਢੰਗ ਦੀ ਹੋਰ ਬਣ ਗਈ।

ਪਕਰਿ ਪਠਾਏ ਸਰਦਾਰ ਬਹੁ ਪੂਰਬ ਕੋ,
ਜਬਤ ਜਗੀਰੈਂ ਕਰਿ ਪਿਨਸ਼ਨ ਲਾ ਦਈ।
ਹੀਨ ਹਯਾਤ[1] ਕਿਨ ਹੂੰ ਕੀ ਆਧ ਯਾਂ ਚੁਥਾਈ ਥਾਈ,
ਉਥਲ ਪੁਥਲ[1] ਦੇਸ਼ ਮੈਂ ਬਿਸੇਸ ਹੂੰ ਥਈ।
ਸਰਦਾਰੀ ਗਈ ਹਾਰ ਜਿਮੀਦਾਰੀ ਪਈ ਪਾਰ[1]
ਕ੍ਰਿਤੀਓਂ ਕੀ ਥਈ ਸਾਰ[1] ਨੀਚੈਂ ਉਚਤਾ ਲਈ ॥ ੧੧੮ ॥

[1]ਜ਼ਿੰਦਗੀ ਦੇ ਮਗਰੋਂ।

[1]ਉਲੱਦ ਪੁਲੱਦ।

[1]ਭਾਵ ਜ਼ਿਮੀਂਦਾਰ ਕਾਮਯਾਬ ਹੋ ਗਏ।

[1]ਸਾਂਭ ਸੰਭਾਲ ਹੋ ਗਈ।

ਮਾਨ ਖਾਨਦਾਨ ਤੈ ਕਦਾਮਤੈਂ ਕੋ ਨਾ ਰਹਾਨ,
ਬਾਜੀ ਜੀਤ ਗਏ ਪਾਜੀ ਲਜਾਕਤ ਸੁ ਬਲ ਕੈ[1]।

[1](ਕਦਾਮਤੈਂ) ਪੁਰਾਣਾ ਤੇ ਖ਼ਾਨਦਾਨੀ (ਮਾਨ) ਸਤਿਕਾਰ ਕੋਈ ਨਾ ਰਿਹਾ, ਲਿਆਕਤ (ਯੋਗਤਾ) ਦੇ ਬਲ ਨਾਲ (ਪਾਜੀ) ਕਾਇਰ ਵੀ ਬਾਜ਼ੀ ਜਿੱਤ ਗਏ।

ਫਾਰਸੀ ਹਾਰ ਸੀ ਗਈ, ਤੇਜੀ ਅੰਗ੍ਰੇਜ਼ੀ ਲਈ,

